ਸਤਾਰਵਾਂ ਸਾਲ

PARDES TIMES

17th year in Publication

# ਪਰਦੇਸ ਟਾਇਮਜ਼

ਬਲਬੀਰ ਸਿੰਘ ਐਮ ਏ (ਮੁਖ ਸੰਪਾਦਕ)

www.pardestimes.com

ਮਾਂ ਬੋਲੀ ਨੂੰ ਸਮਰਪਿਤ

pardestimes

ਰਣਜੀਤ ਕੰਦੋਲਾ ਐਮ. ਬੀ. ਏ. ਮੈਨੇਜਿੰਗ ਐਡੀਟਰ

VOL- 17 No. 418 March 8, 2023 E-mali : info@pardestimes.com Ph 510-938-7771, 510-516-3536

## ਵਿਦੇਸ਼ੀ ਵਿਦਿਆਰਥੀਆਂ ਨੂੰ ਵੀਜ਼ਾ ਦੇਣ ਦੀ ਪ੍ਰਕਿਰਿਆ ਹੋਵੇਗੀ ਤੇਜ਼

ਨਿਊਯਾਰਕ- ਇਮੀਗ੍ਰੇਸ਼ਨ ਸੇਵਾਵਾਂ ਲਈ ਜ਼ਿੰਮੇਵਾਰ ਅਮਰੀਕੀ ਏਜੰਸੀ ਨੇ ਐਲਾਨ ਕੀਤਾ ਹੈ ਕਿ ਅਮਰੀਕਾ ਨੂੰ ਵਿੱਤੀ ਵਰ੍ਹੇ 2023 ਦੀ ਦੂਜੀ ਛਿਮਾਹੀ ਲਈ ਐੱਚ2ਬੀ ਵੀਜ਼ੇ ਲਈ ਨਿਰਧਾਰਤ ਗਿਣਤੀ ਦੇ ਹਿਸਾਬ ਨਾਲ ਲੋੜੀਂਦੇ ਬਿਨੈ ਮਿਲ ਚੁੱਕੇ ਹਨ। ਐੱਚ2ਬੀ ਵੀਜ਼ਾ ਮੌਸਮੀ/ਅਸਥਾਈ ਨੌਕਰੀਆਂ ਲਈ ਜਾਰੀ ਕੀਤਾ ਜਾਂਦਾ ਹੈ, ਜੋ ਨੌਕਰੀਆਂ ਦੇਣ ਵਾਲਿਆਂ ਨੂੰ ਅਮਰੀਕਾ ਵਿਚ ਕਾਮਿਆਂ ਦੀ ਘਾਟ ਨੂੰ ਪੂਰਾ ਕਰਨ ਲਈ ਕੁਸ਼ਲ ਤੇ ਹੋਰ ਕਾਮਿਆਂ ਨੂੰ ਨਿਯੁਕਤ ਕਰਨ ਦੀ ਇਜਾਜ਼ਤ ਦਿੰਦਾ ਹੈ।



ਅਮਰੀਕਾ ਨੇ ਅੰਤਰਰਾਸ਼ਟਰੀ ਵਿਦਿਆਰਥੀਆਂ ਦੀਆਂ ਕੁਝ ਸ਼੍ਰੇਣੀਆਂ ਲਈ ਅਰਜ਼ੀਆਂ ਦੀ ਪ੍ਰੀਮੀਅਮ ਪ੍ਰੋਸੈਸਿੰਗ (ਵੀਜ਼ੇ ਤੇਜ਼ੀ ਨਾਲ ਜਾਰੀ ਕਰਨ) ਦਾ ਵੀ ਐਲਾਨ ਕੀਤਾ, ਜਿਸ ਨਾਲ ਵਿਦਿਆਰਥੀਆਂ ਲਈ ਅਮਰੀਕਾ ਵਿੱਚ (ਵਿਗਿਆਨ, ਤਕਨਾਲੋਜੀ, ਇੰਜਨੀਅਰਿੰਗ ਅਤੇ ਗਣਿਤ) ਵਿਸ਼ਿਆਂ ਦਾ ਅਧਿਐਨ ਕਰਨ ਲਈ ਆਉਣ ਵਾਲੇ ਭਾਰਤੀ ਵਿਦਿਆਰਥੀਆਂ ਨੂੰ ਲਾਭ ਮਿਲਣ ਦੀ ਸੰਭਾਵਨਾ ਹੈ।

ਯੂਐੱਸ ਸਿਟੀਜ਼ਨਸ਼ਿਪ ਐਂਡ ਇਮੀਗ੍ਰੇਸ਼ਨ ਸਰਵਿਸਿਜ਼ ਨੇ ਕਿਹਾ ਕਿ 27 ਫਰਵਰੀ ਐੱਚ2ਬੀ ਵੀਜ਼ੇ ਦੀ ਨਵੀਂ ਤੈਅ ਸੀਮਾ ਲਈ ਵਰਕਰਾਂ ਵੱਲੋਂ ਬਿਨੈ ਭੇਜਣ ਦੀ ਆਖ਼ਰੀ ਤਰੀਕ ਸੀ। ਇਸ ਵਿਚ ਇਕ ਅਪ੍ਰੈਲ ਜਾਂ ਉਸ ਤੋਂ ਬਾਅਦ ਅਤੇ ਪਹਿਲੀ ਅਕਤੂਬਰ ਤੋਂ ਪਹਿਲਾਂ ਰੁਜ਼ਗਾਰ ਸ਼ੁਰੂ ਕਰਨ ਦੀ ਤਰੀਕ ਦੀ ਅਪੀਲ ਕੀਤੀ ਗਈ ਸੀ। ਵਰਤਮਾਨ ਵਿਚ ਐੱਚ2ਬੀ ਵੀਜ਼ੇ ਲਈ 66,000 ਬਿਨੈ ਸਾਲਾਨਾ ਨਿਰਧਾਰਤ ਹਨ। ਇਸ ਵਿਚ ਪਹਿਲੀ ਛਿਮਾਹੀ (ਪਹਿਲੀ ਅਕਤੂਬਰ-31 ਮਾਰਚ) ਵਿਚ ਰੁਜ਼ਗਾਰ ਸ਼ੁਰੂ ਕਰਨ ਵਾਲੇ ਮਜ਼ਦੂਰਾਂ ਲਈ 33,000 ਜਦਕਿ ਬਾਕੀ 33,000 ਦੂਜੀ ਛਿਮਾਹੀ (ਪਹਿਲੀ ਅਪ੍ਰੈਲ-ਸਤੰਬਰ 30) ਵਿਚ ਰੁਜ਼ਗਾਰ ਸ਼ੁਰੂ ਕਰਨ ਵਾਲੇ ਕਾਮਿਆਂ ਲਈ ਰਾਖਵੇਂ ਹਨ।

## ਪੰਜਾਬ ਦੀ ਅਮਨ-ਸ਼ਾਂਤੀ ਨੂੰ ਕੋਈ ਖਤਰਾ ਨਹੀਂ ਆਉਣ ਦਿਆਂਗੇ- ਭਗਵੰਤ ਮਾਨ

### ਅੰਮ੍ਰਿਤਪਾਲ ਤੇ ਉਸ ਦੇ ਸਮਰਥਕਾਂ ਦੇ ਅਸਲਾ ਲਾਇਸੈਂਸ ਰੱਦ ਕਰਨ ਦੀ ਤਿਆਰੀ

ਚੰਡੀਗੜ੍ਹ- ਪੰਜਾਬ ਵਿਧਾਨ ਸਭਾ 'ਚ ਬਜਟ ਸੈਸ਼ਨ 'ਚ ਇਸ ਵਾਰ ਪੰਜਾਬ ਦੇ ਅਮਨ-ਕਾਨੂੰਨ ਦੀ ਸਥਿਤੀ 'ਤੇ ਸੱਤਾਧਾਰੀ ਅਤੇ ਵਿਰੋਧੀ ਧਿਰਾਂ ਆਹਮੋ-ਸਾਹਮਣੇ ਰਹੀਆਂ ਅਤੇ ਹਮਲਾਵਰ ਰੁਖ਼ ਰੱਖਿਆ। ਮੁੱਖ ਮੰਤਰੀ ਭਗਵੰਤ ਮਾਨ ਨੇ ਬਹਿਸ ਨੂੰ ਸਮੇਟਦਿਆਂ ਜਿੱਥੇ ਪੰਜਾਬ ਦੀ ਤ੍ਰਾਸਦੀ ਲਈ ਵਿਰੋਧੀਆਂ ਨੂੰ ਨਿਸ਼ਾਨੇ 'ਤੇ ਲਿਆ, ਉੱਥੇ ਉਨ੍ਹਾਂ ਨੇ 'ਆਪ' ਸਰਕਾਰ ਦੇ ਇੱਕ ਵਰ੍ਹੇ ਦੇ ਕਾਰਜਕਾਲ ਦੀਆਂ ਪ੍ਰਾਪਤੀਆਂ ਨੂੰ ਵੀ ਉਜਾਗਰ ਕੀਤਾ। ਉਧਰ ਮੁੱਖ ਵਿਰੋਧੀ ਧਿਰ ਕਾਂਗਰਸ ਮੁੱਖ ਮੰਤਰੀ ਦੇ ਭਾਸ਼ਣ ਤੋਂ ਪਹਿਲਾਂ ਹੀ ਸਦਨ 'ਚੋਂ ਵਾਕਆਊਟ ਕਰ ਗਈ ਜਦੋਂ ਕਿ ਸ਼੍ਰੋਮਣੀ ਅਕਾਲੀ ਦਲ ਅਤੇ ਬਸਪਾ ਵਿਧਾਇਕ ਨੇ ਬਹਿਸ ਨੂੰ ਗਹੁ ਨਾਲ ਸੁਣਿਆ। ਵਿਰੋਧੀ ਧਿਰ ਵੱਲੋਂ ਚੁੱਕੇ ਮੁੱਦਿਆਂ ਦੇ ਜਵਾਬ ਵਿਚ ਮੁੱਖ ਮੰਤਰੀ ਨੇ ਕਾਂਗਰਸ 'ਤੇ ਤਿੱਖੇ ਹਮਲੇ ਕੀਤੇ। ਮੁੱਖ ਮੰਤਰੀ ਨੇ ਵਿਰੋਧੀ ਧਿਰ ਦੀ ਗੈਰਮੌਜੂਦਗੀ ਵਿੱਚ ਪੰਜਾਬ ਦੀ ਦੁਰਦਸ਼ਾ ਲਈ ਪਿਛਲੀਆਂ ਸਰਕਾਰਾਂ ਨੂੰ ਜ਼ਿੰਮੇਵਾਰ ਦੱਸਿਆ। ਬਹਿਸ ਦੇ ਆਖ਼ਰੀ ਪੜਾਅ 'ਤੇ ਮੁੱਖ ਮੰਤਰੀ ਭਗਵੰਤ ਮਾਨ ਅਤੇ ਖੇਤੀ ਮੰਤਰੀ ਕੁਲਦੀਪ ਸਿੰਘ ਧਾਲੀਵਾਲ, ਸਿੰਜਾਈ ਮੰਤਰੀ ਗੁਰਮੀਤ ਸਿੰਘ ਮੀਤ ਹੇਅਰ ਅਤੇ ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਨੇ ਕਾਂਗਰਸ ਦੇ ਵਿਧਾਇਕਾਂ ਨੂੰ ਭ੍ਰਿਸ਼ਟਾਚਾਰ, ਪੰਚਾਇਤੀ ਜ਼ਮੀਨਾਂ 'ਤੇ ਕਬਜ਼ਿਆਂ, ਗ਼ੈਰਕਾਨੂੰਨੀ ਮਾਈਨਿੰਗ ਅਤੇ 'ਗ਼ਲਤ ਸੂਚਨਾ ਨਾਲ ਗੁਮਰਾਹ ਕਰਨ ਨੂੰ ਲੈ ਕੇ ਨਿਸ਼ਾਨੇ 'ਤੇ ਰੱਖਿਆ। ਮਾਨ ਨੇ ਜਵਾਬੀ ਹਮਲੇ 'ਚ ਖੇਤੀ, ਕਾਨੂੰਨ ਵਿਵਸਥਾ, ਬੇਅਦਬੀ ਮਾਮਲੇ, ਸਨਅਤੀ ਵਿਕਾਸ, ਸਿੱਖਿਆ ਆਦਿ 'ਤੇ ਫੋਕਸ ਕੀਤਾ। ਮੁੱਖ ਮੰਤਰੀ ਨੇ 'ਵਾਰਿਸ ਪੰਜਾਬ ਦੇ' ਆਗੂ ਅੰਮ੍ਰਿਤਪਾਲ ਸਿੰਘ ਅਤੇ ਅਜਨਾਲਾ ਘਟਨਾ ਬਾਰੇ ਬੇਸ਼ੱਕ ਕੋਈ ਸ਼ਬਦ ਨਹੀਂ ਬੋਲਿਆ ਪ੍ਰੰਤੂ ਉਨ੍ਹਾਂ ਪੰਜਾਬ ਵਿਚ ਸਥਿਤੀ ਪੂਰੀ ਤਰ੍ਹਾਂ ਕੰਟਰੋਲ ਹੇਠ ਹੋਣ ਦਾ ਦਾਅਵਾ ਕੀਤਾ। ਉਨ੍ਹਾਂ ਨੇ ਅਮਨ ਕਾਨੂੰਨ ਵਿਵਸਥਾ ਦੇ ਮੁੱਦੇ 'ਤੇ ਵਿਰੋਧੀ ਧਿਰਾਂ ਨੂੰ ਵੰਗਾਰਦਿਆਂ ਕਿਹਾ ਕਿ ਸੂਬੇ ਵਿਚ ਕਾਨੂੰਨ ਵਿਵਸਥਾ ਕਾਇਮ ਰੱਖੀ ਜਾਵੇਗੀ ਅਤੇ ਇਸ ਨਾਲ ਕਿਸੇ ਨੂੰ ਛੇੜਛਾੜ ਕਰਨ ਦੀ ਇਜਾਜ਼ਤ ਨਹੀਂ ਦਿਆਂਗੇ। ਉਨ੍ਹਾਂ 'ਇੰਡੀਆ ਟੂਡੇ' ਰਸਾਲੇ ਦੇ ਜਨਵਰੀ ਅੰਕ ਦੇ ਹਵਾਲੇ ਨਾਲ ਕਿਹਾ ਕਿ ਪੰਜਾਬ ਦੀ ਕਾਨੂੰਨ ਵਿਵਸਥਾ ਭਾਜਪਾ ਤੇ ਕਾਂਗਰਸ ਦੇ ਸ਼ਾਸਨ ਵਾਲੇ ਕਈ ਸੂਬਿਆਂ ਨਾਲੋਂ ਕਿਤੇ ਬਿਹਤਰ ਹੈ। ਮੁੱਖ ਮੰਤਰੀ ਨੇ ਕਿਹਾ ਕਿ ਵਿਰੋਧੀ ਆਗੂ ਕਾਨੂੰਨ ਵਿਵਸਥਾ ਬਾਰੇ ਗੁੰਮਰਾਹਕੁਨ ਪ੍ਰਚਾਰ ਤੋਂ ਬਾਜ਼ ਆਉਣ। ਉਨ੍ਹਾਂ ਕਿਹਾ ਕਿ ਬੇਅਦਬੀ ਦੇ ਮਾਮਲਿਆਂ ਵਿਚ ਦੋਸ਼ੀਆਂ ਨੂੰ ਸਜ਼ਾ ਮਿਲੇਗੀ ਜਿਸ ਨਾਲ ਲੋਕਾਂ ਦੇ ਹਿਰਦੇ ਠਰਨਗੇ। ਉਨ੍ਹਾਂ ਕਿਹਾ ਕਿ ਸੂਬਾ ਸਰਕਾਰ ਨੇ ਕੇਂਦਰ ਨੂੰ ਲਿਖਿਆ ਹੈ ਕਿ ਭਵਿੱਖ 'ਚ ਬੇਅਦਬੀ ਕਰਨ ਵਾਲਿਆਂ ਲਈ ਫਾਂਸੀ ਜਾਂ 20 ਸਾਲ ਦੀ ਸਜ਼ਾ ਦੀ ਵਿਵਸਥਾ ਕੀਤੀ ਜਾਵੇ। ਮੁੱਖ ਮੰਤਰੀ ਨੇ ਕਿਹਾ ਕਿ ਜਿਨ੍ਹਾਂ ਆਗੂਆਂ ਨੇ ਐੱਸਵਾਈਐੱਲ ਸਮੇਤ ਲੋਕ ਵਿਰੋਧੀ ਫ਼ੈਸਲੇ ਲਏ, ਉਨ੍ਹਾਂ ਨੂੰ ਲੋਕਾਂ ਨੇ ਨਕਾਰ ਦਿੱਤਾ।



ਇੱਧਰ 'ਵਾਰਿਸ ਪੰਜਾਬ ਦੇ' ਜਥੇਬੰਦੀ ਦੇ ਮੁਖੀ ਅੰਮ੍ਰਿਤਪਾਲ ਤੇ ਉਸ ਦੇ ਸਮਰਥਕਾਂ ਵੱਲੋਂ ਅਜਨਾਲਾ ਥਾਣੇ ਉੱਤੇ ਬੋਲੇ ਧਾਵੇ ਮਗਰੋਂ ਪੰਜਾਬ ਸਰਕਾਰ ਨੇ ਹੁਣ ਇਨ੍ਹਾਂ ਦੇ ਅਸਲਾ ਲਾਇਸੈਂਸ ਰੱਦ ਕਰਨ ਦੀ ਤਿਆਰੀ ਖਿੱਚ ਲਈ ਹੈ। ਅੰਮ੍ਰਿਤਪਾਲ ਤੇ ਉਸ ਦੀ ਸੁਰੱਖਿਆ ਗਾਰਦ ਵਿੱਚ ਸ਼ਾਮਲ ਅੱਠ ਹਮਾਇਤੀਆਂ ਦੇ ਅਸਲਾ ਲਾਇਸੈਂਸਾਂ 'ਤੇ ਨਜ਼ਰਸਾਨੀ ਦੇ ਹੁਕਮ ਦਿੱਤੇ ਗਏ ਹਨ। ਇਥੇ ਦਿਲਚਸਪ ਤੱਥ ਹੈ ਕਿ ਇਨ੍ਹਾਂ ਵਿਚੋਂ ਦੋ ਹਮਾਇਤੀ ਭਾਵੇਂ ਪੰਜਾਬ ਦੇ ਵਸਨੀਕ ਹਨ, ਪਰ ਉਨ੍ਹਾਂ ਅਸਲਾ ਲਾਇਸੈਂਸ ਅਤਿਵਾਦ ਦੇ ਝੰਬੇ ਜੰਮੂ ਕਸ਼ਮੀਰ ਤੋਂ ਲਏ ਹਨ। ਅੰਮ੍ਰਿਤਪਾਲ ਦੇ ਇਕ ਹੋਰ ਹਮਾਇਤੀ ਗੁਰਭੇਜ ਸਿੰਘ ਵਾਸੀ ਬਾਜਾਖਾਨਾ(ਫਰੀਦਕੋਟ) ਦਾ ਲਾਇਸੈਂਸ 20 ਫਰਵਰੀ ਨੂੰ ਪਹਿਲਾਂ ਹੀ ਰੱਦ ਕੀਤਾ ਜਾ ਚੁੱਕਾ ਹੈ। ਉਸ ਕੋਲ .32 ਬੋਰ ਰਿਵਾਲਵਰ ਤੇ .315 ਬੋਰ ਰਾਈਫਲ ਦਾ ਲਾਇਸੈਂਸ ਸੀ। ਅੰਮ੍ਰਿਤਪਾਲ ਦੇ ਦੋ ਹੋਰ ਸਮਰਥਕ ਵਰਿੰਦਰ ਸਿੰਘ ਤੇ ਤਲਵਿੰਦਰ ਸਿੰਘ ਤਰਨ ਤਾਰਨ ਦੇ ਵਸਨੀਕ ਹਨ, ਪਰ ਉਨ੍ਹਾਂ ਨੂੰ ਅਸਲਾ ਲਾਇਸੈਂਸ ਕ੍ਰਮਵਾਰ ਕਿਸ਼ਤਵਾੜ ਤੇ ਜੰਮੂ ਤੋਂ ਜਾਰੀ ਕੀਤੇ ਗਏ ਹਨ।

Padam Builders Inc.
ਸਾਡੇ ਕੰਮ ਦੀ 100 ਪ੍ਰਤੀਸ਼ਤ ਗਰੰਟੀ
ਅਸੀਂ ਨਵੇਂ ਮਕਾਨ, ਗੈਸ ਸਟੇਸ਼ਨ, ਮੋਲ, ਸ਼ੋਅਰੂਮ ਅਤੇ ਹਰ ਤਰ੍ਹਾਂ ਦੀ ਕੰਸਟ੍ਰਕਸ਼ਨ ਦਾ ਕੰਮ ਫਾਊਂਡੇਸ਼ਨ ਤੋਂ ਲੈ ਕੇ ਮੁਕੰਮਲ ਹੋਣ ਤੱਕ ਕਰਦੇ ਹਾਂ।
Bhupinder Singh Padam
email: padambuilders@gmail.com
Licensed # 1019803
CELL 510-565-6667
3143 ARDEN ROAD, HAYWARD CA- 94545

Joshi Law Firm
Attorneys at Law ਅਟਾਰਨੀ ਐਟ ਲਾਅ
www.joshilawfirm.com info@joshilawfirm.com
ਇਮੀਗ੍ਰੇਸ਼ਨ ਡਿਪੋਰਟੇਸ਼ਨ ਅਸਾਈਲਮ ਸਿਟੀਜ਼ਨਸ਼ਿਪ ਗਰੀਨ ਕਾਰਡ ਫੈਮਲੀ ਪਟੀਸ਼ਨ ਵਿਆਹ ਦੇ
ਆਧਾਰ ਤੇ ਗਰੀਨ ਕਾਰਡ ਐਡਜਸਟਮੈਂਟ ਆਫ ਸਟੇਟਸ ਫੈਮਲੀ ਲਾਅ ਤਲਾਕ ਦੀ
ਪਟੀਸ਼ਨ ਬੱਚੇ ਦੀ ਕਸਟਡੀ ਭੱਤਾ ਜਾਂ ਖਰਚਾ ਬੱਚਿਆਂ ਲਈ ਖਰਚਾ
TANVIR JOSHI
SBN: 302226
(559) 312-0083 (O) (888) 630-1230 (F)
516 W. SHAW AVE STE 200 FRESNO, CA 93704

COVERED CALIFORNIA
Certified Insurance Agent
Global Green INSURANCE AGENCY
ਹੈਲਥ ਇੰਸ਼ੋਰੈਂਸ ਕਰਵਾਉਣ ਲਈ ਸੰਪਰਕ ਕਰੋ
ਗੁਰਦਾਵਰ ਸਿੰਘ ਮਾਨ, ਗੁਰਚਰਨ ਸਿੰਘ ਮਾਨ
510-487-1000
Agent License# 0C70672
Gurdawar Singh Mann mann@ggiaba.com www.ggiaba.com Gurcharan Singh Mann
Mann Insurance Brokers Inc.
32146 Alvarado Blvd, Union City, CA 94587

ਜਸਪਰੀਤ ਸਿੰਘ
ਅਟਾਰਨੀ ਐਟ ਲਾਅ, ਨਿਊਯਾਰਕ ਤੇ ਕੈਲੀਫੋਰਨੀਆ
ਰਫਿਊਜੀ ਸਟੇਅ, ਬੱਚਾ ਗੋਦ ਲੈਣਾ, ਡਿਪੋਰਟੇਸ਼ਨ, ਵਿਆਹ, ਐਚ ਵਨ, ਐਲ ਵਨ, ਲੇਬਰ ਸਰਟੀਫਿਕੇਸ਼ਨ ਦੀ ਮੁਫਤ ਸਲਾਹ ਲਈ ਸੰਪਰਕ ਕਰੋ
ਕੈਲੀਫੋਰਨੀਆ ਦਫਤਰ: 3155 Kearney Street Fremont , CA 94538 510-657-6444
ਨਿਊਯਾਰਕ ਦਫਤਰ: 37-18-73rd ST. Ste 401 Jackson Height. NY 11372 718-533-8444
ਸੈਕਰਾਮੈਂਟੋ ਦਫਤਰ: 2945 W. Capitol Ave. West Sacramento CA-95691 916-372-448
ਫਰਿਜ਼ਨੋ ਦਫਤਰ: 4491 w. Shaw Ave # 300B Near Costco Fresno, CA 93722 phone 559-271-5511

See me today and get the discounts and service you deserve
STATE FARM INSURANCE
Gurbinder S Mavi
Insurance Lic# 0F22244
Bus: 650-326-0660, Cell : 408-829-6284
988 El Monte Ave Mountain View, CA 94040
Like a Good Neighbor, State Farm is There www.gmavi.com
State farm mutual Automobile Insurance Company. State Farm Indemnity Company Bloomington. IL

Allstate. You're in good hands.
Avninder Singh
Insurance Specialist, CA Lic. # 0822501
Auto - Home - Life - Health - Business - Commercial
PH.(510) 441-7490
Toll free (877) 441-7490
30042 MISSION BLVD. SUITE 221 HAYWARD, CA 94544

Raj Budwal
(Investment and Fiancial Advisor)
408-972-8000,
408-835-0202 (Cell)
Budwal and Associates
329 Piercy Road, San Jose, CA 95138
8350202@gmail.com



## ਗੁਰਦੁਆਰਾ ਸਾਹਿਬ ਫਰੀਮਾਂਟ, ਕੈਲੇਫੋਰਨੀਆ ਚੋਣਾਂ (12 ਮਾਰਚ 2023, ਦਿਨ ਐਤਵਾਰ)

# ਸਿੱਖ ਸੰਗਤ ਬੇ ਏਰੀਆ ਸਲੇਟ ਦੇ ਸੁਪਰੀਮ ਕੌਂਸਲ ਉਮੀਦਵਾਰਾਂ ਬਾਰੇ ਦੋ ਸ਼ਬਦ

## ਭਾਈ ਕੁਲਜੀਤ ਸਿੰਘ

### ਉਮੀਦਵਾਰ ਸੁਪਰੀਮ ਕੌਂਸਲ ਮੈਂਬਰ

### ਗੁਰਦੁਆਰਾ ਸਾਹਿਬ ਫਰੀਮਾਂਟ



ਭਾਈ ਕੁਲਜੀਤ ਸਿੰਘ ਪੰਥਕ ਪਰਿਵਾਰ ਨਾਲ ਸਬੰਧਤ ਹਨ। ਆਪ ਜੀ ਸਿੱਖ ਸੰਗਤ ਬੇ ਏਰੀਆ ਸਲੇਟ ਵੱਲੋਂ ਸੁਪਰੀਮ ਕੌਂਸਲ ਲਈ ਉਮੀਦਵਾਰ ਹਨ। ਆਪ ਜੀ ਨੇ ਲਾਇਲਪੁਰ ਖਾਲਸਾ ਕਾਲਜ ਜਲੰਧਰ ਤੋਂ ਐਮ. ਏ. ਇਕਨਾਮਿਕਸ ਦੀ ਡਿਗਰੀ ਹਾਸਲ ਕੀਤੀ। ਆਪ ਜੀ 1992 ਤੋਂ ਬੇ ਏਰੀਆ ਵਿਚ ਰਹਿ ਰਹੇ ਹਨ। ਆਪ ਜੀ ਦਾ ਨਾਮ ਪੰਥਕ ਸਫਾਂ ਵਿਚ ਜਾਣਿਆ ਪਛਾਣਿਆ ਹੈ। ਆਪ ਜੀ ਕਾਲਜ ਦਿਨਾਂ ਤੋਂ ਹੀ ਸਿੱਖ ਸੰਘਰਸ਼ ਨਾਲ ਜੁੜੇ ਰਹੇ ਹਨ। ਅੱਜ ਵੀ ਨਿਰੰਤਰ ਸਿੱਖੀ ਸੇਵਾਵਾਂ ਨਿਭਾਉਂਦੇ ਆ ਰਹੇ ਹਨ। ਆਪ ਜੀ ਇਕ ਸਫਲ ਕਾਰੋਬਾਰੀ ਹਨ। ਆਪ ਜੀ ਨੇ ਗੁਰਦੁਆਰਾ ਸਾਹਿਬ ਫਰੀਮਾਂਟ ਲਈ ਸੁਪਰੀਮ ਕੌਂਸਲ ਮੈਂਬਰ ਵਜੋਂ 2005, 2006 ਅਤੇ 2018 ਵਿਚ ਸੇਵਾਵਾਂ ਨਿਭਾਈਆਂ। ਹੱਕ, ਸੱਚ ਅਤੇ ਇਨਸਾਫ ਲਈ ਜੂਝਦੇ ਰਹਿਣ ਵਾਲੀ ਆਪ ਜੀ ਦੀ ਬਿਰਤੀ ਹੈ। ਅੱਜ ਦੀ ਸਿੱਖ ਪੰਚਾਇਤ ਦੇ ਮੌਜੂਦਾ ਆਗੂਆਂ ਨੇ 2002 'ਚ ਗੁਰੂ ਘਰ ਉਪਰ ਉਮਰ ਭਰ ਲਈ ਕਬਜ਼ਾ ਕਰਨ ਦੀ ਸਾਜਿਸ਼ ਰਚੀ ਸੀ। ਭਾਈ ਕੁਲਜੀਤ ਸਿੰਘ ਅਤੇ ਇਹਨਾਂ ਦੇ ਸਾਥੀਆਂ ਵੱਲੋਂ ਬੜੀ ਲੰਬੀ, ਕਾਨੂੰਨੀ ਖਰਚੀਲੀ ਲੜਾਈ ਲੜੀ ਗਈ ਅਤੇ ਇਹਨਾਂ ਨੇ ਉਸ ਸਾਜਿਸ਼ ਨੂੰ ਬੇਨਕਾਬ ਕਰਕੇ ਗੁਰੂ ਘਰ ਵਿਚ ਚੋਣਾਂ ਕਰਵਾਈਆਂ। ਜਦ ਮਾਰਚ 2020 ਦੀਆਂ ਗੁਰੂ ਘਰ ਫਰੀਮਾਂਟ ਦੀਆਂ ਚੋਣਾਂ ਵਿਚ ਸਿੱਖ ਪੰਚਾਇਤੀਆਂ ਨੇ ਕਥਿਤ ਧਾਂਦਲੀਆਂ ਕੀਤੀਆਂ ਤਾਂ ਭਾਈ ਕੁਲਜੀਤ ਸਿੰਘ ਇਹਨਾਂ ਧਾਂਦਲੀਆਂ ਖ਼ਿਲਾਫ਼ ਡਟ ਕੇ ਖੜ੍ਹੇ ਰਹੇ ਅਤੇ ਅੱਜ ਵੀ ਸਿੱਖ ਸੰਗਤ ਨੂੰ ਇਨਸਾਫ ਦਿਵਾਉਣ ਲਈ ਸੰਘਰਸ਼ਸ਼ੀਲ ਹਨ। ਆਪ ਸੰਗਤ ਅੱਗੇ ਬੇਨਤੀ ਹੈ ਕਿ ਅਜਿਹੇ ਜੁਝਾਰੂ ਸਿੱਖ ਆਗੂ ਨੂੰ ਵੋਟਾਂ ਪਾ ਕੇ ਜਿਤਾਓ ਤਾਂ ਕਿ ਗੁਰੂ ਘਰ ਦਾ ਪ੍ਰਬੰਧ ਸੁਚਾਰੂ ਢੰਗ ਨਾਲ ਚਲਾਇਆ ਜਾ ਸਕੇ।

## ਭਾਈ ਹਰਮਿੰਦਰ ਪਾਲ ਸਿੰਘ

### ਉਮੀਦਵਾਰ ਸੁਪਰੀਮ ਕੌਂਸਲ ਮੈਂਬਰ

### ਗੁਰਦੁਆਰਾ ਸਾਹਿਬ ਫਰੀਮਾਂਟ



ਭਾਈ ਹਰਮਿੰਦਰ ਪਾਲ ਸਿੰਘ ਜੀ ਪੜ੍ਹੇ ਲਿਖੇ ਗੁਰਸਿੱਖ ਪਰਿਵਾਰ ਨਾਲ ਸਬੰਧਤ ਹਨ। ਆਪ ਜੀ ਸਿੱਖ ਸੰਗਤ ਬੇ ਏਰੀਆ ਸਲੇਟ ਵੱਲੋਂ ਸੁਪਰੀਮ ਕੌਂਸਲ ਲਈ ਉਮੀਦਵਾਰ ਹਨ। ਆਪ ਜੀ ਦਾ ਸਮੁੱਚਾ ਪਰਿਵਾਰ (ਸੁਪਤਨੀ, ਬੇਟਾ ਅਤੇ ਬੇਟੀ) ਅੰਮ੍ਰਿਤਧਾਰੀ ਹੈ। ਉਹ ਖਾਲਸਾ ਕਾਲਜ ਜਲੰਧਰ ਦੇ ਵਿਦਿਆਰਥੀ ਰਹੇ। ਉਹ 1997 'ਚ ਅਮਰੀਕਾ ਆ ਗਏ ਅਤੇ ਉਦੋਂ ਤੋਂ ਅਮਰੀਕਾ ਦੇ ਬੇ-ਏਰੀਆ ਇਲਾਕੇ ਵਿਚ ਰਹਿ ਰਹੇ ਹਨ। ਆਪ ਜੀ ਵਿਚ ਪੰਥਕ ਸੇਵਾ ਦਾ ਜਜ਼ਬਾ ਕੁੱਟ ਕੁੱਟ ਕੇ ਭਰਿਆ ਹੋਇਆ ਹੈ। ਆਪ ਜੀ 1997 ਤੋਂ ਹੀ ਗੁਰਦੁਆਰਾ ਸਾਹਿਬ ਫਰੀਮਾਂਟ ਨਾਲ ਜੁੜੇ ਹੋਏ ਹਨ। ਆਪ ਜੀ ਨੇ ਸਿੱਖ ਚਿਲਡਰਨ ਡੇਅ ਦੀ ਸ਼ੁਰੂਆਤ ਕੀਤੀ, ਸਿੱਖ ਬੱਚਿਆਂ ਦੇ ਸੁਨਹਿਰੀ ਭਵਿੱਖ ਦੀ ਸਿਰਜਣਾ ਲਈ 'ਮੀਟ ਦਾ ਪ੍ਰੋਫੈਸ਼ਨਲ' ਈਵੈਂਟ ਸ਼ੁਰੂ ਕੀਤਾ, ਗੁਰੂ ਘਰ ਫਰੀਮਾਂਟ ਵੱਲੋਂ ਚਲਾਏ ਜਾਂਦੇ ਖਾਲਸਾ ਸਕੂਲ 'ਚ ਲੰਮਾ ਸਮਾਂ ਸੇਵਾਵਾਂ ਨਿਭਾਈਆਂ, ਗੱਤਕਾ ਪ੍ਰੋਗਰਾਮ 'ਜੌਹਰ-ਏ-ਤੇਗ' ਸ਼ੁਰੂ ਕਰਨ ਵਿਚ ਅਹਿਮ ਭੂਮਿਕਾ ਨਿਭਾਈ, ਪਾਵਰ ਵੇਟ ਲਿਫਟਿੰਗ ਯੂਥ ਮੁਕਾਬਲੇ (ਜੋ ਹੁਣ ਯੂ. ਐਸ. ਏ. ਵਿਚ ਰਾਸ਼ਟਰੀ ਪੱਧਰ ਦੇ ਈਵੈਂਟ ਹਨ) ਦੀ ਸ਼ੁਰੂਆਤ ਵਿਚ ਮੁੱਖ ਭੂਮਿਕਾ ਨਿਭਾਈ, ਆਪ ਜੀ ਸਪੋਰਟਸ ਅਕੈਡਮੀ ਫਰੀਮਾਂਟ ਦੇ ਮੋਢੀ ਮੈਂਬਰਾਂ ਵਿਚੋਂ ਇਕ ਹਨ, ਗੁਰਦੁਆਰਾ ਸਾਹਿਬ ਫਰੀਮਾਂਟ ਦੀਆਂ ਸੰਗਤਾਂ ਲਈ ਉੱਚ ਕੋਟੀ ਦੇ ਕਥਾਵਾਚਕ, ਕੀਰਤਨੀਏ ਅਤੇ ਢਾਡੀ ਸਿੰਘਾਂ ਨੂੰ ਬੁਲਾਉਣ ਵਿਚ ਅਹਿਮ ਭੂਮਿਕਾ ਨਿਭਾਈ, ਪੰਥਕ ਕਾਰਜਾਂ ਵਿਚ ਹਮੇਸ਼ਾ ਹੀ ਵੱਧ ਚੜ੍ਹ ਕੇ ਹਿੱਸਾ ਲੈਂਦੇ ਹਨ। ਜਦ ਵੀ ਕਿਤੇ ਹੱਕ, ਸੱਚ, ਇਨਸਾਫ ਲਈ ਖੜ੍ਹਨ ਦੀ ਲੋੜ ਪਵੇ ਤਾਂ ਹਿੱਕ ਡਾਹ ਕੇ ਸੰਗਤ ਦੀ ਅਗਵਾਈ ਕਰਦੇ ਹਨ।

ਆਪ ਸੰਗਤ ਨੂੰ ਬੇਨਤੀ ਹੈ ਕਿ ਭਾਈ ਹਰਮਿੰਦਰ ਸਿੰਘ ਜੀ ਨੂੰ ਵੋਟਾਂ ਪਾ ਕੇ ਜਿਤਾਓ ਤਾਂ ਕਿ ਮਸੰਦੀ ਲੋਕ ਗੁਰੂਘਰ 'ਤੇ ਕਬਜ਼ਾ ਨਾ ਕਰ ਸਕਣ।

## ਬੀਬੀ ਸਰਬਜੀਤ ਕੌਰ ਚੀਮਾ

### ਉਮੀਦਵਾਰ ਸੁਪਰੀਮ ਕੌਂਸਲ ਮੈਂਬਰ

### ਗੁਰਦੁਆਰਾ ਸਾਹਿਬ ਫਰੀਮਾਂਟ



ਬੀਬੀ ਸਰਬਜੀਤ ਕੌਰ ਚੀਮਾ ਜੀ ਗੁਰੂ ਘਰ ਅਤੇ ਗੁਰਸਿੱਖੀ ਜੀਵਨ 'ਚ ਅਥਾਹ ਸ਼ਰਧਾ ਰੱਖਦੇ ਹਨ। ਆਪ ਜੀ ਸਿੱਖ ਸੰਗਤ ਬੇ ਏਰੀਆ ਸਲੇਟ ਵੱਲੋਂ ਸੁਪਰੀਮ ਕੌਂਸਲ ਲਈ ਉਮੀਦਵਾਰ ਹਨ। ਉਹ ਅਮਰੀਕਾ ਵਿਚ ਪਬਲਿਕ ਆਫਿਸ ਲਈ ਚੁਣੇ ਜਾਣ ਵਾਲੇ ਪਹਿਲੀ ਸਿੱਖ ਔਰਤ ਹਨ। ਉਹ 2010-2022 ਤੱਕ ਨਿਊ ਹੇਵਨ ਯੂਨੀਫਾਈਡ ਸਕੂਲ ਬੋਰਡ ਵਿਚ ਟਰੱਸਟੀ/ਪ੍ਰੈਜ਼ੀਡੈਂਟ ਵਜੋਂ ਸੇਵਾਵਾਂ ਨਿਭਾਅ ਚੁੱਕੇ ਹਨ। ਬੀਬੀ ਸਰਬਜੀਤ ਕੌਰ ਚੀਮਾ ਜੀ ਕੈਲੀਫੋਰਨੀਆ ਸਰਕਾਰ ਲਈ ਸਿਵਲ ਇੰਜੀਨੀਅਰ ਵਜੋਂ 20 ਸਾਲ ਸੇਵਾਵਾਂ ਨਿਭਾਅ ਚੁੱਕੇ ਹਨ। ਉਹ ਪੰਥਕ ਪਰਿਵਾਰ ਨਾਲ ਸਬੰਧਤ ਹਨ। ਉਹ 1992 ਤੋਂ ਖਾਲਸਾ ਸਕੂਲ ਦੇ ਪ੍ਰਬੰਧਾਂ, ਸਿੱਖ ਕੈਂਪਾਂ, ਕੀਰਤਨ, ਗੁਰੂ ਘਰ ਫਰੀਮਾਂਟ 'ਚ ਗੱਤਕਾ ਅਤੇ ਖੇਡ ਕਲਾਸਾਂ ਲਗਾਉਣ ਵਿਚ ਮੁੱਖ ਭੂਮਿਕਾ ਨਿਭਾਉਂਦੇ ਆ ਰਹੇ ਹਨ। 9/11 ਹਮਲਿਆਂ ਤੋਂ ਬਾਅਦ ਸਿੱਖੀ ਦੀ ਪਹਿਚਾਣ ਦੇ ਪ੍ਰਚਾਰ ਲਈ ਉਹ ਮੁੱਖ ਬੁਲਾਰੇ ਵਜੋਂ ਸੇਵਾ ਨਿਭਾਅ ਰਹੇ ਹਨ। ਬੀਬੀ ਸਰਬਜੀਤ ਕੌਰ ਚੀਮਾ ਨੇ ਜੇਮਜ਼ ਲੋਗਨ ਹਾਈ ਸਕੂਲ ਵਿਚ ਪੰਜਾਬੀ ਦਾ ਵਿਸ਼ਾ ਸ਼ੁਰੂ ਕਰਵਾਉਣ ਲਈ ਮੋਹਰੀ ਰੋਲ ਨਿਭਾਇਆ। ਬੀਬੀ ਜੀ ਇਸ ਵੇਲੇ ਜੇਮਜ਼ ਲੋਗਨ ਹਾਈ ਸਕੂਲ ਵਿਚ ਅਲਜਸਰਾ-2 ਕੋਰਸ ਪੜ੍ਹਾ ਰਹੇ ਹਨ। ਬੀਬੀ ਜੀ ਸਿੱਖ ਪੰਥ ਦੀ ਚੜ੍ਹਦੀ ਕਲਾ ਲਈ ਦਿਨ ਰਾਤ ਸੇਵਾਵਾਂ ਦੇਣ ਲਈ ਤੱਤਪਰ ਰਹਿੰਦੇ ਹਨ।

ਆਪ ਸੰਗਤ ਨੂੰ ਬੇਨਤੀ ਹੈ ਕਿ ਬੀਬੀ ਸਰਬਜੀਤ ਕੌਰ ਚੀਮਾ ਨੂੰ ਵੋਟਾਂ ਪਾ ਕੇ ਕਾਮਯਾਬ ਕਰੋ ਤਾਂ ਕਿ ਬੀਬੀ ਜੀ ਆਪਣੇ ਜੀਵਨ ਦੇ ਤਜਰਬੇ ਨਾਲ ਗੁਰੂ ਘਰ ਦੇ ਪ੍ਰਬੰਧਾਂ ਵਿਚ ਸੁਧਾਰ ਲਿਆ ਸਕਣ।

## ਭਾਈ ਹਰਜੀਤ ਸਿੰਘ

### ਉਮੀਦਵਾਰ ਸੁਪਰੀਮ ਕੌਂਸਲ ਮੈਂਬਰ

### ਗੁਰਦੁਆਰਾ ਸਾਹਿਬ ਫਰੀਮਾਂਟ



ਭਾਈ ਹਰਜੀਤ ਸਿੰਘ ਜੀ ਸਿੱਖ ਸੰਗਤ ਬੇ ਏਰੀਆ ਸਲੇਟ ਵੱਲੋਂ ਸੁਪਰੀਮ ਕੌਂਸਲ ਲਈ ਉਮੀਦਵਾਰ ਹਨ। ਭਾਈ ਹਰਜੀਤ ਸਿੰਘ ਦਾ ਸਾਰਾ ਪਰਿਵਾਰ ਅੰਮ੍ਰਿਤਧਾਰੀ ਹੈ। ਉਹ ਪੜ੍ਹੇ ਲਿਖੇ ਸਿੱਖ ਆਗੂ ਹਨ। ਉਹ ਸ੍ਰੀ ਗੁਰੂ ਨਾਨਕ ਦੇਵ ਇੰਜੀਨੀਅਰਿੰਗ ਕਾਲਜ, ਗਿੱਲ ਰੋਡ, ਲੁਧਿਆਣਾ ਤੋਂ 1994-98 ਬੈਚ ਦੇ ਬੀ. ਟੈਕ ਡਿਗਰੀ ਹੋਲਡਰ ਹਨ। ਉਹ 2007 ਵਿਚ ਆਪਣੇ ਪਰਿਵਾਰ ਨਾਲ ਅਮਰੀਕਾ ਆ ਗਏ ਸਨ ਅਤੇ ਉਦੋਂ ਤੋਂ ਹੀ ਫਰੀਮਾਂਟ ਵਿਚ ਰਹਿ ਰਹੇ ਹਨ। ਉਹ ਲਗਾਤਾਰ ਗੁਰਦੁਆਰਾ ਸਾਹਿਬ ਫਰੀਮਾਂਟ ਵਿਚ ਸੇਵਾ ਕਰਦੇ ਆ ਰਹੇ ਹਨ, ਜਿਹਨਾਂ ਵਿਚ ਗੁਰਮੁਖੀ ਕਲਾਸਾਂ ਅਤੇ ਲੀਡਰਸ਼ਿਪ ਕਲਾਸਾਂ ਨੂੰ ਪੜ੍ਹਾਉਣਾ, ਰੋਬੋਟਿਕਸ ਕਲਾਸਾਂ, ਮੈਥ ਦੀਆਂ ਕਲਾਸਾਂ ਦੇਣੀਆਂ, ਗੁਰਦੁਆਰਾ ਸਾਹਿਬ ਵਿਚ ਗੱਤਕਾ ਕਲਾਸਾਂ ਲਗਾਉਣ ਵਿਚ ਯੋਗਦਾਨ ਪਾਉਣਾ, ਜੌਹਰੀ ਤੇਗ ਅਤੇ ਪਾਵਰ ਵੇਟ ਲਿਫਟਿੰਗ ਯੂਥ ਮੁਕਾਬਲਿਆਂ (ਜੋ ਹੁਣ ਯੂ. ਐਸ. ਏ. ਵਿਚ ਰਾਸ਼ਟਰੀ ਪੱਧਰ ਦੇ ਈਵੈਂਟ ਹਨ) ਦੇ ਭਾਈ ਹਰਮਿੰਦਰਪਾਲ ਸਿੰਘ ਦੇ ਨਾਲ ਮੋਢੀ ਸਮਰਥਕ, ਗੁਰਦੁਆਰਾ ਸਾਹਿਬ ਵਿਖੇ ਮਹੀਨਾਵਾਰ ਗੁਰਮਤਿ ਕੈਂਪ, ਗਰਮੀਆਂ ਦੇ ਗੁਰਮਤਿ ਕੈਂਪ ਅਤੇ ਵਿੰਟਰ ਗੁਰਮਤਿ ਕੈਂਪਾਂ ਦਾ ਆਯੋਜਨ ਕਰਨਾ, ਸਾਲਾਨਾ ਰਾਗ ਮਲਹਾਰ ਦਰਬਾਰ ਸਮਾਗਮ ਦਾ ਆਯੋਜਨ, ਬੱਚਿਆਂ ਦੇ ਖੇਡ ਮੈਦਾਨ 'ਚ ਰਬੜ ਗਰਾਊਂਡ ਲਗਾਉਣ ਦੀ ਸੇਵਾ ਕਰਨੀ, ਦੀਵਾਨ ਹਾਲ ਦਾ ਆਡੀਓ ਸਿਸਟਮ ਅਪਗ੍ਰੇਡ ਕਰਨਾ, ਵਿੱਤੀ ਤੌਰ 'ਤੇ ਮਜ਼ਬੂਤ ਅਤੇ ਵਿਹਾਰਕ ਬਣਾਉਣ ਲਈ ਨਵੀਂ ਬਿਲਡਿੰਗ ਮਾਸਟਰ ਪਲਾਨ ਨੂੰ ਫੇਜ਼-1 ਅਤੇ ਫੇਜ਼-2 ਵਿਚ ਵੰਡਣਾ, ਜੇ. ਬੀ. ਐਸ. ਕੰਸਟਰਕਸ਼ਨ ਦੇ ਫੇਜ਼-1 ਦੇ 3.75 ਮਿਲੀਅਨ ਡਾਲਰ ਦੇ ਇਕਰਾਰਨਾਮੇ 'ਤੇ ਦਸਤਖ਼ਤ ਕਰਨੇ, 222 ਕਿਲੋਵਾਟ ਸੋਲਰ ਪਲਾਂਟ ਦੇ ਪ੍ਰੋਜੈਕਟ ਦੀ ਸਥਾਪਨਾ ਅਤੇ ਫਾਈਨਾਂਸਰਾਂ ਲਈ ਟੈਕਸ ਕਰੈਡਿਟ ਪ੍ਰਾਪਤ ਕਰਨ ਲਈ ਗੁਰੂ ਨਾਨਕ ਸੋਲਰ ਫਾਰਮ ਐਲ. ਐਲ. ਸੀ. ਦੁਆਰਾ ਫੰਡਿੰਗ ਦਾ ਬਲੂਪ੍ਰਿੰਟ ਹਾਸਲ ਕਰਨਾ, 2016 ਵਿਚ 24 ਅਤੇ 22 ਪੈਨਲਾਂ ਦੇ ਨਾਲ ਸਾਰੇ ਇਨਡੋਰ ਫਲੋਰੋਸੈਂਟ ਲਾਈਟ ਫਿਕਸਚਰ ਨੂੰ ਅਪਗ੍ਰੇਡ ਕਰਨਾ, 2016 'ਚ ਪੀ. ਸੀ. ਐਂਡ ਈ ਸਕੀਮ ਦੇ ਤਹਿਤ 2 ਬਾਈ 4 ਅਤੇ 2 ਬਾਈ 2 ਐਲ. ਈ. ਡੀ. ਪੈਨਲਾਂ ਵਾਲੇ ਸਾਰੇ ਇਨਡੋਰ ਫਲੋਰੋਸੈਂਟ ਲਾਈਟ ਫਿਕਸਚਰ ਨੂੰ ਅਪਗ੍ਰੇਡ ਕਰਨਾ, ਪੀ. ਜੀ. ਐਂਡ ਈ. ਸਕੀਮ ਅਧੀਨ ਲੱਗਭੱਗ 350 ਐਲ. ਈ. ਡੀ. ਪੈਨਲ (ਲੱਗਭੱਗ 100,000 ਡਾਲਰ ਦੀ ਲਾਗਤ ਵਾਲੇ) ਮੁਫਤ ਪ੍ਰਾਪਤ ਕਰਨੇ, 2018 ਵਿਚ ਆਪਣੀ ਕੰਪਨੀ ਵੇਰੀਜ਼ੋਨ ਦੁਆਰਾ ਗੁਰਦੁਆਰਾ ਸਾਹਿਬ ਪਾਰਕਿੰਗ ਲਾਟ ਵਿਚ ਫਿਕਸਚਰ ਮੁਫਤ ਵਪਾਰਕ ਬਾਹਰੀ ਲਾਈਟ ਸਥਾਪਤ ਕਰਨੀ, ਜਿਸ ਦੀ ਲੇਬਰ ਦੀ ਲਾਗਤ 50,000 ਡਾਲਰ ਦੇ ਕਰੀਬ ਸੀ, ਨਵੀਂ ਰਸੋਈ ਦੀ ਇਮਾਰਤ ਵਿਚ ਗੈਸ ਅਤੇ ਬਿਜਲੀ ਬਚਾਉਣ ਲਈ ਰਸੋਈ ਦੇ ਸਾਰੇ ਆਧੁਨਿਕ ਉਪਕਰਨਾ ਲਈ ਮਨਜ਼ੂਰੀ ਲੈਣੀ, ਵਰਗੀਆਂ ਸੇਵਾਵਾਂ ਸ਼ਾਮਲ ਹਨ।

ਆਪ ਸਭ ਸੰਗਤ ਨੂੰ ਬੇਨਤੀ ਹੈ ਕਿ ਭਾਈ ਹਰਜੀਤ ਸਿੰਘ ਗੁਰੂ ਘਰ ਦੇ ਅਣਥੱਕ ਸੇਵਾਦਾਰ ਹਨ, ਇਹਨਾਂ ਨੂੰ ਵੋਟਾਂ ਪਾ ਕੇ ਜਿਤਾਓ ਤਾਂ ਜੋ ਉਹ ਆਪਣੀਆਂ ਯੋਗਤਾਵਾਂ ਨਾਲ ਗੁਰੂਘਰ ਦੇ ਪ੍ਰਬੰਧ ਨੂੰ ਪਾਰਦਰਸ਼ੀ ਅਤੇ ਸੁਚਾਰੂ ਬਣਾ ਸਕਣ।

## ਭਾਈ ਗੁਰਦਾਵਰ ਸਿੰਘ ਮਾਨ

### ਉਮੀਦਵਾਰ ਸੁਪਰੀਮ ਕੌਂਸਲ ਮੈਂਬਰ

### ਗੁਰਦੁਆਰਾ ਸਾਹਿਬ ਫਰੀਮਾਂਟ

ਭਾਈ ਗੁਰਦਾਵਰ ਸਿੰਘ ਮਾਨ ਗੁਰੂ ਨਾਨਕ ਦੇਵ ਯੂਨੀਵਰਸਿਟੀ ਤੋਂ 1986 ਦੇ ਗ੍ਰੈਜੂਏਟ ਹਨ। ਆਪ ਜੀ ਸਿੱਖ ਸੰਗਤ ਬੇ ਏਰੀਆ ਸਲੇਟ ਵੱਲੋਂ ਸੁਪਰੀਮ



ਕੌਂਸਲ ਲਈ ਉਮੀਦਵਾਰ ਹਨ। ਉਹ ਗੁਰਦੁਆਰਾ ਸਾਹਿਬ ਫਰੀਮਾਂਟ ਨਾਲ ਸਬੰਧਤ ਇਲਾਕੇ ਵਿਚ 1988 ਤੋਂ ਰਹਿ ਰਹੇ ਹਨ। ਉਹਨਾਂ ਸਿਲੀਕੌਨ ਵੈਲੀ ਦੀ ਇਲੈਕਟ੍ਰਾਨਿਕ ਕੰਪਨੀ ਵਿਚ 2003 ਤੱਕ ਪ੍ਰੋਡਕਸ਼ਨ ਸੁਪਰਵਾਈਜ਼ਰ ਵਜੋਂ ਕੰਮ ਕੀਤਾ। ਆਪ ਜੀ 2006 ਵਿਚ ਕਾਲਟਰਾਂਸ ਨਾਲ ਜੁੜੇ ਅਤੇ ਟੋਲ ਸੁਪਰਵਾਈਜ਼ਰ ਵਜੋਂ 2021 ਵਿਚ ਰਿਟਾਇਰ ਹੋਏ। ਆਪ ਜੀ 2008 ਤੋਂ ਸਫਲਤਾ ਪੂਰਵਕ ਆਪਣਾ ਖੁਦ ਦਾ ਇੰਸ਼ੋਰੈਂਸ ਬਰੋਕਰ ਵਜੋਂ ਬੇ ਏਰੀਆ ਵਿਚ ਬਿਜਨਸ ਵੀ ਕਰ ਰਹੇ ਹਨ। ਆਪ ਜੀ ਖੇਡਾਂ ਨੂੰ ਬਹੁਤ ਪਿਆਰ ਕਰਦੇ ਹਨ ਅਤੇ ਆਪਣੇ ਸਾਥੀਆਂ ਨਾਲ ਕਈ ਖੇਡ ਮੁਕਾਬਲੇ ਬੇ ਏਰੀਆ ਵਿਚ ਆਯੋਜਿਤ ਕੀਤੇ। ਉਹ ਆਪਣੇ ਪੰਜਾਬ ਵਿਚਲੇ ਪਿੰਡ ਨਾਲ ਵੀ ਜੁੜੇ ਰਹਿੰਦੇ ਹਨ ਅਤੇ ਵਿਕਾਸ ਵਿਚ ਯੋਗਦਾਨ ਪਾਉਂਦੇ ਰਹਿੰਦੇ ਹਨ। ਆਪ ਜੀ ਪੂਰਨ ਤੌਰ 'ਤੇ ਗੁਰਸਿੱਖੀ ਜੀਵਨ ਨੂੰ ਸਮਰਪਿਤ ਹਨ ਅਤੇ ਸੰਗਤ ਦੀ ਸੇਵਾ ਲਈ ਹਮੇਸ਼ਾ ਤਤਪਰ ਰਹਿੰਦੇ ਹਨ।

**ਆਪ ਸਭ ਸੰਗਤ ਨੂੰ ਬੇਨਤੀ ਹੈ ਕਿ 12 ਮਾਰਚ 2023, ਦਿਨ ਐਤਵਾਰ ਨੂੰ ਸਿੱਖ ਸੰਗਤ ਬੇ ਏਰੀਆ ਦੇ ਸਭ ਉਮੀਦਵਾਰਾਂ ਨੂੰ ਵੱਧ ਤੋਂ ਵੱਧ ਵੋਟਾਂ ਪਾ ਕੇ ਜਿਤਾਓ ਤਾਂ ਕਿ ਗੁਰੂ ਘਰ ਦੇ ਪ੍ਰਬੰਧਾਂ ਨੂੰ ਸੁਚਾਰੂ ਬਣਾਇਆ ਜਾ ਸਕੇ।**

# ਸਿੱਖ ਆਗੂ ਸਵ. ਅਮਰੀਕ ਸਿੰਘ ਨੂੰ "ਸਿੱਖ ਕੌਸ਼ਲ ਆਫ ਸੈਂਟਰਲ ਕੈਲੇਫੋਰਨੀਆਂ" ਨੇ ਦਿੱਤੀ ਸਰਧਾਂਜ਼ਲੀ









ਫਰਿਜ਼ਨੋ, ਕੈਲੇਫੋਰਨੀਆਂ (ਕੁਲਵੰਤ ਧਾਲੀਆਂ /ਨੀਟਾ ਮਾਛੀਕੇ): ਪੰਜਾਬੀ ਭਾਈਚਾਰੇ ਦੀ ਬਹੁਪੱਖੀ ਸਤਿਕਾਰਤ ਸ਼ਖ਼ਸੀਅਤ, ਉੱਘੇ ਸਮਾਜ-ਸੇਵੀ, ਵੱਖ-ਵੱਖ ਸੰਸਥਾਵਾਂ ਵਿੱਚ ਬਤੌਰ ਸੰਚਾਲਕ ਅਤੇ ਆਲ ਇੰਡੀਆ ਰੇਡੀਓ ਦੇ ਨਿਊਜ਼ ਐਡੀਟਰ ਸ. ਅਮਰੀਕ ਸਿੰਘ ਵਿਰਕ ਬੀਤੇ ਦਿਨੀ ਆਪਣੀ 76 ਸਾਲਾ ਦੀ ਪਰਿਵਾਰਕ ਖੁਸ਼ਹਾਲ ਜ਼ਿੰਦਗੀ ਬਤੀਤ ਕਰਦੇ ਹੋਏ ਅਕਾਲ ਚਲਾਣਾ ਕਰ ਗਏ ਸਨ। ਜੋ ਆਪਣੀ ਜ਼ਿੰਦਗੀ ਦਾ ਬਹੁਤ ਸਮਾਂ ਪੰਜਾਬ ਵਿੱਚ ਮੀਡੀਆਂ ਅਤੇ ਸਮਾਜ ਸੇਵਾਵਾ ਨਾਲ ਜੁੜੇ ਰਹੇ ਸਨ। ਉਨ੍ਹਾਂ ਦਾ ਜਨਮ ਪੰਜਾਬ ਦੇ ਪਿੰਡ ਵਿਰਕ, ਜਿਲਾ ਜਲੰਧਰ ਤੋਂ ਸਨ ਅਤੇ ਅਮਰੀਕਾ ਵਿੱਚ ਆਪਣੇ ਆਖਰੀ ਸਮੇਂ ਕੈਲੇਫੋਰਨੀਆਂ ਦੇ ਸ਼ਹਿਰ ਕਲੋਵਿਸ ਵਿਖੇ ਰਹਿ ਰਹੇ ਸਨ। ਉਹ ਵੱਖ-ਵੱਖ ਸਥਾਨਿਕ ਸੰਸਥਾਵਾ ਦੇ ਨਾਲ ਰਲ ਭਾਈਚਾਰਕ ਸੇਵਾਵਾ ਨਿਭਾਉਂਦੇ ਰਹੇ ਸਨ। ਉਨ੍ਹਾਂ ਦੇ ਅੰਤਮ ਸੰਸਕਾਰ ਵਿੱਚ ਸਾਮਲ ਹੋਣ ਉਪਰੰਤ, ਅੰਤਮ ਅਰਦਾਸ ਸਮੇਂ ਗੁਰਦੁਆਰਾ ਸਿੱਖ ਪੈਸ਼ੀਫਿਕ ਕੋਸਟ ਆਫ ਸੈਲਮਾ ਵਿਖੇ ਸਿੱਖ ਆਗੂ ਸਵ. ਅਮਰੀਕ ਸਿੰਘ ਨੂੰ "ਸਿੱਖ ਕੌਸ਼ਲ ਆਫ ਸੈਂਟਰਲ ਕੈਲੇਫੋਰਨੀਆਂ" ਨੇ ਦਿੱਤੀ ਸਰਧਾਜ਼ਲੀ। ਜਿਸ ਸਮੇਂ ਸਥਾਨਕ ਵੱਖ-ਵੱਖ ਸੰਸਥਾਵਾ ਤੋਂ ਇਲਾਵਾ ਗੁਰਦੁਆਰਾ ਸੈਲਮਾਂ ਅਤੇ "ਸਿੱਖ ਕੌਸ਼ਲ ਆਫ ਸੈਂਟਰਲ ਕੈਲੇਫੋਰਨੀਆਂ" ਦੇ ਸਰਗਰਮ ਮੈਂਬਰ ਵੀ ਹਾਜ਼ਰ ਸਨ।

ਸਵ: ਸ. ਅਮਰੀਕ ਸਿੰਘ ਦੇ ਅੰਤਮ ਸੰਸਕਾਰ ਸਮੇਂ ਇਲਾਕੇ ਭਰ ਤੋਂ ਪਹੁੰਚ ਕੇ ਜਿੱਥੇ ਪਰਿਵਾਰਕ, ਰਿਸ਼ਤੇਦਾਰਾਂ ਅਤੇ ਮਿੱਤਰਾਂ ਨੇ ਸਰਧਾ ਦੇ ਫੁੱਲ ਭੇਜੇ। ਉੱਥੇ ਸਥਾਨਿਕ ਸੰਸਥਾਵਾ ਦੇ ਨੁਮਾਇੰਦੇ ਵੀ ਪਹੁੰਚੇ ਹੋਏ ਸਨ। ਜਿਨਾਂ ਨੇ ਸਵ. ਅਮਰੀਕ ਸਿੰਘ ਵਿਰਕ ਦੀਆਂ ਸਮਾਜਿਕ ਸੇਵਾਵਾ ਦਾ ਜ਼ਿਕਰ ਕਰਦੇ ਹੋਏ, ਉਨ੍ਹਾਂ ਦੀ ਮਹਾਨਤਾ ਬਾਰੇ ਸਾਂਝ ਪਾਈ। ਇਸੇ ਦੌਰਾਨ "ਸਿੱਖ ਕੌਸ਼ਲ ਆਫ ਸੈਂਟਰਲ ਕੈਲੇਫੋਰਨੀਆਂ" ਦੇ ਜਨਰਲ ਸੈਂਕਟਰੀ ਸ. ਸੁਖਦੇਵ ਸਿੰਘ ਚੀਮਾਂ ਨੇ ਬੋਲਦੇ ਹੋਏ ਸੰਸਥਾ ਵੱਲੋਂ ਸਵ. ਅਮਰੀਕ ਵਿਰਕ ਨੂੰ ਸਰਧਾਜ਼ਲੀ ਦਿੱਤੀ। ਉਨ੍ਹਾਂ ਕਿਹਾ ਕਿ ਸਵ. ਵਿਰਕ ਸੰਸਥਾ ਦੇ ਅਣਥੱਕ ਸੇਵਾਦਾਰ ਸਨ।

ਜੋ ਹਰ ਸਮੇਂ ਅੱਗੇ ਹੋ ਕੇ, ਸਮੂੰਹ ਸਮਾਜਿਕ, ਧਾਰਮਿਕ, ਭਾਈਚਾਰਕ ਅਤੇ ਸੱਭਿਆਚਾਰਿਕ ਕਾਰਜਾ ਵਿੱਚ ਹਿੱਸਾ ਲੈਂਦੇ ਸਨ। ਇਸੇ ਦੌਰਾਨ ਸੰਸਥਾ ਦੇ ਮੈਂਬਰਾਂ ਨੇ ਵਿਰਕ ਦੇ ਪੁੱਤਰਾਂ ਵਿੱਚ ਰੁਪਿੰਦਰ ਸਿੰਘ ਵਿਰਕ ਅਤੇ ਭੁਪਿੰਦਰ ਸਿੰਘ ਵਿਰਕ ਨੂੰ ਸਨਮਾਨਤ ਕੀਤਾ। ਅਰਦਾਸ ਕੀਤੀ ਗਈ ਕਿ ਪਰਮਾਤਮਾ ਵਿੱਛੜੀ ਰੂਹ ਨੂੰ ਆਪਣੇ ਚਰਨਾਂ ਵਿੱਚ ਨਿਵਾਸ ਅਤੇ ਪਰਿਵਾਰ ਨੂੰ ਭਾਣਾ ਮੰਨਣ ਦਾ ਬਲ ਬਖਸ਼ੇ।

## ਸਪੇਸਐਕਸ ਨੇ ਅਮਰੀਕਾ, ਰੂਸ ਤੇ ਯੂਏਈ ਦੇ ਯਾਤਰੀ ਕੌਮਾਂਤਰੀ ਪੁਲਾੜ ਸਟੇਸ਼ਨ ਭੇਜੇ

ਕੇਪ ਕੈਨਵੇਰਲ (ਅਮਰੀਕਾ)- 'ਸਪੇਸਐਕਸ' ਨੇ ਅੱਜ ਨਾਸਾ ਲਈ ਚਾਰ ਪੁਲਾੜ ਯਾਤਰੀਆਂ ਨੂੰ ਕੌਮਾਂਤਰੀ ਪੁਲਾੜ ਸਟੇਸ਼ਨ (ਆਈਐੱਸਐੱਸ) ਲਈ ਰਵਾਨਾ ਕੀਤਾ। ਇਨ੍ਹਾਂ ਵਿੱਚ ਸੰਯੁਕਤ ਅਰਬ ਅਮੀਰਾਤ (ਯੂਏਈ) ਦੇ ਸੁਲਤਾਨ ਅਲ-ਨਿਆਦੀ ਵੀ ਸ਼ਾਮਲ ਹਨ ਜਿਹੜੇ ਇੱਕ ਮਹੀਨੇ ਲਈ ਆਈਐੱਸਐੱਸ ਜਾਣ ਵਾਲੇ ਪਹਿਲੇ ਪੁਲਾੜ ਯਾਤਰੀ ਹਨ।

ਕੈਨੇਡੀ ਪੁਲਾੜ ਸੈਂਟਰ ਤੋਂ ਫਾਲਕਨ ਰਾਕੇਟ ਅੱਧੀ ਰਾਤ ਮਗਰੋਂ ਪੁਲਾੜ ਯਾਤਰੀਆਂ ਨੂੰ ਲੈ ਕੇ ਰਵਾਨਾ ਹੋਇਆ। ਇਹ ਰਾਕੇਟ ਤੇ ਮਹੀਨੇ ਦੇ ਮਿਸ਼ਨ 'ਤੇ ਰਵਾਨਾ ਹੋਇਆ ਹੈ। ਪੁਲਾੜ ਸਟੇਸ਼ਨ 'ਤੇ ਯੂਏਈ ਤੋਂ ਲਗਪਗ 80 ਲੋਕਾਂ ਨੇ ਸੁਲਤਾਨ ਅਲ-ਨਿਆਦੀ ਨੂੰ ਪੁਲਾੜ ਯਾਤਰੀ ਵਜੋਂ ਰਵਾਨਾ ਹੁੰਦੇ ਹੋਏ ਦੇਖਿਆ। ਉਹ ਪੁਲਾੜ 'ਚ ਜਾਣ ਵਾਲੇ ਯੂਏਈ ਦੇ ਦੂਜੇ ਵਿਅਕਤੀ ਹਨ। ਪਹਿਲਾਂ ਇਨ੍ਹਾਂ ਪੁਲਾੜ ਯਾਤਰੀਆਂ ਨੂੰ ਸੋਮਵਾਰ ਰਵਾਨਾ ਕੀਤਾ ਜਾਣਾ ਸੀ ਪਰ ਆਖਰੀ ਸਮੇਂ ਇੰਜਣ ਪ੍ਰਣਾਲੀ ਵਿੱਚ ਗੜਬੜ ਕਾਰਨ ਅਜਿਹਾ ਨਹੀਂ ਹੋ ਸਕਿਆ ਸੀ।

ਨਿਆਦੀ ਤੋਂ ਇਲਾਵਾ ਪੁਲਾੜ ਸਟੇਸ਼ਨ 'ਚ ਜਾਣ ਵਾਲੇ ਯਾਤਰੀਆਂ ਵਿੱਚ ਰੂਸ ਦੇ ਆਂਦਰੇ ਫੈਦਿਆਏਵ ਅਤੇ ਅਮਰੀਕਾ ਦੇ ਵਾਰੇਨ 'ਵੂਡੀ' ਹੋਬਰਗ ਤੇ ਸਟੀਫਨ ਬੋਵੇਨ ਸ਼ਾਮਲ ਹਨ। ਇਹ ਪੁਲਾੜ ਯਾਤਰੀ ਅਕਤੂਬਰ ਮਹੀਨੇ ਤੋਂ ਕੌਮਾਂਤਰੀ ਪੁਲਾੜ ਸਟੇਸ਼ਨ ਵਿੱਚ ਮੌਜੂਦ ਜਾਪਾਨੀ ਦਲ ਦੀ ਜਗ੍ਹਾ ਲੈਣਗੇ। ਨਿਆਦੀ ਨੇ ਪੁਲਾੜ ਸਟੇਸ਼ਨ ਦੇ ਓਰਬਿਟ ਵਿੱਚ ਪਹੁੰਚਣ ਮਗਰੋਂ ਪਹਿਲਾਂ ਅਰਬੀ ਅਤੇ ਫਿਰ ਅੰਗਰੇਜ਼ੀ ਭਾਸ਼ਾ ਵਿੱਚ ਧੰਨਵਾਦ ਕੀਤਾ। ਉਨ੍ਹਾਂ ਕਿਹਾ, "ਰਾਕੇਟ ਦੀ ਰਵਾਨਗੀ ਬਹੁਤ ਸ਼ਾਨਦਾਰ ਸੀ।'

## ਧਾਲੀਵਾਲ ਤੋਂ ਮਿਲੇ ਭਰੋਸੇ ਤੋਂ ਬਾਅਦ ਸਿੱਧੂ ਮੂਸੇਵਾਲਾ ਦੇ ਮਾਪਿਆਂ ਨੇ ਵਿਧਾਨ ਸਭਾ ਅੱਗੋਂ ਚੁੱਕਿਆ ਧਰਨਾ

ਚੰਡੀਗੜ੍ਹ- ਸਿੱਧੂ ਮੂਸੇਵਾਲਾ ਦੇ ਮਾਤਾ-ਪਿਤਾ ਨੇ ਪੰਜਾਬ ਵਿਧਾਨ ਸਭਾ ਦੇ ਬਾਹਰ ਮੰਗਲਵਾਰ ਸਵੇਰੇ ਹੀ ਧਰਨਾ ਲਗਾ ਦਿੱਤਾ। ਹਾਲਾਂਕਿ ਕੈਬਨਿਟ ਮੰਤਰੀ ਕੁਲਦੀਪ ਸਿੰਘ ਧਾਲੀਵਾਲ ਨੇ ਸਿੱਧੂ ਮੂਸੇਵਾਲਾ ਦੇ ਮਾਪਿਆਂ ਨਾਲ ਮੁਲਾਕਾਤ ਕੀਤੀ ਅਤੇ ਕਿਹਾ ਕਿ ਉਨ੍ਹਾਂ ਨੂੰ ਧਰਨਾ ਦੇਣ ਦੀ ਲੋੜ ਨਹੀਂ। ਉਹ ਜਦੋਂ ਮਰਜ਼ੀ ਸੀਐੱਮ ਨਾਲ ਮੁਲਾਕਾਤ ਕਰ ਸਕਦੇ ਹਨ। ਉਨ੍ਹਾਂ ਕਿਹਾ ਕਿ ਸਿੱਧੂ ਮੂਸੇਵਾਲਾ ਕਤਲ ਕੇਸ 'ਚ ਹੁਣ ਤਕ 29 ਗ੍ਰਿਫ਼ਤਾਰੀਆਂ ਹੋ ਚੁੱਕੀਆਂ ਹਨ। ਇਸ ਤੋਂ ਇਲਾਵਾ ਪੰਜਾਬ ਪੁਲਿਸ ਦੋ ਗੈਂਗਸਟਰਾਂ ਦਾ ਐਨਕਾਊਂਟਰ ਵੀ ਕਰ ਚੁੱਕੀ ਹੈ। ਜਿੱਥੇ ਤਕ ਰਹਿੰਦੇ 5 ਮੁਲਜ਼ਮਾਂ ਦੀ ਗੱਲ ਹੈ, ਉਨ੍ਹਾਂ ਨੂੰ ਵੀ ਛੇਤੀ




ਹੀ ਗ੍ਰਿਫ਼ਤਾਰ ਕਰ ਲਿਆ ਜਾਵੇਗਾ। ਇਹ ਭਰੋਸਾ ਮਿਲਣ ਤੋਂ ਬਾਅਦ ਉਨ੍ਹਾਂ ਨੇ ਧਰਨਾ ਖ਼ਤਮ ਕਰ ਦਿੱਤਾ।

ਸਿੱਧੂ ਮੂਸੇਵਾਲਾ ਦੇ ਪਿਤਾ ਬਲਕੌਰ ਸਿੰਘ ਨੇ ਕਿਹਾ ਕਿ ਜਦੋਂ ਤਕ ਇਨਸਾਫ਼ ਨਹੀਂ ਮਿਲਦਾ, ਉਦੋਂ ਤਕ ਧਰਨਾ ਜਾਰੀ ਹੈ...ਉਹ ਇੱਥੇ ਹੀ ਬੈਠੇ ਰਹਿਣਗੇ। ਉਨ੍ਹਾਂ ਸਰਕਾਰ ਨੂੰ ਕਿਹਾ ਕਿ ਜੇਕਰ ਸਿਆਸੀ ਲੋਕ ਮਾਰੇ ਜਾਂਦੇ ਹਨ ਤਾਂ ਤੁਸੀਂ ਉਨ੍ਹਾਂ ਦੇ ਕਾਤਲਾਂ ਨੂੰ ਫੜ ਕੇ ਅੰਦਰ ਵੀ ਕਰ ਦਿੰਦੇ ਹੋ ਅਤੇ ਸਜ਼ਾ ਪੂਰੀ ਹੋਣ ਦੇ ਬਾਵਜੂਦ ਉਨ੍ਹਾਂ ਨੂੰ ਰਿਹਾਅ ਨਹੀਂ ਕਰਦੇ ਜਦਕਿ ਮੇਰੇ ਲੜਕੇ ਦੇ ਕਤਲ 'ਚ ਸ਼ਾਮਲ ਲੋਕ ਫੜੇ ਗਏ ਹਨ ਪਰ ਮਾਸਟਰਮਾਈਂਡ ਨਹੀਂ ਫੜਿਆ ਗਿਆ।

To buy Home, business or any kind of property
Please consult before finalizing your deal or decision
To get polite and best service call
Gurjeet Rai
DRE 02149422
408-802-5303
Address -
2221 Oakland Road ,
Suite 268 San Jose 95131



SINGH WORLD travel
Lycamobile
Call the world for less
ria Money Transfer
AIRPORT DROP OFF AND PICKUP AVAILBLE
Money Transfer @ Special Rates
India and Pakistan!!!
Cell Phone Activation & Recharge Services
ਏਅਰਪੋਰਟ ਤੇ ਜਾਣ-ਆਉਣ ਲਈ ਗੱਡੀ ਦਾ ਵੀ ਪ੍ਰਬੰਧ ਹੈ
ਹੋਰ ਜਾਣਕਾਰੀ ਲਈ ਸੰਪਰਕ ਕਰੋ
SINGH WORLD TRAVEL
PH. 530-443-4865
Email: Info@singhworldtravel.com
1248 Franklin Ave. #A
Yuba City CA, 95991



# ਸੰਪਾਦਕੀ

## ਕੀ ਪੰਜਾਬ ਮੁੜ ਕਾਲੇ ਦੌਰ ਵੱਲ ਵੱਧ ਰਿਹਾ ਹੈ

ਕੁਝ ਦਿਨ ਪਹਿਲਾਂ ਹੋਈਆਂ ਘਟਨਾਵਾਂ, ਸਰਹੱਦ ਪਾਰੋਂ ਡਰੋਨ ਰਾਹੀਂ ਆ ਰਿਹਾ ਨਸ਼ਾ ਅਤੇ ਹਥਿਆਰ ਅਤੇ ਪੰਜਾਬ ਦੀ ਬਦਲੀ ਰਵਾਇਤੀ ਰਾਜਨੀਤੀ ਕਾਰਨ ਹਾਲ ਦੇ ਦਿਨਾਂ ਵਿਚ ਇਹ ਸ਼ੰਕੇ ਪ੍ਰਗਟ ਕੀਤੇ ਜਾ ਰਹੇ ਹਨ ਕਿ ਪੰਜਾਬ 1984 ਤੋਂ ਪਹਿਲਾਂ ਅਤੇ ਬਾਅਦ ਵਾਲੇ ਕਾਲੇ ਦੌਰ ਵਿਚ ਦਾਖਲ ਹੋਣ ਜਾ ਰਿਹਾ ਹੈ। ਹਾਲ ਹੀ ਵਿਚ ਵਾਪਰ ਰਹੀਆਂ ਘਟਨਾਵਾਂ ਨੂੰ ਦੇਖ ਕੇ ਅਜਿਹਾ ਡਰ ਪੈਦਾ ਹੋਣਾ ਲਾਜ਼ਮੀ ਹੈ ਪਰ ਕੀ ਹੁਣ 1984 ਵਾਲੇ ਹਾਲਾਤ ਹਨ? ਵਿਸ਼ਲੇਸ਼ਣ ਕੀਤਿਆਂ ਅਜਿਹਾ ਕਿਤੇ ਨਜ਼ਰ ਨਹੀਂ ਆਉਂਦਾ। ਪੰਜਾਬ ਕਾਲੇ ਦਿਨਾਂ ਦੇ ਦੌਰ ਵਿਚ ਤਾਂ ਫਸਿਆ ਕਿਉਂਕਿ ਅਕਾਲੀ ਦਲ ਅਤੇ ਕਾਂਗਰਸ ਦੀ ਸਿਆਸਤ ਇੰਨੀ ਜ਼ਿਆਦਾ ਪੇਚੀਦਾ ਹੋ ਗਈ ਸੀ ਕਿ ਹਾਲਾਤ ਹੋਰ ਪਾਸੇ ਨਿਕਲ ਗਏ। ਸੰਤ ਭਿੰਡਰਾਂਵਾਲੇ ਜੋ ਇੰਦਰਾ ਗਾਂਧੀ ਦੇ ਖਾਸ ਬੰਦੇ ਦੱਸੇ ਜਾਂਦੇ ਰਹੇ ਹਨ, ਫਿਰ ਅਚਾਨਕ ਪਾਕਿਸਤਾਨ ਅਤੇ ਹੋਰ ਵਿਦੇਸ਼ੀ ਖੁਫੀਆ ਏਜੰਸੀਆਂ ਦਾ ਜਾਲ ਵਿਚ ਫਸ ਗਏ। ਇਸ ਤੋਂ ਬਾਅਦ ਜੋ ਹੋਇਆ ਸਭ ਨੂੰ ਪਤਾ ਹੈ ਪਰ ਅੱਜ ਹਾਲਾਤ ਅਜਿਹੇ ਨਜ਼ਰ ਨਹੀਂ ਆ ਰਹੇ। ਪਹਿਲਾ ਇਸ ਵਕਤ ਅਮਰੀਕਾ, ਇੰਗਲੈਂਡ ਭਾਰਤ ਨਾਲ ਜ਼ਿਆਦਾ ਦੁਸ਼ਮਣੀ ਨਹੀਂ ਰੱਖ ਰਹੇ। ਪਾਕਿਸਤਾਨ ਦੀ ਹਾਲਤ ਖਸਤਾ ਹੈ ਅਤੇ ਗ੍ਰਹਿ ਯੁੱਧ ਦਾ ਖਤਰਾ ਵੱਧ ਰਿਹਾ ਹੈ। ਅਫਗਾਨਿਸਤਾਨ ਖੁਦ ਆਪਣੀਆਂ ਮੁਸ਼ਕਿਲਾਂ ਵਿਚ ਫਸਿਆ ਹੋਇਆ ਹੈ। ਕੇਂਦਰ ਵਿਚ ਪੂਰਨ ਬਹੁਮਤ ਵਾਲੀ ਅਤੇ ਸਪਸ਼ਟ ਨਜ਼ਰੀਏ ਵਾਲੀ ਸਰਕਾਰ ਹੈ। ਪੰਜਾਬ ਦੇ ਲੋਕਾਂ ਨੇ ਮਾੜੇ ਦੌਰ ਨੂੰ ਬਹੁਤ ਨੇੜਿਉਂ ਦੇਖਿਆ ਹੈ ਅਤੇ ਅੱਜ 90 ਫੀਸਦੀ ਤੋਂ ਜ਼ਿਆਦਾ ਪੰਜਾਬੀ ਪੰਜਾਬ ਵਿਚ ਪੂਰਨ ਅਮਨ-ਸ਼ਾਂਤੀ ਚਾਹੁੰਦੇ ਹਨ। ਪੰਜਾਬੀਆਂ ਨੂੰ ਵੱਖਵਾਦ ਵਿਚ ਤਰੱਕੀ ਦਾ ਰਸਤਾ ਨਜ਼ਰ ਨਹੀਂ ਆਉਂਦਾ ਕਿਉਂਕਿ 1947 ਦੇ ਜ਼ਖਮ ਹਾਲੇ ਵੀ ਭਰੇ ਨਹੀਂ ਹਨ। ਇਸ ਤੋਂ ਇਲਾਵਾ ਪੰਜਾਬ ਦਾ ਸਮਾਜਿਕ ਢਾਂਚਾ, ਜੋ ਹਿੰਦੂ-ਸਿੱਖ ਵਿਚ ਕੋਈ ਫਰਕ ਨਹੀਂ ਸਮਝਦਾ। ਹਾਂ, ਕੁਝ ਤੱਤ ਨੇ ਜਿਹੜੇ ਆਪਣਾ ਸਵਾਰਥਾਂ, ਰਾਜਨੀਤੀ ਲਈ ਫਿਰਕੂ ਤੱਤਾਂ ਨੂੰ ਸ਼ਹਿ ਦਿੰਦੇ ਹਨ ਪਰ ਉਹ ਨਾਕਾਫੀ ਹਨ। ਵਿਦੇਸ਼ਾਂ ਵਿਚ ਅੱਜ ਪੰਜਾਬੀ ਬਹੁਤ ਵੱਡੀ ਗਿਣਤੀ ਵਿਚ ਵੱਸਦੇ ਹਨ, ਪਰ ਉਹ ਵੀ ਨਹੀਂ ਚਾਹੁੰਦੇ ਕਿ ਪੰਜਾਬ ਮਾੜੇ ਦੌਰ ਵੱਲ ਦੁਬਾਰਾ ਪਰਤੇ। ਅਜਿਹੇ ਕੁਝ ਕਾਰਨ ਹਨ, ਜਿਹਨਾਂ ਕਾਰਨ ਪੰਜਾਬ ਵਿਚ ਹਾਲਾਤ ਖਰਾਬ ਹੋਣ ਦੇ ਆਸਾਰ ਘੱਟ ਹਨ ਪਰ ਸਿਆਸਤ ਤਾਂ ਸਿਆਸਤ ਹੁੰਦੀ ਹੈ। ਲੋਕਰਾਜ ਵਿਚ ਵੋਟ ਲੈਣ ਲਈ ਸਿਆਸੀ ਪਾਰਟੀਆਂ ਜਾਤ, ਧਰਮ, ਨਸਲ, ਖੇਤਰ, ਗੰਭੀਰ ਮੁੱਦੇ, ਆਮ ਮੁੱਦੇ ਸਭ ਤੇ ਰਾਜਨੀਤੀ ਕਰਦੀਆਂ ਹਨ ਅਤੇ ਅਜਿਹੀ ਰਾਜਨੀਤੀ ਕਾਰਨ ਕੁਝ ਵਾਦ-ਵਿਵਾਦ ਰਹਿਣਗੇ ਪਰ ਅਜਿਹਾ ਨਜ਼ਰ ਨਹੀਂ ਆ ਰਿਹਾ ਕਿ ਲੀਹ ਤੇ ਦੁਬਾਰਾ ਪਰਤ ਰਿਹਾ ਪੰਜਾਬ ਦੁਬਾਰਾ ਡੀ-ਰੇਲ ਹੋ ਜਾਵੇਗਾ।

**-ਬਲਬੀਰ ਸਿੰਘ ਐਮ ਏ**

Balbir Singh M.A.
Editor in Chief & Publisher
e-mail: bsma54@gmail.com
Tel : 510-938-7771
36415 RUSCHIN DR. NEWARK, CA 94560
Ranjit Kandola ,Managing Editor
email-Kandola@macloans.net
Buta Ram joshi Staff Reporter, Fresno 559-803-0055
Sanjeev Garg Kali, Reporter Malwa Area, 96713-53789
RAJ BUDWAL
MEDIA PARTNER / REPRESENTATIVE
8350202@gmail.com 408-835-0202
Web designed www.pardestimes.com
by Aman Bansil 510-589-2245

The Pardes Times And People Associated With It Are Not Responsible For Any Claims Made By The Advertisers And Don't Endorse Any Product Or Services Advertised In The Pardes Times. Please Consult Your Attorney Before , Buying/Hiring Contracting Through The Ads Published In The News Paper. The Pardes Times Is In Business Of Selling Spaces And Claims Made By Advertisers Are Not Tested/Confirmed By An Independent Source.

# ਭਾਰਤੀ ਮੂਲ ਦੇ ਅਮਰੀਕਨ ਪੰਜਾਬੀ/ਸਿੱਖ ਵਰਲਡ ਬੈਂਕ ਦੇ ਪਹਿਲੇ ਮੁਖੀ



**ਉਜਾਗਰ ਸਿੰਘ**

ਭਾਰਤੀਆਂ/ਪੰਜਾਬੀਆਂ/ਸਿੱਖਾਂ ਨੇ ਆਪਣੀਆਂ ਸਿਆਣਪਾਂ, ਕਾਰਜ-ਕੁਸ਼ਲਤਾਵਾਂ ਅਤੇ ਮਿਹਨਤੀ ਸੁਭਾਅ ਵਾਲੀਆਂ ਅਦਾਵਾਂ ਨਾਲ ਸੰਸਾਰ 'ਚ ਆਪਣਾ ਸਿੱਕਾ ਜਮਾਇਆ ਹੈ। ਕਮਲਾ ਹੈਰਿਸ ਤੇ ਨਿੱਕੀ ਹੈਲੀ ਵਰਗੀਆਂ ਇਸਤਰੀਆਂ ਨੇ ਵੀ ਆਪਣੀ ਕਾਬਲੀਅਤ ਦਾ ਪ੍ਰਗਟਾਵਾ ਕਰਦਿਆਂ ਅਮਰੀਕਾ ਵਰਗੇ ਸੰਸਾਰ ਦੇ ਸਭ ਤੋਂ ਪ੍ਰਭਾਵਸ਼ਾਲੀ ਤਾਕਤਵਰ ਦੇਸ਼ ਵਿਚ ਨਾਮ ਕਮਾਇਆ ਹੈ। ਹੁਣ ਇਕ ਹੋਰ ਚਮਕਦੇ ਸਿਤਾਰੇ ਭਾਰਤੀ ਮੂਲ ਦੇ ਅਮਰੀਕਨ ਅਜੇਪਾਲ ਸਿੰਘ ਬਾਂਗਾ ਨੂੰ ਅਮਰੀਕਾ ਦੇ ਰਾਸ਼ਟਰਪਤੀ ਜੋਅ ਬਾਇਡਨ ਵੱਲੋਂ ਵਿਸ਼ਵ ਬੈਂਕ ਦਾ ਮੁਖੀ ਨਾਮਜ਼ਦ ਕੀਤਾ ਗਿਆ ਹੈ।

ਉਨ੍ਹਾਂ ਦੇ ਵਿਸ਼ਵ ਬੈਂਕ ਦੇ ਮੁਖੀ ਬਣਨ ਨਾਲ ਸਿੱਖਾਂ ਦੀ ਪਛਾਣ ਦੀ ਸਮੱਸਿਆ ਵੀ ਹੱਲ ਹੋਣ ਦੀ ਸੰਭਾਵਨਾ ਬਣੇਗੀ। ਜੇਕਰ ਵਿਸ਼ਵ ਬੈਂਕ ਦੇ ਬੋਰਡ ਆਫ ਡਾਇਰੈਕਟਰਜ਼ ਵੱਲੋਂ ਪ੍ਰਵਾਨਗੀ ਦੇ ਦਿੱਤੀ ਗਈ ਤਾਂ ਉਹ ਵਿਸ਼ਵ ਬੈਂਕ ਦੇ ਭਾਰਤੀ ਮੂਲ ਦੇ ਅਮਰੀਕਨ ਪੰਜਾਬੀ/ਸਿੱਖ ਪਹਿਲੇ ਮੁਖੀ ਹੋਣਗੇ। ਆਮ ਤੌਰ 'ਤੇ ਅਮਰੀਕਾ ਵੱਲੋਂ ਨਾਮਜ਼ਦ ਕੀਤਾ ਗਿਆ ਵਿਅਕਤੀ ਹੀ ਵਿਸ਼ਵ ਬੈਂਕ ਦਾ ਮੁਖੀ ਹੁੰਦਾ ਹੈ ਕਿਉਂਕਿ ਅਮਰੀਕਾ ਵਿਸ਼ਵ ਬੈਂਕ ਦਾ ਸਭ ਤੋਂ ਵੱਡਾ ਸ਼ੇਅਰ ਹੋਲਡਰ ਹੈ।

ਇਸ ਤੋਂ ਪਹਿਲਾਂ 2019 ਵਿਚ ਡੋਨਲਡ ਟਰੰਪ ਨੇ ਡੇਵਿਡ ਪਾਲ ਪੋਲਸਮੈਨ ਨੂੰ ਚੇਅਰਮੈਨ ਨਾਮਜ਼ਦ ਕੀਤਾ ਸੀ ਪਰ ਉਹ ਆਪਣੇ ਦਿੱਤੇ ਬਿਆਨ ਦੇ ਵਾਦ-ਵਿਵਾਦ ਕਰਕੇ ਇਕ ਸਾਲ ਪਹਿਲਾਂ ਅਹੁਦਾ ਛੱਡ ਰਹੇ ਹਨ। ਇਸ ਕਰਕੇ ਅਮਰੀਕਾ ਦੇ ਰਾਸ਼ਟਰਪਤੀ ਨੇ ਨਿਸ਼ਚਿਤ ਸਮੇਂ ਤੋਂ ਇਕ ਸਾਲ ਪਹਿਲਾਂ ਹੀ ਅਜੇਪਾਲ ਸਿੰਘ ਬਾਂਗਾ ਦੇ ਨਾਮ ਦੀ ਸਿਫ਼ਾਰਸ਼ ਕੀਤੀ ਹੈ। ਬਾਂਗਾ ਦਾ ਬੈਂਕ ਤੇ ਜਲਵਾਯੂ ਬਦਲਾਅ ਨਾਲ ਨਜਿੱਠਣ ਦਾ ਲੰਬਾ ਤਜਰਬਾ ਹੈ। ਉਹ ਪ੍ਰਾਈਵੇਟ ਇਕੁਇਟੀ ਵਿਚ ਕੰਮ ਕਰਦੇ ਰਹੇ ਹਨ। ਉਨ੍ਹਾਂ ਦਾ ਨਿੱਜੀ ਖੇਤਰ ਦੀ ਮਦਦ ਨਾਲ ਬੈਂਕ ਦੇ ਟੀਚੇ ਪੂਰੇ ਕਰਵਾਉਣ ਦਾ ਤਜਰਬਾ ਹੈ। ਅਜੇਪਾਲ ਬਾਂਗਾ ਦਾ ਸਰਕਾਰੀ ਕੰਪਨੀਆਂ ਅਤੇ ਗ਼ੈਰ-ਮੁਨਾਫ਼ੇ ਵਾਲੀਆਂ ਕੰਪਨੀਆਂ ਦਰਮਿਆਨ ਭਾਈਵਾਲੀ ਬਣਾਉਣ ਦਾ ਵਿਸ਼ਾਲ ਤਜਰਬਾ ਹੈ।



ਬਾਂਗਾ ਨੂੰ ਅਮਰੀਕਾ ਦੀ ਉਪ ਰਾਸ਼ਟਰਪਤੀ ਕਮਲਾ ਹੈਰਿਸ ਨਾਲ ਨਾਰਥ ਸੈਂਟਰਲ ਅਮਰੀਕਾ 'ਚ ਮਾਈਗ੍ਰੇਸ਼ਨ ਸਬੰਧੀ ਕੰਮ ਕਰਨ ਦਾ ਤਜਰਬਾ ਵੀ ਹੈ। ਉਨ੍ਹਾਂ ਨੇ ਬਰਾਕ ਓਬਾਮਾ ਨਾਲ ਕਮਿਸ਼ਨ ਆਨ ਐਨਹਾਂਸਿੰਗ ਨੈਸ਼ਨਲ ਸਾਈਬਰ ਸਕਿਉਰਿਟੀ ਦੇ ਮੈਂਬਰ ਦੇ ਤੌਰ 'ਤੇ ਕੰਮ ਕੀਤਾ ਹੈ।

ਮੱਧ ਅਮਰੀਕਾ ਲਈ ਸਾਂਝੇਦਾਰੀ ਦੇ ਸਹਿ ਚੇਅਰਮੈਨ ਵਜੋਂ ਵ੍ਹਾਈਟ ਹਾਊਸ ਨਾਲ ਕੰਮ ਕੀਤਾ ਹੈ ਜਿਸ ਦੀ ਨਿੱਜੀ ਖੇਤਰ ਵਿਚ ਨਿਵੇਸ਼ ਨੂੰ ਉਤਸ਼ਾਹਤ ਕਰਨ ਦੀ ਜ਼ਿੰਮੇਵਾਰੀ ਹੈ। ਵਿਸ਼ਵ ਬੈਂਕ ਨੇ ਇਸ ਅਹੁਦੇ ਲਈ ਤਿੰਨ ਉਮੀਦਵਾਰ ਸ਼ਾਰਟਲਿਸਟ ਕੀਤੇ ਹਨ। ਅਮਰੀਕਾ ਤੋਂ ਇਲਾਵਾ ਹੋਰ ਕਿਸੇ ਦੇਸ਼ ਦੀ ਨਾਮਜ਼ਦਗੀ ਅਜੇ ਤਕ ਨਹੀਂ ਆਈ। ਮਈ 2023 ਤਕ ਨਵੇਂ ਚੇਅਰਮੈਨ ਦੇ ਅਹੁਦਾ ਸੰਭਾਲਣ ਦੀ ਉਮੀਦ ਹੈ।

ਇਹ ਬੈਂਕ ਵਿਕਾਸਸ਼ੀਲ ਦੇਸ਼ਾਂ ਨੂੰ ਗ਼ਰੀਬੀ ਘਟਾਉਣ ਅਤੇ ਜਲਵਾਯੂ ਦੇ ਬਦਲਾਅ ਲਈ ਕਈ ਅਰਬ ਡਾਲਰਾਂ ਦੇ ਉਧਾਰ ਦਿੰਦਾ ਹੈ। ਅਮਰੀਕਾ ਜਲਵਾਯੂ ਵਿਚ ਆ ਰਹੀ ਅਣਕਿਆਸੀ ਤਬਦੀਲੀ ਤੋਂ ਚਿੰਤਤ ਹੈ। ਉਕਤ ਮਸਲੇ ਕਰਕੇ ਮਾਨਵਤਾ ਡੂੰਘੇ ਸਿਹਤ ਸੰਕਟ ਵਿਚ ਆ ਸਕਦੀ ਹੈ। ਅਜੇਪਾਲ ਸਿੰਘ ਬਾਂਗਾ ਨੂੰ ਅਮਰੀਕਾ ਦੇ ਰਾਸ਼ਟਰਪਤੀ ਵੱਲੋਂ ਨਾਮਜ਼ਦ ਕਰਨ ਨਾਲ ਸੰਸਾਰ ਵਿਚ ਸਿੱਖ ਭਾਈਚਾਰੇ ਦੀ ਮਾਨਤਾ ਵਿਚ ਵਾਧਾ ਹੋਇਆ ਹੈ।

ਜੋਅ ਬਾਇਡਨ ਵੱਲੋਂ ਬਾਂਗਾ ਨੂੰ ਨਾਮਜ਼ਦ ਕਰਦਿਆਂ ਕਿਹਾ ਗਿਆ ਹੈ ਕਿ ਉਨ੍ਹਾਂ 'ਚ ਵਿਸ਼ਵ ਬੈਂਕ ਅਤੇ ਸੰਸਾਰ ਵਿਚ ਵਾਪਰ ਰਹੀਆਂ ਆਰਥਿਕ ਚੁਣੌਤੀਆਂ ਨੂੰ ਠੱਲ੍ਹ ਪਾਉਣ ਦੀ ਸਮਰੱਥਾ ਹੈ। ਉਹ ਵਿਸ਼ਵ ਬੈਂਕ ਦੀ ਅਗਵਾਈ ਕਰਨ ਦੇ ਯੋਗ ਅਰਥ ਸ਼ਾਸਤਰੀ ਹਨ। ਬਾਇਡਨ ਨੇ ਕਿਹਾ ਕਿ ਬਾਂਗਾ ਨੂੰ ਮਾਣ ਜਾਂਦਾ ਹੈ ਕਿ ਉਨ੍ਹਾਂ ਸੰਸਾਰ ਦੀਆਂ ਬਹੁਤ ਹੀ ਮਹੱਤਵਪੂਰਨ ਵਪਾਰਕ ਸੰਸਥਾਵਾਂ ਵਿਚ ਕੰਮ ਕਰਦਿਆਂ ਹਮੇਸ਼ਾ ਸਫਲਤਾ ਪ੍ਰਾਪਤ ਕੀਤੀ ਹੈ। ਕਾਬਿਲੇਗ਼ੌਰ ਹੈ ਕਿ ਅਜੇਪਾਲ ਸਿੰਘ ਬਾਂਗਾ ਨੇ ਤਿੰਨ ਦਹਾਕਿਆਂ ਤੋਂ ਵੀ ਵੱਧ ਸਮਾਂ ਗਲੋਬਲ ਕੰਪਨੀਆਂ ਦੀ ਮੈਨੇਜਮੈਂਟ, ਡਿਵੈਲਪਿੰਗ ਆਰਥਿਕਤਾ ਲਈ ਇਨਵੈਸਟਮੈਂਟ ਲਿਆਂਦੀ, ਉਨ੍ਹਾਂ 'ਚ ਵਿਲੱਖਣ ਤਬਦੀਲੀਆਂ ਕੀਤੀਆਂ ਅਤੇ ਰੁਜ਼ਗਾਰ ਦੇ ਮੌਕੇ ਪੈਦਾ ਕਰਕੇ ਆਰਥਿਕ ਤੌਰ 'ਤੇ ਮਜ਼ਬੂਤ ਬਣਾਇਆ ਹੈ। ਉਨ੍ਹਾਂ ਦਾ ਪਿਛਲਾ ਰਿਕਾਰਡ ਸ਼ਾਨਦਾਰ ਤੇ ਵਰਣਨਯੋਗ ਹੈ।

ਇਸ ਸਮੇਂ ਉਹ ਇਕ ਪ੍ਰਾਈਵੇਟ ਇਕੁਇਟੀ ਫਰਮ ਜਨਰਲ ਐਟਲ-ਾਂਟਿਕ ਦੇ ਉਪ ਚੇਅਰਮੈਨ ਹਨ। ਇਸ ਫਰਮ ਦੇ ਉਹ ਸਲਾਹਕਾਰ ਹਨ ਕਿ 350 ਕਰੋੜ ਰੁਪਏ ਦੀ ਜਲਵਾਯੂ ਬਦਲਾਅ ਲਈ ਰੱਖੀ ਰਕਮ ਕਿਵੇਂ ਖ਼ਰਚਣੀ ਹੈ। ਅਪ੍ਰੈਲ 2010 ਵਿਚ ਉਨ੍ਹਾਂ ਨੂੰ ਮਾਸਟਰਕਾਰਡ ਦੇ ਪ੍ਰੈਜ਼ੀਡੈਂਟ ਤੇ ਚੀਫ ਐਗਜ਼ੀ-ਕਿਊਟਿਵ ਅਧਿਕਾਰੀ ਨਿਯੁਕਤ ਕੀਤਾ ਗਿਆ ਸੀ।

ਇਸ ਤੋਂ ਪਹਿਲਾਂ ਉਹ ਇਸ ਦੇ ਬੋਰਡ ਆਫ ਡਾਇਰੈਕਟਰ ਦੇ ਮੈਂਬਰ ਸਨ। ਜੂਨ 2018 ਵਿਚ ਬਾਂਗਾ ਨੂੰ ਇੰਟਰਨੈਸ਼ਨਲ ਚੈਂਬਰ ਆਫ ਕਾਮਰਸ ਦਾ ਉਪ ਚੇਅਰਮੈਨ ਬਣਾਇਆ ਗਿਆ। ਡੇਵਿਡ ਪਾਲ ਪੋਲਸਮੈਨ ਤੋਂ ਬਾਅਦ 2020 ਵਿਚ ਅਜੇਪਾਲ ਬਾਂਗਾ ਇੰਟਰਨੈਸ਼ਨਲ ਚੈਂਬਰ ਆਫ ਕਾਮਰਸ ਦੇ ਚੇਅਰਮੈਨ ਚੁਣੇ ਗਏ। ਇਕ ਜਨਵਰੀ 2022 ਨੂੰ ਉਹ ਜਨਰਲ ਐਟਲਾਂਟਿਕ ਦੇ ਉਪ ਚੇਅਰਮੈਨ ਚੁਣੇ ਗਏ। ਹੁਣ 23 ਫਰਵਰੀ ਨੂੰ ਅਮਰੀਕਾ ਦੇ ਰਾਸ਼ਟਰਪਤੀ ਨੇ ਉਨ੍ਹਾਂ ਨੂੰ ਵਿਸ਼ਵ ਬੈਂਕ ਦੇ ਮੁਖੀ ਵਜੋਂ ਨਾਮਜ਼ਦ ਕੀਤਾ ਹੈ। ਅਜੇਪਾਲ ਬਾਂਗਾ ਨੂੰ ਮਾਣ ਜਾਂਦਾ ਹੈ ਕਿ ਉਹ ਸੰਸਾਰ ਦੀਆਂ ਵੱਡੀਆਂ ਕੰਪਨੀਆਂ ਦੇ ਡਾਇਰੈਕਟਰ, ਮੈਂਬਰ, ਉਪ ਚੇਅਰਮੈਨ ਅਤੇ ਚੇਅਰਮੈਨ ਰਹੇ ਹਨ। ਇਸ ਸਮੇਂ ਉਹ ਇਕ ਦਰਜਨ ਤੋਂ ਉੱਪਰ ਵੱਡੀਆਂ ਕੰਪਨੀਆਂ ਦੇ ਬੋਰਡ ਆਫ ਡਾਇਰੈਕਟਰ ਦੇ ਮੈਂਬਰ ਹਨ ਜਿਨ੍ਹਾਂ 'ਚ 2014 ਤੋਂ ਮੈਂਬਰ ਆਫ ਬੋਰਡ ਆਫ ਅਮਰੀਕਨ ਰੈੱਡ ਕਰਾਸ, ਉਪ ਚੇਅਰਮੈਨ ਆਫ ਦਿ ਬੋਰਡ ਇਕਨਾਮਿਕ ਕਲੱਬ ਆਫ ਨਿਊਯਾਰਕ, ਮੈਂਬਰ ਆਫ ਬੋਰਡ ਆਫ ਡਾਇਰੈਕਟਰਜ਼ ਪੀਟਰਸਨ ਇੰਸਟੀਚਿਊਟ ਫਾਰ ਇੰਟਰਨੈਸ਼ਨਲ ਇਕਨਾਮਿਕਸ, ਮੈਂਬਰ ਟਰੀਲੇਟਰਲ ਕਮਿਸ਼ਨ, ਕੋ ਚੇਅਰ ਆਫ ਦਿ ਬੋਰਡ ਆਫ ਡਾਇਰੈਕਟਰਜ਼ ਅਮਰੀਕਨ ਇੰਡੀਆ ਫਾਊਂਡੇਸ਼ਨ ਅਤੇ 300 ਕੰਪਨੀਆਂ ਵਾਲੀ ਅਮਰੀਕਨ ਇੰਡੀਆ ਬਿਜ਼ਨਸ ਕੌਂਸਲ ਦੇ ਚੇਅਰਮੈਨ ਹਨ।

ਬਾਂਗਾ ਨੇ ਆਪਣਾ ਵਪਾਰਕ ਕਰੀਅਰ 1981 ਵਿਚ ਨੈਸਲੇ ਕੰਪਨੀ ਤੋਂ ਸ਼ੁਰੂ ਕੀਤਾ ਸੀ ਜਿੱਥੇ ਉਹ 13 ਸਾਲ ਸੇਲਜ਼, ਮਾਰਕੀਟਿੰਗ ਅਤੇ ਜਨਰਲ ਮੈਨੇਜਮੈਂਟ ਦਾ ਕੰਮ ਵੇਖਦੇ ਰਹੇ। ਸੰਨ 1994 ਵਿਚ ਉਨ੍ਹਾਂ ਨੇ ਪੈਪਸੀਕੋ ਜੁਆਇਨ ਕਰ ਲਈ ਸੀ। ਇਸ ਕੰਪਨੀ ਵਿਚ ਕੰਮ ਕਰਦਿਆਂ ਉਨ੍ਹਾਂ ਭਾਰਤ ਵਿਚ ਅੰਤਰਰਾਸ਼ਟਰੀ ਫਾਸਟ ਫੂਡ ਫਰੈਂਚਾਈਜ਼ ਲਾਂਚ ਕੀਤਾ। ਉਨ੍ਹਾਂ ਦੀ ਦਿਲਚਸਪੀ ਸੋਸ਼ਲ ਡਿਵੈਲਪਮੈਂਟ ਖੇਤਰ ਵਿਚ ਜ਼ਿਆਦਾ ਹੈ। ਸੰਨ 1996 ਵਿਚ ਉਨ੍ਹਾਂ ਸਿਟੀ ਬੈਂਕ ਦੇ ਭਾਰਤ ਵਿਚ ਮਾਰਕੀਟਿੰਗ ਮੁਖੀ ਫਾਰ ਕੰਜ਼ਿਊਮਰਜ਼ ਬਿਜ਼ਨਸ ਲਈ ਕੰਮ ਕੀਤਾ। ਅਮਰੀਕਾ ਵਿਚ 9-11 ਦੇ ਹਮਲੇ ਸਮੇਂ ਅਜੇ ਉਹ ਅਮਰੀਕਾ ਆਏ ਸਨ ਤਾਂ ਉਨ੍ਹਾਂ ਸਿਟੀ ਬੈਂਕ ਰਿਟੇਲ ਬੈਂਕਿੰਗ, ਕੰਜ਼ਿਊਮਰ ਐਸੇਟਸ ਡਵੀਜ਼ਨ ਵਿਚ ਕੰਮ ਕੀਤਾ ਜਿੱਥੇ ਉਨ੍ਹਾਂ ਨੂੰ ਨਸਲੀ ਵਿਤਕਰਿਆਂ ਦਾ ਵੀ ਸਾਹਮਣਾ ਕਰਨਾ ਪਿਆ। ਇਸ ਬੈਂਕ ਵਿਚ ਉਨ੍ਹਾਂ ਨੇ ਤੇਰਾਂ ਸਾਲ ਕੰਮ ਕੀਤਾ।

ਬਾਂਗਾ ਨੇ ਇਸ ਵੱਡੀ ਕੰਪਨੀ ਨੂੰ ਛੱਡ ਕੇ ਇਕ ਛੋਟੀ ਕੰਪਨੀ ਮਾਸਟਰ ਕਾਰਡ ਵਿਚ ਜੁਆਇਨ ਕਰ ਲਿਆ। ਉਨ੍ਹਾਂ ਇਸ ਕੰਪਨੀ ਦਾ ਬਿਜ਼ਨਸ ਤਿੰਨ ਗੁਣਾ ਵਧਾ ਦਿੱਤਾ। ਉਹ ਹਮੇਸ਼ਾ ਚੁਣੌਤੀਆਂ ਨੂੰ ਸਰ ਕਰਨ ਵਿਚ ਯਕੀਨ ਰੱਖਦੇ ਹਨ। ਉਹ 2005 ਤੋਂ ਮੱਧ 2009 ਤਕ ਸੰਸਾਰ ਵਿਚ ਮਾਈਕਰੋ ਫਾਈਨਾਂਸ ਸੈਕਟਰ ਦੀ ਰਣਨੀਤੀ ਬਣਾਉਣ ਦਾ ਕੰਮ ਕਰਦੇ ਰਹੇ। ਅਜੇਪਾਲ ਸਿੰਘ ਬਾਂਗਾ ਨੂੰ 2016 ਵਿਚ ਭਾਰਤ ਸਰਕਾਰ ਨੇ ਉਨ੍ਹਾਂ ਵੱਲੋਂ ਵਪਾਰ ਦੇ ਖੇਤਰ ਵਿਚ ਕੀਤੀਆਂ ਪ੍ਰਾਪਤੀਆਂ ਕਰਕੇ ਪਦਮਸ਼੍ਰੀ ਦਾ ਖਿਤਾਬ ਦਿੱਤਾ ਸੀ। ਬਾਂਗਾ ਦਾ ਜਨਮ ਖੜਕੀ ਛਾਉਣੀ (ਪੁਣੇ) ਵਿਖੇ ਲੈਫ. ਜਨਰਲ ਹਰਭਜਨ ਸਿੰਘ ਅਤੇ ਮਾਤਾ ਜਸਵੰਤ ਕੌਰ ਦੇ ਘਰ 10 ਨਵੰਬਰ 1959 ਨੂੰ ਹੋਇਆ ਸੀ।

ਉਨ੍ਹਾਂ ਦੇ ਖ਼ਾਨਦਾਨ ਦਾ ਪਿਛੋਕੜ ਪਿੰਡ ਸੂਰਾਪੁਰ (ਬੰਗਾ) ਨਾਲ ਸਬੰਧਤ ਹੈ। ਫਿਰ ਉਨ੍ਹਾਂ ਦੇ ਪੁਰਖੇ ਜਲੰਧਰ ਆ ਗਏ ਸਨ। ਉਹ ਸੈਣੀ ਸਿੱਖ ਭਾਈਚਾਰੇ ਨਾਲ ਸਬੰਧ ਰੱਖਦੇ ਹਨ। ਉਨ੍ਹਾਂ ਦੇ ਪਿਤਾ ਫ਼ੌਜ ਵਿਚ ਹੋਣ ਕਾਰਨ ਉਨ੍ਹਾਂ ਦੀ ਮੁੱਢਲੀ ਪੜ੍ਹਾਈ 'ਸੇਂਟ ਐਡਵਰਡ ਸਕੂਲ ਸ਼ਿਮਲਾ' ਅਤੇ 'ਦਿ ਹੈਦਰਾਬਾਦ ਪਬਲਿਕ ਸਕੂਲ' ਹੈਦਰਾਬਾਦ ਵਿਚ ਹੋਈ ਸੀ। ਬਾਂਗਾ ਨੇ ਆਰਟਸ ਵਿਚ ਗ੍ਰੈਜੂਏਸ਼ਨ ਇਕਨਾਮਿਕਸ 'ਚ ਆਨਰਜ਼ ਨਾਲ ਸੇਂਟ ਸਟੀਫਨ ਕਾਲਜ ਦਿੱਲੀ ਤੋਂ ਪਾਸ ਕੀਤੀ। ਪੋਸਟ ਗ੍ਰੈਜੂਏਸ਼ਨ ਪੀਜੀਪੀ ਜੋ ਐਮਬੀਏ ਦੇ ਬਰਾਬਰ ਦੀ ਡਿਗਰੀ ਹੈ, ਇੰਡੀਅਨ ਇੰਸਟੀਚਿਊਟ ਆਫ ਮੈਨੇਜਮੈਂਟ ਅਹਿਮਦਾਬਾਦ ਤੋਂ ਕੀਤੀ। ਉਨ੍ਹਾਂ ਦਾ ਵਿਆਹ ਰਿਤੂ ਬਾਂਗਾ ਨਾਲ ਹੋਇਆ। ਉਨ੍ਹਾਂ ਦੇ ਦੋ ਬੱਚੇ ਲੜਕੀ ਅਦਿੱਤੀ ਬਾਂਗਾ ਅਤੇ ਲੜਕਾ ਜੋਜੋ ਬਾਂਗਾ ਹਨ। ਅਜੇਪਾਲ ਸਿੰਘ ਬਾਂਗਾ ਦਾ ਵੱਡਾ ਭਰਾ ਐਮਐਸ ਬਾਂਗਾ ਭਾਰਤ ਵਿਚ ਵੱਡਾ ਕਾਰੋਬਾਰੀ ਹੈ।

## 'ਪਰਦੇਸ ਟਾਇਮਜ਼' ਦੇ ਆਨਰੇਰੀ ਸਲਾਹਕਾਰ ਤੇ ਸਹਿਯੋਗੀ

| | | | |
|---|---|---|---|
| (1) ਸ. ਦੀਦਾਰ ਸਿੰਘ ਬੈਂਸ | (10) ਡਾ. ਚਰਨਜੀਤ ਸਿੰਘ ਉਪਲ | (19) ਕਸ਼ਮੀਰ ਸਿੰਘ ਧੁੱਗਾ | (28) ਹੈਰੀ ਸਿੱਧੂ |
| (2) ਅਵਤਾਰ ਸਿੰਘ ਸਹੋਤਾ | (11) ਕੁਲਦੀਪ ਸਿੰਘ ਅਟਵਾਲ | (20) ਅਮੋਲਕ ਸਿੰਘ ਗਾਖਲ | (29) ਜਸਵੀਰ ਸਿੰਘ ਕੁਲਾਰ |
| (3) ਗੈਰੀ ਬਸਰਾਏ | (12) ਸੁਰਜੀਤ ਸਿੰਘ ਅਟਵਾਲ | (21) ਹਰਨੇਕ ਸਿੰਘ ਅਟਵਾਲ | (30) ਰਾਜ ਬਡਵਾਲ |
| (4) ਹਰਦੀਪ ਸਿੰਘ ਢਾਡਲੀ | (13) ਬਘੇਲ ਸਿੰਘ ਜਸਵਾਲ | (22) ਬਲਦੇਵ ਸਿੰਘ ਮਾਨ | (31) ਕਮਲਜੀਤ ਸਿੰਘ ਅਟਵਾਲ |
| (5) ਬਲਬੀਰ ਸਿੰਘ ਸੋਹਲ | (14) ਗੁਰਵਿੰਦਰ ਸਿੰਘ ਮਾਵੀ | (23) ਸ੍ਰੀ ਸੁੱਚਾ ਰਾਮ ਜੀ | (32) ਡਾ. ਭੁਪਿੰਦਰ ਭੰਡਾਰੀ |
| (6) ਗੁਰਨਾਮ ਸਿੰਘ ਪੰਮਾ | (15) ਡਾ ਦਲਵੀਰ ਪੰਨੂ | (24) ਜੌਹਨ ਸਿੰਘ ਗਿੱਲ | (33) ਅਜੈਬ ਸਿੰਘ ਮੱਲੀ |
| (7) ਦਲਵੀਰ ਸਿੰਘ ਗਿੱਲ | (16) ਡਾ. ਹਰਮੇਸ਼ ਕੁਮਾਰ | (25) ਉਂਕਾਰ ਸਿੰਘ ਸੈਣੀ | (34) ਹਰਜੀਤ ਗਿੱਲ |
| (8) ਗੁਰਮੇਜ ਸਿੰਘ ਗਿੱਲ | (17) ਸੁਰਿੰਦਰ ਸਿੰਘ ਧਨੋਆ | (26) ਕੁਲਵੰਤ ਸਿੰਘ ਨਿਜਰ | (35) ਸਰਬਜੀਤ ਸਿੰਘ ਸਾਬੀ |
| (9) ਸੁਖਰਾਜ ਸਿੰਘ ਢਿੱਲੋਂ | (18) ਅਵਤਾਰ ਸਿੰਘ ਤਾਰੀ | (27) ਸੁਖਵੀਰ ਸਿੰਘ ਨਿਜਰ | (36) ਕੁਲਦੀਪ ਸਿੰਘ ਸਹੋਤਾ (ਡੀਪੀਈ) |

# ਕੀ ਪੰਜਾਬ ਦਾ ਆਰਥਿਕ ਢਾਂਚਾ ਖੇਤੀ ਪ੍ਰਧਾਨ ਹੈ?


ਸੁੱਚਾ ਸਿੰਘ ਗਿੱਲ

ਪੰਜਾਬ ਸੂਬੇ ਦੀ ਆਰਥਿਕਤਾ ਦੇ ਸਬੰਧ ਵਿੱਚ ਕਾਫ਼ੀ ਵਿਦਵਾਨ ਅਤੇ ਮੀਡੀਆਕਰਮੀ ਇਸ ਨੂੰ ਖੇਤੀ ਪ੍ਰਧਾਨ ਸੂਬਾ ਆਖਦੇ ਹਨ। ਇਹ ਵਿਚਾਰ 1970ਵਿਆਂ ਅਤੇ 1980ਵਿਆਂ ਤੋਂ ਸੁਣਦੇ ਆ ਰਹੇ ਹਾਂ। ਇਹ ਸਵਾਲ ਪੈਦਾ ਹੁੰਦਾ ਹੈ: ਕੀ ਪਿਛਲੇ ਚਾਲੀ-ਪੰਜਾਹ ਵਰ੍ਹਿਆਂ ਵਿੱਚ ਕੁਝ ਬਦਲਿਆ ਹੈ ਜਾਂ ਨਹੀਂ? ਕੁਝ ਵਿਦਵਾਨਾਂ ਦੇ ਵਿਚਾਰ ਵਿੱਚ ਹੁਣ ਪੰਜਾਬ ਖੇਤੀ ਪ੍ਰਧਾਨ ਸੂਬਾ ਨਹੀਂ ਰਿਹਾ ਅਤੇ ਇਸ ਦੀ ਆਰਥਿਕਤਾ ਵਿੱਚ ਪਿਛਲੇ ਸਾਲਾਂ ਦੌਰਾਨ ਅਹਿਮ ਤਬਦੀਲੀਆਂ ਆ ਗਈਆਂ ਹਨ। ਇਸ ਨੂੰ ਤਾਜ਼ਾ ਅੰਕੜਿਆਂ ਦੀ ਲੋਅ ਵਿੱਚ ਵਿਚਾਰਨ ਦੀ ਜ਼ਰੂਰਤ ਹੈ। ਇਸ ਸਬੰਧ ਵਿੱਚ ਤਾਜ਼ਾ ਅੰਕੜੇ ਉਪਲਬਧ ਹਨ। ਇਹ ਅੰਕੜੇ ਸੂਬੇ ਦੀ ਕੁੱਲ ਘਰੇਲੂ ਆਮਦਨ ਦੀ ਵੱਖ ਵੱਖ ਖੇਤਰਾਂ ਵਿੱਚ ਵੰਡ ਅਤੇ ਪਰਸਪਰ ਖੇਤਰਾਂ ਵਿੱਚ ਰੁਜ਼ਗਾਰ ਦੀ ਵੰਡ ਬਾਰੇ ਹਨ। ਇਨ੍ਹਾਂ ਦੇ ਆਧਾਰ 'ਤੇ ਸੂਬੇ ਦੀ ਆਰਥਿਕਤਾ ਦੇ ਢਾਂਚੇ ਬਾਰੇ ਵਿਸਥਾਰ ਨਾਲ ਗੱਲ ਕੀਤੀ ਜਾ ਸਕਦੀ ਹੈ।

### ਆਰਥਿਕ ਢਾਂਚੇ ਦੀ ਪ੍ਰੀਭਾਸ਼ਾ

ਅਰਥ ਵਿਗਿਆਨ ਵਿੱਚ ਆਰਥਿਕ ਢਾਂਚੇ ਨੂੰ ਦੋ ਮਾਪਦੰਡਾਂ ਨਾਲ ਪ੍ਰੀਭਾਸ਼ਤ ਕੀਤਾ ਜਾਂਦਾ ਹੈ। ਇੱਕ ਮਾਪਦੰਡ ਕਿਸੇ ਇਲਾਕੇ ਜਾਂ ਦੇਸ਼/ਸੂਬੇ ਦੀ ਆਰਥਿਕਤਾ ਵਿੱਚ ਕੁੱਲ ਘਰੇਲੂ ਆਮਦਨ ਦੀ ਵੱਖ ਵੱਖ ਖੇਤਰਾਂ ਪੈਦਾ ਹੋਣ ਵਾਲੀ ਆਮਦਨ ਦੇ ਮਿਕਦਾਰ ਬਾਰੇ ਹੈ। ਦੂਜਾ ਮਾਪਦੰਡ ਇਹ ਹੈ ਕਿ ਉਸ ਇਲਾਕੇ/ ਸੂਬੇ/ ਦੇਸ਼ ਦੇ ਵੱਖ ਵੱਖ ਖੇਤਰਾਂ ਵਿੱਚ ਕੁੱਲ ਰੁਜ਼ਗਾਰ ਕਿਵੇਂ ਵੰਡਿਆ ਹੋਇਆ ਹੈ। ਇਸ ਦਾ ਮਤਲਬ ਹੈ ਕਿ ਵੱਖ ਵੱਖ ਖੇਤਰਾਂ ਵਿੱਚ ਕੁੱਲ ਰੁਜ਼ਗਾਰ ਦੀ ਮਾਤਰਾ ਲੋਕਾਂ ਨੂੰ ਕੰਮ/ ਰੁਜ਼ਗਾਰ ਕਿੰਨਾ ਦੇ ਰਹੇ ਹਨ। ਜੇਕਰ ਖੇਤੀ ਖੇਤਰ ਸਭ ਤੋਂ ਵੱਧ ਅਨੁਪਾਤ ਵਿੱਚ ਸੂਬੇ ਦੀ ਆਮਦਨ ਪੈਦਾ ਕਰ ਰਿਹਾ ਹੋਵੇ ਅਤੇ ਸਭ ਤੋਂ ਵੱਧ ਰੁਜ਼ਗਾਰ ਵੀ ਲੋਕਾਂ ਨੂੰ ਮੁਹੱਈਆ ਕਰਵਾ ਰਿਹਾ ਹੋਵੇ ਤਾਂ ਉਸ ਨੂੰ ਖੇਤੀ ਪ੍ਰਧਾਨ ਸੂਬਾ ਕਿਹਾ ਦਾ ਸਕਦਾ ਹੈ। ਜੇਕਰ ਇਨ੍ਹਾਂ ਦੋਵੇਂ ਮਾਪਦੰਡਾਂ ਅਨੁਸਾਰ ਕੋਈ ਹੋਰ ਖੇਤਰ ਕੁੱਲ ਆਮਦਨ ਅਤੇ ਕੁੱਲ ਰੁਜ਼ਗਾਰ ਜ਼ਿਆਦਾ ਮੁਹੱਈਆ ਕਰਵਾ ਰਿਹਾ ਹੋਵੇ ਤਾਂ ਆਰਥਿਕਤਾ ਨੂੰ ਉਸ ਖੇਤਰ ਦੇ ਪ੍ਰਭਾਵੀ ਖੇਤਰ ਵਜੋਂ ਜਾਣਿਆ ਜਾਵੇਗਾ। ਆਰਥਿਕਤਾ ਨੂੰ ਆਮ ਤੌਰ 'ਤੇ ਤਿੰਨ ਖੇਤਰਾਂ ਵਿੱਚ ਵੰਡਿਆ ਜਾਂਦਾ ਹੈ। ਇਹ ਖੇਤਰ ਹਨ: ਪ੍ਰਾਇਮਰੀ ਖੇਤਰ, ਸੈਕੰਡਰੀ ਖੇਤਰ ਅਤੇ ਸੇਵਾਵਾਂ ਦਾ ਖੇਤਰ। ਪੰਜਾਬ ਦੇ ਪ੍ਰਸੰਗ ਵਿੱਚ ਸਮਝਣ ਲਈ ਪ੍ਰਾਇਮਰੀ ਖੇਤਰ ਨੂੰ ਖੇਤੀ ਖੇਤਰ, ਸੈਕੰਡਰੀ ਖੇਤਰ ਨੂੰ ਉਦਯੋਗਿਕ ਖੇਤਰ ਵੀ ਕਿਹਾ ਜਾ ਸਕਦਾ ਹੈ। ਇਸ ਦ੍ਰਿਸ਼ਟੀਕੋਣ ਤੋਂ (ੳ) ਖੇਤੀ ਖੇਤਰ (ਅ) ਉਦਯੋਗਿਕ ਖੇਤਰ ਅਤੇ (ੲ) ਸੇਵਾਵਾਂ ਖੇਤਰ, ਦੇ ਤਿੰਨ ਖੇਤਰਾਂ ਨੂੰ ਮੰਨ ਕੇ ਆਰਥਿਕ ਢਾਂਚੇ ਨੂੰ ਸਮਝਿਆ ਜਾ ਸਕਦਾ ਹੈ। ਆਰਥਿਕ ਅਤੇ ਸਮਾਜਿਕ ਵਿਕਾਸ ਨਾਲ ਇਨ੍ਹਾਂ ਖੇਤਰਾਂ ਦੀ ਮਹੱਤਤਾ ਵੱਧ ਘੱਟ ਹੋ ਸਕਦੀ ਹੈ। ਆਮ ਤੌਰ 'ਤੇ ਮੁੱਢਲੇ ਵਿਕਾਸ ਦੇ ਦੌਰ ਵਿੱਚ ਖੇਤੀ ਖੇਤਰ ਸਭ ਤੋਂ ਵੱਧ ਮਹੱਤਵਪੂਰਨ ਹੁੰਦਾ ਹੈ। ਵਿਕਾਸ ਦੇ ਅਗਲੇ ਦੌਰ ਵਿੱਚ ਆਮ ਤੌਰ 'ਤੇ ਉਦਯੋਗਿਕ ਖੇਤਰ ਦੀ ਮਹੱਤਤਾ ਵਿੱਚ ਵਾਧਾ ਹੁੰਦਾ ਹੈ ਪਰ ਕਈ ਵਾਰ ਇਸ ਖੇਤਰ ਦੇ ਜ਼ੋਰ ਨਾਂ ਫੜਨ ਕਰਕੇ ਇਸ ਤੋਂ ਸੇਵਾਵਾਂ ਦਾ ਖੇਤਰ ਅੱਗੇ ਲੰਘ ਸਕਦਾ ਹੈ।

### ਆਰਥਿਕ ਖੇਤਰਾਂ ਦੀ ਮੌਜੂਦਾ ਸਥਿਤੀ

ਪੰਜਾਬ ਦੀ ਆਰਥਿਕਤਾ ਬਾਰੇ ਤਾਜ਼ਾ ਅੰਕੜੇ ਪੰਜਾਬ ਦੇ ਆਰਥਿਕ ਸਰਵੇਖਣ 2021-22 ਵਿੱਚ ਉਪਲਬਧ ਹਨ। ਇਹ ਅੰਕੜੇ ਸੂਬੇ ਵਿੱਚ ਪੈਦਾ ਹੋਣ ਵਾਲੀ ਆਮਦਨ ਅਤੇ ਰੁਜ਼ਗਾਰ ਵਿੱਚ ਲੱਗੇ ਕਿਰਤੀਆਂ ਤੇ ਕੰਮ ਕਰਨ ਵਾਲੇ ਵਿਅਕਤੀਆਂ ਦੇ ਅਨੁਮਾਨਾਂ ਬਾਰੇ ਹਨ। ਇਨ੍ਹਾਂ ਅੰਕੜਿਆਂ ਤੋਂ ਸੂਬੇ ਦੇ ਆਰਥਿਕ ਢਾਂਚੇ ਬਾਰੇ ਸਥਿਤੀ ਸਪੱਸ਼ਟ ਕੀਤੀ ਅਤੇ ਸਮਝੀ ਜਾ ਸਕਦੀ ਹੈ। ਇਹ ਅੰਕੜੇ ਇੱਕ ਸਾਰਣੀ ਵਿੱਚ ਹੇਠਾਂ ਦਿੱਤੇ ਗਏ ਹਨ:

ਇਨ੍ਹਾਂ ਅੰਕੜਿਆਂ ਤੋਂ ਪਤਾ ਲੱਗਦਾ ਹੈ ਕਿ ਖੇਤੀ ਅਤੇ ਇਸ ਨਾਲ ਸਬੰਧਤ ਹੋਰ ਆਰਥਿਕ ਕਿਰਿਆਵਾਂ ਜਿਵੇਂ ਪਸ਼ੂ ਪਾਲਣ, ਜੰਗਲਾਤ ਅਤੇ ਮੱਛੀ ਪਾਲਣ ਤੋਂ ਸੂਬੇ ਨੂੰ 29.2 ਫ਼ੀਸਦੀ ਆਮਦਨ ਹਾਸਲ ਹੋ ਰਹੀ ਹੈ ਅਤੇ ਸੂਬੇ ਦੇ ਕੁੱਲ ਰੁਜ਼ਗਾਰ ਵਿੱਚ ਇਨ੍ਹਾਂ ਦਾ ਹਿੱਸਾ 25.8 ਫ਼ੀਸਦੀ ਹੈ। ਜੇਕਰ ਸਿਰਫ਼ ਫ਼ਸਲਾਂ ਦੀ ਪੈਦਾਵਾਰ ਦਾ ਵੇਰਵਾ ਵੇਖਿਆ ਜਾਵੇ ਤਾਂ ਇਸ ਤੋਂ ਸੂਬੇ ਦੀ ਕੁੱਲ ਆਮਦਨ ਦਾ 17.5 ਫ਼ੀਸਦੀ ਹਿੱਸਾ ਪ੍ਰਾਪਤ ਹੁੰਦਾ ਹੈ ਅਤੇ ਕੁੱਲ ਰੁਜ਼ਗਾਰ ਵਿੱਚ ਫ਼ਸਲਾਂ ਵਿੱਚ 15.6 ਫ਼ੀਸਦੀ ਲੋਕਾਂ ਨੂੰ ਹੀ ਰੁਜ਼ਗਾਰ ਮਿਲਦਾ ਹੈ। ਇਸ ਦੇ ਮੁਕਾਬਲੇ ਉਦਯੋਗਿਕ ਖੇਤਰ ਵਿੱਚੋਂ ਸੂਬੇ ਨੂੰ ਕੁੱਲ ਆਮਦਨ ਦਾ 24.7 ਫ਼ੀਸਦੀ ਹਿੱਸਾ ਪ੍ਰਾਪਤ ਹੁੰਦਾ ਹੈ ਅਤੇ ਇਸ ਤੋਂ 31.8 ਫ਼ੀਸਦੀ ਲੋਕਾਂ ਨੂੰ ਰੁਜ਼ਗਾਰ ਮਿਲਦਾ ਹੈ। ਇਨ੍ਹਾਂ ਦੋਵਾਂ ਦੇ ਮੁਕਾਬਲੇ ਵਿੱਚ ਸੇਵਾਵਾਂ ਦੇ ਖੇਤਰ ਤੋਂ ਸੂਬੇ ਨੂੰ 46.1 ਫ਼ੀਸਦੀ ਆਮਦਨ ਪ੍ਰਾਪਤ ਹੁੰਦੀ ਹੈ ਅਤੇ 42.4 ਫ਼ੀਸਦੀ ਲੋਕਾਂ ਨੂੰ ਰੁਜ਼ਗਾਰ ਮਿਲਦਾ ਹੈ। ਇਸ ਤਰ੍ਹਾਂ ਆਮਦਨ ਅਤੇ ਰੁਜ਼ਗਾਰ ਵਿੱਚ ਹਿੱਸੇਦਾਰੀ ਦੇ ਪੱਖੋਂ ਸੇਵਾਵਾਂ ਦਾ ਖੇਤਰ ਸਭ ਤੋਂ ਮਹੱਤਵਪੂਰਨ ਅਤੇ ਵੱਡਾ ਖੇਤਰ ਬਣ ਗਿਆ ਹੈ। ਦੂਜੇ ਦੋਵੇਂ ਖੇਤੀ ਅਤੇ ਉਦਯੋਗਿਕ ਖੇਤਰ ਸੇਵਾਵਾਂ ਖੇਤਰ ਦੇ ਮੁਕਾਬਲੇ ਵਿੱਚ ਪਿਛੇ ਰਹਿ ਗਏ ਹਨ।



ਇਸ ਲੇਖ ਵਿਚਲੇ ਅੰਕੜਿਆਂ ਦੀ ਲੋਅ ਵਿੱਚ ਇਹ ਸਾਫ਼ ਹੋ ਜਾਂਦਾ ਹੈ ਕਿ ਪੰਜਾਬ ਦਾ ਆਰਥਿਕ ਢਾਂਚਾ ਹੁਣ ਖੇਤੀ ਪ੍ਰਧਾਨ ਨਹੀਂ ਰਿਹਾ ਭਾਵੇਂ 2011 ਦੀ ਜਨਗਣਨਾ ਅਨੁਸਾਰ ਪੰਜਾਬ ਦੀ 62.51 ਫ਼ੀਸਦ ਵਸੋਂ ਪਿੰਡਾਂ ਵਿੱਚ ਰਹਿ ਰਹੀ ਹੈ। ਪਿੰਡਾਂ ਦੇ ਬਹੁਗਿਣਤੀ ਵਿਅਕਤੀ ਖੇਤੀ ਤੋਂ ਇਲਾਵਾ ਪਿੰਡਾਂ ਵਿੱਚ ਜਾਂ ਪਿੰਡਾਂ ਤੋਂ ਬਾਹਰ ਹੋਰ ਕੰਮਾਂ-ਕਾਜਾਂ ਵਿੱਚ ਲੱਗੇ ਹੋਏ ਹਨ।

ਮੌਜੂਦਾ ਸਮੇਂ ਦੌਰਾਨ ਸੇਵਾਵਾਂ ਦਾ ਖੇਤਰ ਹੁਣ ਪੰਜਾਬ ਦੀ ਆਰਥਿਕਤਾ ਵਿੱਚ ਮੁੱਖ ਖੇਤਰ ਬਣ ਗਿਆ ਹੈ। ਪੰਜਾਬ ਦੀ ਆਰਥਿਕਤਾ 1960ਵਿਆਂ, 1970ਵਿਆਂ ਅਤੇ 1980ਵਿਆਂ ਤਕ ਖੇਤੀ ਪ੍ਰਧਾਨ ਸੀ। ਇੱਕੀਵੀਂ ਸਦੀ ਵਿੱਚ ਬੜੀ ਤੇਜ਼ੀ ਨਾਲ ਇਸ ਵਿੱਚ ਤਬਦੀਲੀ ਆ ਗਈ ਹੈ। ਇਸ ਦੌਰਾਨ ਵਿਦਿਆ ਦੇ ਖੇਤਰ ਵਿੱਚ ਪ੍ਰਾਈਵੇਟ ਸਕੂਲ, ਕਾਲਜ ਅਤੇ ਯੂਨੀਵਰਸਿਟੀਆਂ ਖੁੱਲ੍ਹੀਆਂ ਹਨ ਅਤੇ ਸਿਹਤ ਦੇ ਖੇਤਰ ਵਿੱਚ ਪ੍ਰਾਈਵੇਟ ਕਲੀਨਿਕ ਅਤੇ ਹਸਪਤਾਲ ਖੋਲ੍ਹੇ ਗਏ ਹਨ। ਪ੍ਰਾਈਵੇਟ ਰੇਡੀਓ ਅਤੇ ਟੈਲੀਵਿਜ਼ਨ ਕੇਂਦਰ ਅਤੇ ਟੈਲੀਫੋਨ, ਬੈਂਕਿੰਗ ਅਤੇ ਵਿੱਤੀ ਸੇਵਾਵਾਂ ਤੇ ਵਪਾਰ ਵਿੱਚ ਵਾਧਾ ਹੋਇਆ ਹੈ। ਖੇਤੀ ਵਿੱਚ ਖੜੋਤ ਦੇ ਸੰਕੇਤ ਜਾਂ ਧੀਮੀ ਵਿਕਾਸ ਦੀ ਦਰ ਨੋਟ ਕੀਤੀ ਗਈ ਹੈ। ਇਉਂ ਹੀ ਉਦਯੋਗਿਕ ਵਿਕਾਸ ਨੇ ਵੀ ਕੋਈ ਖ਼ਾਸ ਜ਼ੋਰ ਨਹੀਂ ਫੜਿਆ। ਅਸਲ ਵਿੱਚ ਉਦਯੋਗਿਕ ਇਕਾਈਆਂ ਨੂੰ 1982-92 ਦੌਰਾਨ ਪੰਜਾਬ ਵਿੱਚ ਹੋਈ ਹਿੰਸਾ ਨੇ ਐਸੀ ਮਾਰ ਮਾਰੀ ਕਿ ਇਹ ਮੁੜ ਕੇ ਉਠ ਹੀ ਨਹੀਂ ਸਕੀਆਂ। ਰਹਿੰਦੀ ਕਸਰ ਗੁਆਂਢੀ ਹਿਮਾਚਲ ਪ੍ਰਦੇਸ਼ ਅਤੇ ਉੱਤਰਾਖੰਡ ਸੂਬਿਆਂ ਨੂੰ ਕੇਂਦਰ ਸਰਕਾਰ ਵੱਲੋਂ ਉਦਯੋਗਿਕ ਇਕਾਈਆਂ ਨੂੰ ਵਿਸ਼ੇਸ਼ ਟੈਕਸ ਰਿਆਇਤਾਂ/ਸਹੂਲਤਾਂ ਦੇਣ ਨਾਲ ਪੰਜਾਬ ਦੇ ਉਦਯੋਗਿਕ ਵਿਕਾਸ 'ਤੇ ਮਾੜਾ ਅਸਰ ਪਿਆ ਹੈ। ਦੇਸ਼ ਦੇ ਪਾਕਿਸਤਾਨ ਨਾਲ ਤਲਖ਼ ਰਹੇ ਸਬੰਧ ਵੀ ਸੂਬੇ ਦੇ ਉਦਯੋਗਿਕ ਵਿਕਾਸ ਵਾਸਤੇ ਬੁਰੇ ਸਾਬਿਤ ਹੋਏ ਹਨ। ਇਸ ਕਰਕੇ ਖੇਤੀ ਵਿੱਚ ਹਰੇ ਇਨਕਲਾਬ ਤੋਂ ਬਾਅਦ ਉਦਯੋਗਿਕ ਵਿਕਾਸ ਨਾ ਹੋਣ ਕਾਰਨ ਸੇਵਾਵਾਂ ਦਾ ਖੇਤਰ ਪੰਜਾਬ ਵਿੱਚ ਭਾਰੂ ਹੋ ਗਿਆ ਹੈ। ਖੇਤੀ ਵਿੱਚ ਵੱਡੀ ਪੱਧਰ 'ਤੇ ਮਸ਼ੀਨੀਕਰਨ ਕਾਰਨ ਇਸ ਖੇਤਰ ਵਿੱਚੋਂ ਵਿਹਲੇ ਹੋਏ ਕਿਰਤੀਆਂ ਨੂੰ ਰੁਜ਼ਗਾਰ ਵਾਸਤੇ ਦੂਜੇ ਖੇਤਰਾਂ ਵਿੱਚ ਰੁਜ਼ਗਾਰ ਪ੍ਰਾਪਤ ਕਰਨ ਲਈ ਜਾਣਾ ਪਿਆ ਹੈ। ਇਸ ਕਰਕੇ ਖੇਤੀ ਖੇਤਰ ਦਾ ਹਿੱਸਾ ਕੁੱਲ ਰੁਜ਼ਗਾਰ ਵਿੱਚੋਂ ਕਾਫ਼ੀ ਘਟ ਗਿਆ ਹੈ। ਉਦਯੋਗਿਕ ਖੇਤਰ ਦੇ ਵਿਕਾਸ ਵਿੱਚ ਧੀਮੀ ਰਫ਼ਤਾਰ ਨੇ ਕਿਰਤੀਆਂ ਨੂੰ ਰੁਜ਼ਗਾਰ ਮੁਹੱਈਆ ਨਹੀਂ ਕੀਤਾ ਜਿਸ ਕਰਕੇ ਬਹੁਤੇ ਕਿਰਤੀ ਸੇਵਾਵਾਂ ਦੇ ਖੇਤਰ ਵਿੱਚ ਰੁਜ਼ਗਾਰ ਲਈ ਚਲੇ ਗਏ ਹਨ। ਮੌਜੂਦਾ ਹਾਲਾਤ ਵਿੱਚ ਸੇਵਾਵਾਂ ਦਾ ਖੇਤਰ ਸੂਬੇ ਦੀ ਆਰਥਿਕਤਾ ਵਿੱਚ ਮੁੱਖ ਖੇਤਰ ਬਣ ਗਿਆ ਹੈ। ਇਸ ਤਬਦੀਲੀ ਨਾਲ ਸੂਬੇ ਦੀ ਆਰਥਿਕਤਾ ਵਿੱਚ ਇੱਕ ਅਸੰਤੁਲਨ ਪੈਦਾ ਹੋ ਗਿਆ ਹੈ।

### ਖੇਤਰਾਂ ਵਿੱਚ ਅਸੰਤੁਲਨ

ਪੰਜਾਬ ਵਿੱਚ ਹਰੇ ਇਨਕਲਾਬ ਨਾਲ ਖੇਤੀ ਉਤਪਾਦਨ ਵਿੱਚ ਕਈ ਗੁਣਾ ਵਾਧਾ ਹੋਇਆ ਹੈ। ਇਹ ਉਤਪਾਦਨ ਕਣਕ ਅਤੇ ਝੋਨੇ ਦੀਆਂ ਫ਼ਸਲਾਂ ਨੇ ਮੁੱਖ ਤੌਰ 'ਤੇ ਵਧਾਇਆ ਹੈ। ਇਸ ਉਤਪਾਦਨ ਨੂੰ ਕੇਂਦਰ ਦੀਆਂ ਏਜੰਸੀਆਂ ਵੱਲੋਂ ਖ਼ਰੀਦ ਲਿਆ ਜਾਂਦਾ ਹੈ। ਇਸ ਨੂੰ ਫਿਰ ਦੇਸ਼ ਵਿੱਚ ਜਨਤਕ ਵੰਡ ਪ੍ਰਣਾਲੀ ਰਾਹੀਂ ਸਾਰੇ ਦੇਸ਼ ਵਿੱਚ ਵੰਡਿਆ ਜਾਂਦਾ ਹੈ। ਕਣਕ ਨੂੰ ਸਿੱਧੇ ਤੌਰ 'ਤੇ ਅਤੇ ਝੋਨੇ ਨੂੰ ਚੌਲਾਂ ਵਿੱਚ ਤਬਦੀਲ ਕਰਕੇ ਵੰਡਿਆ ਜਾਂਦਾ ਹੈ। ਇਨ੍ਹਾਂ ਫ਼ਸਲਾਂ ਦੀ ਸਹੀ ਪ੍ਰੋਸੈਸਿੰਗ ਨਹੀਂ ਕੀਤੀ ਜਾਂਦੀ। ਇਸ ਕਰਕੇ ਪੰਜਾਬ ਦੇ ਆਰਥਿਕ ਖੇਤਰਾਂ ਵਿੱਚ ਅਸੰਤੁਲਨ ਪੈਦਾ ਹੋ ਗਿਆ ਹੈ ਜਿਸ ਨੂੰ ਦਰੁਸਤ ਕਰਨ ਦੀ ਲੋੜ ਹੈ। ਇਸ ਦੇ ਨਾਲ ਹੀ ਆਰਥਿਕਤਾ ਦੇ ਵਿਕਾਸ ਨੂੰ ਹੁਲਾਰਾ ਮਿਲ ਸਕਦਾ ਹੈ, ਰੁਜ਼ਗਾਰ ਦੇ ਮੌਕੇ ਪੈਦਾ ਕੀਤੇ ਜਾ ਸਕਦੇ ਹਨ ਅਤੇ ਆਰਥਿਕ ਸੰਕਟ ਦੇ ਹੱਲ ਵੱਲ ਵਧਿਆ ਜਾ ਸਕਦਾ ਹੈ। ਜੇਕਰ ਖੇਤੀ ਫ਼ਸਲਾਂ ਦੀ ਪ੍ਰੋਸੈਸਿੰਗ ਕਰਕੇ ਵੇਚਿਆ ਜਾਵੇ ਤਾਂ ਇਸ ਨਾਲ ਪੰਜਾਬ ਦੇ ਉਦਯੋਗਿਕ ਵਿਕਾਸ ਨੂੰ ਕਾਫ਼ੀ ਹੁਲਾਰਾ ਮਿਲ ਸਕਦਾ ਹੈ ਅਤੇ ਕਾਫ਼ੀ ਕਿਰਤੀਆਂ ਨੂੰ ਇਸ ਖੇਤਰ ਵਿੱਚ ਰੁਜ਼ਗਾਰ ਮਿਲ ਸਕਦਾ ਹੈ। ਇਹ ਪ੍ਰਕਿਰਿਆ ਸੇਵਾਵਾਂ ਦੇ ਖੇਤਰ ਨੂੰ ਵੀ ਤੇਜ਼ੀ ਨਾਲ ਵਿਕਾਸ ਦੇ ਰਾਹ 'ਤੇ ਤੋਰ ਸਕਦੀ ਹੈ। ਇਸ ਕਰਕੇ ਅਰਥ ਵਿਗਿਆਨੀ ਇਹ ਮਸ਼ਵਰਾ ਦੇ ਰਹੇ ਹਨ ਕਿ ਖੇਤੀ ਵਿੱਚ ਫ਼ਸਲਾਂ ਦੀ ਵਿਭਿੰਨਤਾ ਲਿਆ ਕੇ ਨਵੀਆਂ ਫ਼ਸਲਾਂ ਦੀ ਪ੍ਰੋਸੈਸਿੰਗ ਕਰਕੇ ਵੇਚਿਆ ਜਾਵੇ। ਇਹ ਰਾਹ ਪੰਜਾਬ ਦੇ ਵਿਕਾਸ ਨੂੰ ਧੀਮੀ ਤੋਂ ਤੇਜ਼ ਗਤੀ ਵੱਲ ਮੋੜ ਸਕਦਾ ਹੈ।

ਇਹ ਰਾਹ ਆਮਦਨ ਵਿੱਚ ਵਾਧੇ ਦੇ ਨਾਲ ਨਾਲ ਕਾਫ਼ੀ ਰੁਜ਼ਗਾਰ ਪੈਦਾ ਕਰਨ ਦੀ ਸਮਰੱਥਾ ਵੀ ਰੱਖਦਾ ਹੈ। ਇਸ ਨਾਲ ਪੰਜਾਬ ਦੇ ਜ਼ਮੀਨੀ ਪਾਣੀ ਅਤੇ ਵਾਤਾਵਰਨ ਨੂੰ ਬਚਾਉਣ ਵਿੱਚ ਮਦਦ ਮਿਲ ਸਕਦੀ ਹੈ। ਪਰ ਇਹ ਰਾਹ ਪਿਛਲੇ 30-35 ਸਾਲਾਂ ਤੋਂ ਸੁਝਾਉਣ ਦੇ ਬਾਵਜੂਦ ਅਪਣਾਇਆ ਨਹੀਂ ਜਾ ਸਕਿਆ। ਇਸ ਦੀ ਵਜ੍ਹਾ ਨਾਲ ਹੀ ਆਰਥਿਕਤਾ ਦੇ ਖੇਤਰਾਂ ਵਿੱਚ ਅਸੰਤੁਲਨ ਪੈਦਾ ਹੋਇਆ ਹੈ। ਇਸ ਨੂੰ ਠੀਕ ਕਰਨਾ ਸਮੇਂ ਦੀ ਲੋੜ ਹੈ ਅਤੇ ਪੰਜਾਬ ਦੇ ਅੱਗੇ ਵਧਣ ਦੀ ਕੁੰਜੀ ਵੀ ਹੈ।

# ਕੋਵਿਡ ਮਹਾਮਾਰੀ ਤੋਂ ਬਾਅਦ ਦਰੁੱਸਤ ਕਿਉਂ ਨਹੀਂ ਹੋ ਰਿਹਾ ਕੈਨੇਡਾ ਦਾ ਅਰਥਚਾਰਾ


ਦਰਬਾਰਾ ਸਿੰਘ ਕਾਹਲੋਂ

ਕੀ ਕੈਨੇਡਾ ਗਲਤ ਅਤੇ ਜਿੱਲ੍ਹਣ ਭਰੀ ਆਰਥਿਕ ਦਿਸ਼ਾ ਵੱਲ ਵਧ ਰਿਹਾ ਹੈ? ਕੀ ਇਸ ਦੀ ਅਜੋਕੀ ਰਾਜਨੀਤਕ ਲੀਡਰਸ਼ਿਪ ਆਰਥਿਕ ਦਿਸ਼ਾਹੀਣਤਾ ਦੀ ਸ਼ਿਕਾਰ ਹੋ ਚੁੱਕੀ ਹੈ? ਲਗਪਗ 22 ਬਿਲੀਅਨ ਦੀ ਸਾਲਾਨਾ ਪਰਵਾਸੀ ਵਿਦਿਆਰਥੀਆਂ ਆਧਾਰਤ ਮਾਰਕਿਟ ਵੀ ਇਸ ਦੀ ਰੋੜ੍ਹੇ ਪਈ ਆਰਥਿਕਤਾ ਨੂੰ ਠੁੰਮ੍ਹਣਾ ਦੇਣ 'ਚ ਨਾਕਾਮ ਸਿੱਧ ਹੋ ਰਹੀ ਹੈ? ਕੀ ਲਿੰਗ ਅਤੇ ਸਮਾਜਿਕ ਅਸਮਾਨਤਾ, ਆਰਥਿਕ ਅਤੇ ਉਜਰਤਾਂ ਵਿਚ ਵਧਦੇ ਪਾੜੇ ਭਰੀ ਬੇਇਨਸਾਫ਼ੀ ਨੇ ਕੈਨੇਡੀਅਨਾਂ ਨੂੰ ਘੋਰ ਨਿਰਾਸ਼ਾ ਅਤੇ ਉਤਸ਼ਾਹ-ਹੀਣਤਾ ਦੇ ਪੀੜਾਜਨਕ ਆਲਮ ਵੱਲ ਧੱਕ ਦਿੱਤਾ ਹੈ? ਕੋਵਿਡ ਮਹਾਮਾਰੀ ਤੋਂ ਬਾਅਦ ਹਾਲਾਤ ਇੰਨੇ ਸੰਗੀਨ ਬਣ ਚੁੱਕੇ ਹਨ ਕਿ ਆਏ ਦਿਨ ਰੋਜ਼ਾਨਾ ਜ਼ਰੂਰੀਆਤ ਦੀਆਂ ਵਸਤਾਂ ਦੀਆਂ ਕੀਮਤਾਂ ਵਿਚ ਵਾਧਾ ਘਰੇਲੂ ਆਰਥਿਕਤਾ ਨੂੰ ਨਿੰਬੂ ਵਾਂਗ ਨਿਚੋੜ ਰਿਹਾ ਹੈ।

ਪਰਿਵਾਰ ਲਈ 500-600 ਡਾਲਰ ਦੀ ਮਾਸਿਕ ਗਰੋਸਰੀ ਹੁਣ 1500-2000 ਡਾਲਰ ਤਕ ਪਹੁੰਚ ਗਈ ਹੈ। ਵਿਆਜ ਦਰਾਂ ਵਿਚ ਵਾਧੇ (4.5 ਪ੍ਰਤੀਸ਼ਤ) ਨੇ ਗ਼ਰੀਬ ਅਤੇ ਮੱਧ ਵਰਗ ਦਾ ਲੱਕ ਤੋੜ ਕੇ ਰੱਖ ਦਿੱਤਾ ਹੈ। ਔਰਤਾਂ ਅਤੇ ਨੌਜਵਾਨ ਵਰਗ ਅਤਿ ਪੀੜਤ ਮਹਿਸੂਸ ਕਰ ਰਿਹਾ ਹੈ। ਲੇਗਰ ਸਰਵੇ ਅਨੁਸਾਰ ਦੇਸ਼ ਦੀ ਵੱਡੀ ਬਹੁਗਿਣਤੀ ਕੁਝ ਇੰਜ ਮਹਿਸੂਸ ਕਰ ਰਹੀ ਹੈ ਜਿਵੇਂ ਇਸ ਦੇਸ਼ ਅੰਦਰ ਹਰ ਚੀਜ਼ ਬੁਰੀ ਤਰ੍ਹਾਂ ਟੁੱਟਣ ਦੇ ਦਹਾਨੇ 'ਤੇ ਖੜ੍ਹੀ ਹੈ। ਪਚਵੰਜਾ ਸਾਲ ਤੋਂ ਉੱਪਰ ਵਾਲੇ 64 ਪ੍ਰਤੀਸ਼ਤ ਆਦਮੀ ਅਤੇ 70 ਪ੍ਰਤੀਸ਼ਤ ਔਰਤਾਂ ਦਾ ਮੰਨਣਾ ਹੈ ਕਿ ਕੈਨੇਡਾ ਆਰਥਿਕ, ਸਮਾਜਿਕ, ਜਨਤਕ ਸੇਵਾਵਾਂ ਪੱਖੋਂ ਬੁਰੀ ਤਰ੍ਹਾਂ ਨਾਕਾਮ ਸਿੱਧ ਹੋ ਰਿਹਾ ਹੈ। ਅਮਰੀਕਾ ਅਤੇ ਪੱਛਮੀ ਦੇਸ਼ਾਂ ਵਿਚਲੇ ਰਾਜਨੀਤਕ ਆਗੂ ਸਮਝਦੇ ਹਨ ਕਿ ਕੈਨੇਡੀਅਨ ਨਾਗਰਿਕ ਉਨ੍ਹਾਂ ਦੇ ਦੇਸ਼ਾਂ ਦੇ ਨਾਗਰਿਕਾਂ ਨੂੰ ਮਿਲ ਰਹੀਆਂ ਸਹੂਲਤਾਂ, ਤਨਖ਼ਾਹਾਂ, ਰੋਜ਼ਾਨਾ ਉਜਰਤਾਂ, ਜਨਤਕ ਸੇਵਾਵਾਂ ਤੋਂ ਬੁਰੀ ਤਰ੍ਹਾਂ ਪੱਛੜੇ ਮਹਿਸੂਸ ਕਰ ਰਹੇ ਹਨ। ਪੱਛਮੀ ਦੇਸ਼ ਹੀ ਨਹੀਂ ਬਲਕਿ ਕੈਨੇਡਾ ਦੇ ਮੈਨੀਟੋਬਾ, ਸਸਕੈਚਵਨ, ਅਲਬਰਟਾ ਸੂਬਿਆਂ ਦੇ ਲੋਕ ਸਮਝ ਰਹੇ ਹਨ ਕਿ ਦੇਸ਼ ਬੁਰੀ ਤਰ੍ਹਾਂ ਮਾਰੂ ਖੜੋਤ ਦਾ ਸ਼ਿਕਾਰ ਹੋਇਆ ਪਿਆ ਹੈ। ਕਿਊਬੈਕ ਫਰਾਂਸੀਸੀ ਭਾਸ਼ਾਈ ਸੂਬੇ ਦੇ 59 ਪ੍ਰਤੀਸ਼ਤ



ਲੋਕ ਵੀ ਆਰਥਿਕ ਪੱਖੋਂ ਅੰਧੇਰੀਆਂ ਗਲੀਆਂ ਦੇ ਸ਼ਿਕਾਰ ਮਹਿਸੂਸ ਕਰ ਰਹੇ ਹਨ। ਲੇਗਰ ਸਰਵੇ ਦਰਸਾਉਂਦਾ ਹੈ ਕਿ ਸਭ ਤੋਂ ਵੱਡੇ ਮੁੱਦੇ ਜੋ ਕੈਨੇਡੀਅਨ ਨੂੰ ਬੁਰੀ ਤਰ੍ਹਾਂ ਪੀੜਤ ਕਰ ਰਹੇ ਹਨ ਉਹ ਹਨ, ਲਗਾਤਾਰ ਵਧਦੀਆਂ ਰੋਜ਼ਮੱਰਾ ਵਰਤੋਂ ਵਾਲੀਆਂ ਵਸਤਾਂ ਦੀਆਂ ਕੀਮਤਾਂ ਅਤੇ ਸਿਹਤ ਸੇਵਾਵਾਂ ਨਾ ਮਿਲਣ ਤੋਂ 59 ਪ੍ਰਤੀਸ਼ਤ ਲੋਕ ਬੁਰੀ ਤਰ੍ਹਾਂ ਪੀੜਤ ਮਹਿਸੂਸ ਕਰ ਰਹੇ ਹਨ। ਕਿੰਨੀ ਸ਼ਰਮ ਦੀ ਗੱਲ ਹੈ ਕਿ 2.2 ਮਿਲੀਅਨ ਓਂਟੇਰੀਅਨਾਂ ਨੂੰ ਕੋਈ ਫੈਮਲੀ ਡਾਕਟਰ ਉਪਲਬਧ ਨਹੀਂ। ਸਤੰਬਰ 2004 ਵਿਚ ਕੈਨੇਡਾ ਦੇ 21ਵੇਂ ਪ੍ਰਧਾਨ ਮੰਤਰੀ ਪਾਲਮਾਰਟਨ ਨੇ ਦੇਸ਼ ਦੇ ਸੂਬਿਆਂ ਦੇ ਮੁੱਖ ਮੰਤਰੀਆਂ ਨਾਲ ਇਕ ਵਿਆਪਕ ਸਿਹਤ ਸਮਝੌਤਾ ਕੀਤਾ ਸੀ ਤਾਂ ਕਿ ਦੇਸ਼ ਅੰਦਰ ਫੇਲ ਹੋਈਆਂ ਸਿਹਤ ਸੇਵਾਵਾਂ ਨੂੰ ਬਿਹਤਰ ਬਣਾਇਆ ਜਾ ਸਕੇ।

ਮਕਸਦ ਮੁੱਖ ਤੌਰ 'ਤੇ ਇਹ ਸੀ ਕਿ ਦੇਸ਼ ਦੇ ਹਰ ਨਾਗਰਿਕ ਤਕ ਕੁਆਲਿਟੀ ਵਾਲੀਆਂ ਸਿਹਤ ਸੇਵਾਵਾਂ ਪਹੁੰਚਣ। ਉਸ ਸਮੇਂ ਅੱਖਾਂ, ਗੋਡੇ ਬਦਲਣ, ਚੂਲਿਆਂ ਦੇ ਟੁੱਟਣ ਸਬੰਧੀ ਸਰਜਰੀਆਂ ਲਈ ਡਾਕਟਰੀ ਸੇਵਾਵਾਂ ਦੀ ਵੱਡੀ ਘਾਟ ਪਾਈ ਜਾ ਰਹੀ ਸੀ। ਪਰਿਵਾਰਾਂ ਸਬੰਧੀ ਡਾਕਟਰਾਂ ਤੋਂ ਸਿਹਤ ਸਬੰਧੀ ਮੁਲਾਕਾਤਾਂ ਦਾ ਸਮਾਂ ਲੈਣਾ ਬਹੁਤ ਔਖਾ ਸੀ। ਲੇਕਿਨ ਕੁਝ ਸਮੇਂ ਬਾਅਦ ਨਵੀਂ ਨੀਤੀ ਫੇਲ੍ਹ ਹੋਣ ਲੱਗੀ। ਸੰਨ 2014 ਵਿਚ ਪ੍ਰਧਾਨ ਮੰਤਰੀ ਸਟੀਫਨ ਹਾਰਪਰ ਨੇ ਇਨ੍ਹਾਂ ਵਿਚ ਵੱਡੇ ਬਦਲਾਅ ਲਿਆਉਣ ਲਈ ਰਾਜਾਂ ਨੂੰ ਅਧਿਕਾਰ ਦੇਣ ਦਾ ਫ਼ੈਸਲਾ ਤਾਂ ਲਿਆ ਪਰ ਫੈਡਰਲ ਸਰਕਾਰ ਵੱਲੋਂ ਰਾਜਾਂ ਨੂੰ ਇਸ ਸਬੰਧੀ ਫੰਡ ਜਾਰੀ ਕਰਨ ਤੋਂ ਹੱਥ ਪਿੱਛੇ ਖਿੱਚਣ ਕਰਕੇ ਇਹ ਬਦਲ ਸਿਰੇ ਨਾ ਚੜ੍ਹਿਆ। ਅੱਜ ਹਾਲਾਤ ਸੰਨ 2004 ਤੋਂ ਵੀ ਮਾੜੇ ਹਨ। ਅੱਖਾਂ, ਗੋਡੇ ਬਦਲਣ, ਚੂਲਿਆਂ ਸਬੰਧੀ ਸਰਜਰੀਆਂ ਅਤੇ ਫੈਮਲੀ ਡਾਕਟਰਾਂ ਨਾਲ ਸਮੇਂ ਸਿਰ ਮੁਲਾਕਾਤਾਂ ਦਾ ਸਮਾਂ ਨਹੀਂ ਮਿਲ ਰਿਹਾ। ਬਹੁਤ ਸਾਰੇ ਭਾਰਤੀ ਤੁਰੰਤ ਇਲਾਜ ਲਈ ਭਾਰਤ ਚਲੇ ਜਾਂਦੇ ਹਨ। ਇਕ ਨਵੀਂ ਸਟੈਟਿਕਸ ਕੈਨੇਡਾ ਰਿਪੋਰਟ ਦਰਸਾਉਂਦੀ ਹੈ ਕਿ ਨੌਜਵਾਨ ਬਾਲਗ ਕੈਨੇਡੀਅਨ ਸ਼ਹਿਰੀਆਂ ਦੀ ਵਿੱਤੀ ਹਾਲਤ ਏਨੀ ਗੰਭੀਰ ਅਤੇ ਚਿੰਤਾਜਨਕ ਦੌਰ ਵਿਚ ਪੁੱਜ ਗਈ ਹੈ ਕਿ ਉਹ ਸਮਾਜ ਵਿਚ ਜਿਉਣ ਅਤੇ ਵਿਚਰਨ ਪ੍ਰਤੀ ਬਹੁਤ ਹੀ ਅਸਹਾਇ ਤੇ ਮਾਨਸਿਕ ਤੌਰ 'ਤੇ ਪੀੜਾਜਨਕ ਦਬਾਅ ਹੇਠ ਮਹਿਸੂਸ ਕਰ ਰਹੇ ਹਨ। ਪੈਂਤੀ ਪ੍ਰਤੀਸ਼ਤ ਕੈਨੇਡੀਅਨ ਦੱਸਦੇ ਹਨ ਕਿ ਪਿਛਲੇ ਵਰ੍ਹੇ ਉਹ ਅਤਿ ਦੀ ਘਰੇਲੂ ਵਿੱਤੀ ਘੁਟਣ ਵਿੱਚੋਂ ਗੁਜ਼ਰੇ ਹਨ ਕਿਉਂਕਿ ਉਨ੍ਹਾਂ ਲਈ ਘਰੇਲੂ ਜ਼ਰੂਰਤਾਂ ਦੀ ਪੂਰਤੀ ਅਸੰਭਵ ਹੋ ਗਈ ਸੀ।

ਲਗਪਗ ਅੱਠ ਜ਼ਰੂਰੀ ਵਸਤਾਂ ਤੇ ਉਪਭੋਗਤਾ ਕੀਮਤ ਇੰਡੈਕਸ ਵਿਚ ਸੰਨ 1982 ਤੋਂ ਬਾਅਦ ਇੰਨੇ ਵੱਡੇ ਪੱਧਰ 'ਤੇ ਵਾਧਾ ਹੋਇਆ ਕਿ ਉਹ ਉਨ੍ਹਾਂ ਦੀ ਵਿੱਤੀ ਸਮਰੱਥਾ ਤੋਂ ਬਾਹਰ ਹੁੰਦੇ ਮਹਿਸੂਸ ਹੋ ਗਈਆਂ। ਸੰਨ 2022 ਵਿਚ ਮਕਾਨ ਕਿਰਾਇਆ ਰਾਸ਼ਟਰੀ ਪੱਧਰ 'ਤੇ 11 ਪ੍ਰਤੀਸ਼ਤ ਵਧ ਗਿਆ। ਕਦੇ ਦੁਨੀਆ ਦੇ ਅਤਿ ਵਿਕਸਤ, ਖ਼ੂਬਸੂਰਤ ਅਤੇ ਵਿੱਤੀ ਜ਼ਰੂਰਤਾਂ ਪ੍ਰਤੀ ਸਮਰੱਥ ਅਤੇ ਖ਼ੁਸ਼ਹਾਲ ਦੇਸ਼ ਅਖਵਾਉਣ ਵਾਲੇ ਕੈਨੇਡਾ ਵਿਚ ਅੱਜ ਲੋਕ ਠੱਗੀਆਂ ਮਾਰਨ 'ਤੇ ਉਤਾਰੂ ਹਨ। ਲੇਖਕ ਦੇ ਘਰੋਂ ਇਕ ਕੈਰੇਬੀਅਨ ਗੁਆਂਢਣ 700 ਡਾਲਰ ਮੰਗ ਕੇ ਲੈ ਗਈ, ਪਹਿਲੀ ਤਰੀਕ ਨੂੰ ਦੇਣ ਦਾ ਵਾਅਦਾ ਕਰਕੇ। ਲਗਪਗ 4 ਮਹੀਨੇ ਹੋਣ ਵਾਲੇ ਹਨ ਪਰ ਪਹਿਲੀ ਤਰੀਕ ਅਜੇ ਨਹੀਂ ਆਈ। ਇਕ ਪੰਜਾਬੀ

(ਬਾਕੀ ਅਗਲੇ ਸਫ਼ੇ 'ਤੇ)

# ਸਾਰੀ ਦੁਨੀਆਂ ਲਈ ਸੰਕਟ ਹੈ ਦੋ ਮਹਾਂਸ਼ਕਤੀਆਂ ਦੀ ਜੰਗ



ਹਰਸ਼ ਵੀ ਪੰਤ


ਯੂਕਰੇਨ 'ਤੇ ਰੂਸ ਦੇ ਹਮਲੇ ਨੂੰ ਸਾਲ ਪੂਰਾ ਹੋ ਗਿਆ। ਇਹ ਦੂਜੇ ਆਲਮੀ ਯੁੱਧ ਮਗਰੋਂ ਬਣੇ ਆਲਮੀ ਢਾਂਚੇ ਦੀ ਸਾਡੀ ਸਮਝ ਨਾਲ ਜੁੜਿਆ ਇਕ ਅਹਿਮ ਪੜਾਅ ਹੈ। ਸ਼ੁਰੂਆਤ 'ਚ ਲੱਗ ਰਿਹਾ ਸੀ ਕਿ ਇਹ ਯੁੱਧ ਕੁਝ ਹੀ ਦਿਨਾਂ ਦੀ ਗੱਲ ਹੈ ਕਿਉਂਕਿ ਰੂਸ ਅਤੇ ਯੂਕਰੇਨ ਦੀ ਫ਼ੌਜੀ ਸ਼ਕਤੀ 'ਚ ਕੋਈ ਬਰਾਬਰੀ ਨਹੀਂ ਸੀ ਪਰ ਇਸ ਯੁੱਧ ਦਾ ਦੂਜੇ ਸਾਲ 'ਚ ਖਿੱਚਿਆ ਜਾਣਾ ਇਹੋ ਦਰਸਾਉਂਦਾ ਹੈ ਕਿ ਰੂਸੀ ਫ਼ੌਜ ਆਪਣੇ ਅਤੀਤ ਦੀ ਦੁਰਬਲ ਛਾਇਆ ਮਾਤਰ ਬਣ ਕੇ ਰਹਿ ਗਈ ਹੈ।

ਯੂਕਰੇਨ ਵਾਸੀ ਜਿਸ ਤਰ੍ਹਾਂ ਰੋਜ਼ ਰੂਸ ਦੇ ਵਿਰੁੱਧ ਖੜ੍ਹੇ ਹੋ ਰਹੇ ਹਨ, ਉਹ ਇਹੋ ਯਾਦ ਕਰਵਾਉਂਦਾ ਹੈ ਕਿ ਮੈਦਾਨ-ਏ-ਜੰਗ 'ਚ ਮਿਲਣ ਵਾਲੀ ਸਫਲਤਾ ਕੇਵਲ ਸ਼ਕਤੀ ਅਤੇ ਬਲ 'ਤੇ ਹੀ ਨਿਰਭਰ ਨਹੀਂ ਕਰਦੀ। ਯੁੱਧ 'ਚ ਆਪਣੇ ਵਸੀਲਿਆਂ ਦੀ ਉੱਚਿਤ ਵਰਤੋਂ ਜ਼ਿਆਦਾ ਮਾਅਨੇ ਰੱਖਦੀ ਹੈ। ਰੂਸ ਦੀ ਕਮਜ਼ੋਰੀ ਕਈ ਪੱਧਰਾਂ 'ਤੇ ਉਜਾਗਰ ਹੋਈ ਹੈ। ਇਸ ਦੇ ਨਾਲ ਹੀ ਯੂਕਰੇਨ ਪੱਛਮ ਅਤੇ ਰੂਸ ਦਰਮਿਆਨ ਸੰਘਰਸ਼ ਦੇ ਆਖ਼ਰੀ ਅਖਾੜੇ ਦੇ ਰੂਪ 'ਚ ਉੱਭਰਿਆ ਹੈ ਕਿ ਸ਼ੀਤ ਯੁੱਧ ਮਗਰੋਂ ਯੂਰੇਸ਼ੀਆਈ ਸੁਰੱਖਿਆ ਢਾਂਚੇ ਨੂੰ ਕਿਸ ਤਰ੍ਹਾਂ ਆਕਾਰ ਦਿੱਤਾ ਜਾਵੇ। ਹੁਣ ਇਹ ਇਕ ਅਜਿਹੇ ਯੁੱਧ 'ਚ ਬਦਲ ਗਿਆ ਹੈ, ਜਿਸ ਨੂੰ ਨਾ ਤਾਂ ਰੂਸ ਜਿੱਤ ਸਕਦਾ ਹੈ ਤੇ ਨਾ ਯੂਕਰੇਨ ਇਸ 'ਚ ਹਾਰ ਸਕਦਾ ਹੈ। ਹੁਣ ਇਹ ਯੁੱਧ ਪੱਛਮ ਅਤੇ ਪੁਤਿਨ ਦਰਮਿਆਨ ਹੰਕਾਰ ਅਤੇ ਇੱਛਾ ਸ਼ਕਤੀ ਦੀ ਲੜਾਈ ਬਣ ਕੇ ਰਹਿ ਗਿਆ ਹੈ।

ਯੁੱਧ ਦਾ ਸਾਲ ਭਰ ਪੂਰਾ ਹੋਣ ਤੋਂ ਠੀਕ ਪਹਿਲਾਂ ਅਮਰੀਕੀ ਰਾਸ਼ਟਰਪਤੀ ਜੋਅ ਬਾਇਡਨ ਨੇ ਯੂਕਰੇਨ ਦਾ ਦੌਰਾ ਕੀਤਾ। ਰਾਸ਼ਟਰਪਤੀ ਬਣਨ ਤੋਂ ਬਾਅਦ ਪਹਿਲੀ ਵਾਰ ਅਚਾਨਕ ਯੂਕਰੇਨ ਪਹੁੰਚੇ ਬਾਇਡਨ ਨੇ ਇਹ ਦੁਹਰਾਇਆ ਕਿ 'ਯੂਕਰੇਨ ਦੇ ਲੋਕਤੰਤਰ, ਪ੍ਰਭੂਸੱਤਾ ਅਤੇ ਖੇਤਰੀ ਅਖੰਡਤਾ ਦੀ ਰੱਖਿਆ ਲਈ' ਅਮਰੀਕਾ ਪੂਰੀ ਤਰ੍ਹਾਂ ਵਚਨਬੱਧ ਹੈ। ਇਸ ਦੇ ਨਾਲ ਹੀ ਉਨ੍ਹਾਂ ਨੇ ਮਾਸਕੋ ਨੂੰ ਸੰਦੇਸ਼ ਵੀ ਦਿੱਤਾ ਕਿ ਖ਼ਤਰਨਾਕ ਦੌਰ 'ਚ ਪਹੁੰਚੇ ਟਕਰਾਅ ਦਰਮਿਆਨ ਵਾਸ਼ਿੰਗਟਨ ਦੇ ਪਿੱਛੇ ਹਟਣ ਦੀ ਕੋਈ ਮਨਸ਼ਾ ਨਹੀਂ। ਅਸਲ 'ਚ ਯੂਕਰੇਨ ਸੰਕਟ ਨੇ ਟ੍ਰਾਂਸ-ਅਟਲਾਂਟਿਕ ਸਾਂਝੇਦਾਰੀ ਅਤੇ ਨਾਟੋ ਜਿਹੇ ਉਨ੍ਹਾਂ ਧਰੁਵਾਂ ਨੂੰ ਨਵੇਂ ਤੇਵਰ ਦਿੱਤੇ ਹਨ, ਜੋ ਆਪਣੀ ਚਮਕ ਗੁਆ ਰਹੇ ਸਨ। ਹਾਲਾਂਕਿ ਮਿਊਨਿਖ ਸਕਿਓਰਟੀ ਕਾਨਫਰੰਸ ਦੌਰਾਨ ਯੁੱਧ ਸਮਾਪਤ ਕਰ ਕੇ ਗੱਲਬਾਤ ਆਰੰਭ ਕਰਨ ਦੇ ਪੱਖ 'ਚ ਕੁਝ ਪ੍ਰਦਰਸ਼ਨ ਹੋਏ ਪਰ ਯੂਰਪੀ ਨੀਤੀ-ਘਾੜਿਆਂ ਨੇ ਇਹੋ ਦੁਹਰਾਇਆ ਕਿ ਉਹ ਹਥਿਆਰ ਬਣਾਉਣ ਦਾ ਦਾਇਰਾ ਵਧਾ ਕੇ ਯੂਕਰੇਨ ਨੂੰ ਹਥਿਆਰਾਂ ਦੀ ਸਪਲਾਈ ਜਾਰੀ ਰੱਖਣਗੇ।

ਨਾਟੋ ਦੇ ਜਨਰਲ ਸਕੱਤਰ ਜੇਂਸ ਸਟੋਲੇਨਬਰਗ ਅਨੁਸਾਰ ਯੂਕਰੇਨ ਬੜੀ ਤੇਜ਼ ਰਫ਼ਤਾਰ ਨਾਲ ਉਨ੍ਹਾਂ ਦੇ ਹਥਿਆਰਾਂ ਦੀ ਵਰਤੋਂ ਕਰ ਰਿਹਾ ਹੈ। ਦਿਲਚਸਪ ਹੈ ਕਿ ਜਰਮਨੀ ਨੇ ਹੀ ਯੂਰਪ ਨੂੰ ਤੇਜ਼ੀ ਨਾਲ ਹਥਿਆਰ ਸਪਲਾਈ ਦੀ ਮੰਗ ਕਰਨ ਦੇ ਨਾਲ ਹੀ ਨਾਟੋ ਸਹਿਯੋਗੀਆਂ ਤੋਂ ਰੱਖਿਆ 'ਤੇ ਜੀਡੀਪੀ ਦੇ ਦੋ ਫ਼ੀਸਦੀ ਦੇ ਬਰਾਬਰ ਟੀਚੇ 'ਤੇ ਸਹਿਮਤੀ ਬਣਾਉਣ ਦਾ ਸੱਦਾ ਦਿੱਤਾ ਸੀ। ਇਸ ਦਰਮਿਆਨ ਰੂਸੀ ਹੱਦਾਂ ਤੱਕ ਨਾਟੋ ਦੀ ਪਹੁੰਚ ਨੂੰ ਲੈ ਕੇ ਪੁਤਿਨ ਦੇ ਵਿਰੋਧ 'ਤੇ ਉਨ੍ਹਾਂ ਦੇ ਹਮਲਿਆਂ ਨੇ ਇਸ ਦੇ ਉਲਟ ਹੀ ਕੰਮ ਕੀਤਾ। ਇਸ ਨਾਲ ਸਵੀਡਨ ਅਤੇ ਫਿਨਲੈਂਡ ਜਿਹੇ ਦੇਸ਼ਾਂ ਦਾ ਝੁਕਾਅ ਵੀ ਨਾਟੋ ਵੱਲ ਹੋਇਆ ਹੈ, ਜੋ ਦਹਾਕਿਆਂ ਤੱਕ ਨਿਰਪੱਖ ਬਣੇ ਰਹੇ।

ਯੂਕਰੇਨ ਯੁੱਧ ਤੋਂ ਪਹਿਲਾਂ ਹੀ ਉਥਲ-ਪੁਥਲ 'ਚੋਂ ਗੁਜ਼ਰ ਰਹੀ ਆਲਮੀ ਸ਼ਕਤੀ ਸੰਤੁਲਨ ਦਾ ਚੀਨ-ਰੂਸ ਧੁਰੀ ਨਾਲ ਹੋਰ ਧਰੁਵੀਕਰਨ ਹੋਇਆ ਹੈ। ਅਮਰੀਕਾ ਅਤੇ ਯੂਰਪ ਦੋਵਾਂ ਨੇ ਚੀਨ ਨੂੰ ਚੇਤਾਵਨੀ ਦਿੱਤੀ ਹੈ ਕਿ ਜੇ ਉਸ ਨੇ ਰੂਸ ਨੂੰ ਕਿਸੇ ਤਰ੍ਹਾਂ ਦੀ ਫ਼ੌਜੀ ਮਦਦ ਪਹੁੰਚਾਈ ਤਾਂ ਇਸ ਦੇ ਤਬਾਹਕੁੰਨ ਨਤੀਜੇ ਹੋਣਗੇ। ਚੀਨ ਨੇ ਹੁਣ ਤੱਕ ਰੂਸ ਦੀ



ਹਮਾਇਤ ਜ਼ਰੂਰ ਕੀਤੀ ਹੈ ਪਰ ਉਸ ਨੂੰ ਕਿਸੇ ਤਰ੍ਹਾਂ ਦੀ ਮਾਰਕ ਸਮਰੱਥਾ ਪ੍ਰਦਾਨ ਕਰਨ ਵਾਲੀ ਮਦਦ ਮੁਹੱਈਆ ਨਹੀਂ ਕਰਵਾਈ ਹੈ। ਦੂਜੇ ਪਾਸੇ ਯੂਕਰੇਨ ਨੂੰ ਪੱਛਮ ਤੋਂ ਅਤਿ ਆਧੁਨਿਕ ਟੈਂਕ ਅਤੇ ਹਥਿਆਰ ਮਿਲ ਰਹੇ ਹਨ। ਇਸ ਸੂਰਤ 'ਚ ਚੀਨ ਦਾ ਜ਼ਰਾ ਜਿਹਾ ਵੀ ਰੱਖਿਆ ਸਹਿਯੋਗ ਰੂਸੀ ਹਮਲਿਆਂ ਦੀਆਂ ਸਮਰੱਥਾਵਾਂ ਵਧਾਉਣ ਦੇ ਨਾਲ ਹੀ ਰਣਭੂਮੀ 'ਚ ਟਿਕੇ ਰਹਿਣ ਦੀਆਂ ਉਸ ਦੀਆਂ ਸਮਰੱਥਾਵਾਂ ਨੂੰ ਹੀ ਵਧਾਵੇਗਾ। ਜੇ ਪੱਛਮ ਇਨ੍ਹਾਂ ਦੋਵੇਂ ਦੇਸ਼ਾਂ ਦੀ ਧੁਰੀ ਨੂੰ ਤੋੜਨ ਲਈ ਅੱਗੇ ਨਹੀਂ ਆਵੇਗਾ ਤਾਂ ਉਨ੍ਹਾਂ ਦੇ ਰਿਸ਼ਤਿਆਂ ਦੀ ਇਹ ਕੜੀ ਮਜ਼ਬੂਤ ਹੁੰਦੀ ਜਾਵੇਗੀ।

ਬੀਜਿੰਗ 'ਚ ਇਹ ਮਾਹੌਲ ਬਣਾਉਣ ਦੀ ਕੋਸ਼ਿਸ਼ ਹੋ ਰਹੀ ਹੈ ਕਿ ਯੂਰੇਸ਼ੀਆ 'ਚ ਵਧਦੇ ਹੋਏ ਟਕਰਾਅ ਤੋਂ ਉਹ ਤੰਗ ਆ ਗਏ ਹਨ ਤੇ ਸ਼ਾਂਤੀ ਅਤੇ ਕਿਸੇ ਸਹਿਮਤੀ ਦੇ ਸੁਰਾਂ ਦੀ ਪੈਰਵੀ ਸੁਣਾਈ ਦੇ ਰਹੀ ਹੈ। ਹਾਲਾਂਕਿ ਉਸ ਦੀਆਂ ਸੁਰਾਂ 'ਚ ਆਲੋਚਨਾ ਦੀਆਂ ਸੁਰਾਂ ਵੀ ਹਨ ਕਿ 'ਕੁਝ ਤਾਕਤਾਂ' ਇਸ ਯੁੱਧ ਨੂੰ ਲੰਬਾ ਖਿੱਚਣਾ ਚਾਹੁੰਦੀਆਂ ਹਨ। ਬੀਜਿੰਗ-ਮਾਸਕੋ ਸਾਂਝੇਦਾਰੀ ਪਿੱਛੇ ਰਣਨੀਤਕ ਪਹਿਲੂ ਪ੍ਰਤੱਖ ਦਿਸਦੇ ਹਨ, ਜਿਨ੍ਹਾਂ ਦੇ ਛੇਤੀ ਹੀ ਕਿਸੇ ਤਰਕਮਈ ਨਤੀਜੇ 'ਤੇ ਪਹੁੰਚਣ ਦੇ ਆਸਾਰ ਹਨ। ਯੂਕਰੇਨ ਦੇ ਰਾਸ਼ਟਰਪਤੀ ਵੋਲਦੋਮੀਰ ਜ਼ੈਲੇਂਸਕੀ ਵੀ ਚੀਨ ਨੂੰ ਚੇਤੰਨ ਕਰ ਚੁੱਕੇ ਹਨ ਕਿ ਇਸ ਯੁੱਧ 'ਚ ਰੂਸ ਨੂੰ ਉਸ ਦੀ ਮਦਦ ਨਾਲ ਆਲਮੀ ਯੁੱਧ ਦੀ ਸਥਿਤੀ ਪੈਦਾ ਹੋ ਜਾਵੇਗੀ। ਇਸ ਯੁੱਧ 'ਚ ਚੀਨ ਦੇ ਦਾਖ਼ਲੇ ਨਾਲ ਟਕਰਾਅ ਕੇਵਲ ਯੂਰੇਸ਼ੀਆਈ ਯੁੱਧ ਦੇ ਰੂਪ 'ਚ ਹੀ ਸੀਮਤ ਨਹੀਂ ਰਹੇਗਾ ਸਗੋਂ ਇਸ ਦੇ ਹਿੰਦ-ਪ੍ਰਸ਼ਾਂਤ ਖੇਤਰ ਤੱਕ ਫੈਲਣ ਦੀ ਸੰਭਾਵਨਾ ਹੋਵੇਗੀ।

ਮਹਾਸ਼ਕਤੀਆਂ ਦਰਮਿਆਨ ਸੰਘਰਸ਼ ਜਿੱਥੇ ਇਸ ਦੌਰ ਦੇ ਇਕ ਪ੍ਰਮੁੱਖ ਪਹਿਲੂ ਦੇ ਰੂਪ 'ਚ ਉੱਭਰਿਆ ਹੈ, ਉੱਥੇ ਹੀ ਯੂਕਰੇਨ ਯੁੱਧ ਤੋਂ ਉਪਜੇ ਉਨ੍ਹਾਂ ਮਾਰੂ ਪ੍ਰਭਾਵਾਂ ਦੀ ਅਣਦੇਖੀ ਕੀਤੀ ਜਾ ਰਹੀ ਹੈ, ਜਿਨ੍ਹਾਂ ਨਾਲ ਦੁਨੀਆ ਦਾ ਇਕ ਵੱਡਾ ਹਿੱਸਾ ਜੂਝ ਰਿਹਾ ਹੈ। ਇਸ ਯੁੱਧ ਕਾਰਨ ਖਾਣ-ਪੀਣ, ਊਰਜਾ ਅਤੇ ਆਰਥਿਕ ਸੰਕਟ ਨੇ ਪੂਰੀ ਦੁਨੀਆ ਨੂੰ ਪਰੇਸ਼ਾਨ ਕੀਤਾ ਹੈ।

ਵੱਡੀਆਂ ਸ਼ਕਤੀਆਂ ਦੇ ਨਿਰਣਾਇਕ ਰਣਨੀਤਕ ਲਾਭ ਦੀ ਚਾਹ ਨੇ ਵਿਕਾਸਸ਼ੀਲ ਦੇਸ਼ਾਂ 'ਚ ਹੋਂਦ ਦੇ ਸੰਕਟ ਨੂੰ ਦਿਨ-ਪ੍ਰਤੀਦਿਨ ਹੋਰ ਵਧਾ ਦਿੱਤਾ ਹੈ। ਸਾਡੇ ਗੁਆਂਢ 'ਚ ਹੀ ਸ਼੍ਰੀਲੰਕਾ, ਨੇਪਾਲ, ਪਾਕਿਸਤਾਨ ਅਤੇ ਇੱਥੋਂ ਤੱਕ ਕਿ ਬੰਗਲਾਦੇਸ਼ ਦੀ ਨਾਜ਼ੁਕ ਹੁੰਦੀ ਸਥਿਤੀ ਇਹੋ ਦਰਸਾਉਂਦੀ ਹੈ ਕਿ ਦੁਨੀਆ ਗਲੋਬਲ ਸਾਊਥ ਸਾਹਮਣੇ ਪੈਦਾ ਸਮੱਸਿਆਵਾਂ ਦਾ ਢੁਕਵਾਂ ਹੱਲ ਮੁਹੱਈਆ ਕਰਵਾਉਣ 'ਚ ਨਾਕਾਮ ਰਹੀ ਹੈ।

ਕੌਮਾਂਤਰੀ ਮਾਹਿਰਾਂ ਦਾ ਮੰਨਣਾ ਹੈ ਕਿ ਹੁਣ ਦੂਜੇ ਸਾਲ 'ਚ ਦੋਵੇਂ ਧਿਰਾਂ ਵਿਚਾਲੇ ਇਸ ਜੰਗ ਦੇ ਖ਼ਤਰਿਆਂ 'ਚ ਵਾਧਾ ਹੋਣ ਦੀ ਸੰਭਾਵਨਾ ਬਣੀ ਹੋਈ ਹੈ। ਜੇ ਇਸ ਨੂੰ ਥੋੜ੍ਹਾ ਜਿੰਨਾ ਵੀ ਸੱਚ ਮੰਨ ਲਿਆ ਜਾਵੇ ਤਾਂ ਇਹ ਜੰਗ ਯਕੀਨੀ ਤੌਰ 'ਤੇ ਸਮੁੱਚੀ ਮਨੁੱਖਤਾ ਲਈ ਵੱਡਾ ਖ਼ਤਰਾ ਹੋਵੇਗੀ। ਦਰਅਸਲ ਹੁਣ ਯੂਕਰੇਨ ਆਪਣੇ ਖੋਹੇ ਇਲਾਕੇ ਵਾਪਸ ਲੈਣ ਲਈ ਪੂਰੀ ਤਰ੍ਹਾਂ ਦ੍ਰਿੜ੍ਹ ਹੈ। ਪਿਛਲੇ ਦਿਨੀਂ ਜਦ ਤੋਂ ਅਮਰੀਕੀ ਰਾਸ਼ਟਰਪਤੀ ਜੋਅ ਬਾਇਡਨ ਨੇ ਯੂਕਰੇਨ ਦਾ ਅਚਾਨਕ ਦੌਰਾ ਕੀਤਾ ਹੈ, ਉਦੋਂ ਤੋਂ ਹੀ ਯੂਕਰੇਨ ਦੇ ਹੌਸਲੇ ਸੱਤਵੇਂ ਆਕਾਸ਼ 'ਤੇ ਅੱਪੜ ਗਏ ਹਨ। ਬਹੁਤ ਸਾਰੇ ਯੂਰਪੀ ਦੇਸ਼ ਤਾਂ ਪਹਿਲਾਂ ਹੀ ਉਸ ਨਾਲ ਖਲੋਤੇ ਵਿਖਾਈ ਦੇ ਰਹੇ ਹਨ। ਰੂਸ ਨੇ ਕ੍ਰੀਮੀਆ ਦੇ ਕਾਲੇ ਸਾਗਰ ਵਾਲੇ ਟਾਪੂ 'ਤੇ 2014 'ਚ ਕਬਜ਼ਾ ਕਰ ਲਿਆ ਸੀ। ਅਮਰੀਕੀ ਵਿਦੇਸ਼ ਮੰਤਰੀ ਐਂਟੋਨੀ ਬਲਿੰਕਨ ਨੇ ਵੀ ਚੀਨ ਦੇ ਡਿਪਲੋਮੈਟ ਵਾਂਗ ਯੀ ਨਾਲ ਮੁਲਾਕਾਤ ਕਰ ਕੇ ਇਹ ਸਪੱਸ਼ਟ ਕਰ ਦਿੱਤਾ ਹੈ ਕਿ ਜੇ ਚੀਨ ਨੇ ਕਿਤੇ ਯੂਕਰੇਨ ਨਾਲ ਜੰਗ 'ਚ ਰੂਸ ਦੀ ਮਦਦ ਕੀਤੀ ਤਾਂ ਉਸ ਦੇ ਨਤੀਜੇ ਬਹੁਤ ਭੈੜੇ ਨਿਕਲਣਗੇ।

ਹੁਣ ਜਦੋਂ ਯੂਕਰੇਨ ਯੁੱਧ ਆਪਣੇ ਦੂਜੇ ਸਾਲ 'ਚ ਪ੍ਰਵੇਸ਼ ਕਰ ਗਿਆ ਹੈ ਤਾਂ ਦੁਨੀਆ ਇਕ ਸੰਕਟ ਦੇ ਮੁਹਾਜ਼ 'ਤੇ ਖੜ੍ਹੀ ਦਿਖਾਈ ਦਿੰਦੀ ਹੈ। ਇਸ ਸਮੇਂ ਆਲਮੀ ਲੀਡਰਸ਼ਿਪ ਨਦਾਰਦ ਦਿਸ ਰਹੀ ਹੈ ਅਤੇ ਬਹੁਪੱਖੀ ਢਾਂਚੇ ਦੀਆਂ ਅਸਮਰੱਥਾਵਾਂ ਵੀ ਉਜਾਗਰ ਹੋ ਰਹੀਆਂ ਹਨ। ਅਸੀਂ ਵੱਡੀਆਂ ਸ਼ਕਤੀਆਂ ਦੇ ਰਣਨੀਤਕ ਸਮੀਕਰਨਾਂ ਨੂੰ ਆਕਾਰ ਦੇਣ 'ਚ ਹਾਰਡ ਪਾਵਰ ਦਾ ਮੁੜ ਉਭਾਰ ਹੁੰਦਾ ਦੇਖ ਰਹੇ ਹਾਂ। ਨਾਲ ਹੀ ਇਹ ਵੀ ਦੇਖ ਰਹੇ ਹਾਂ ਕਿ ਯੁੱਧਾਂ ਦਾ ਚਰਿੱਤਰ ਅਤੇ ਸਰੂਪ ਤਕਨੀਕੀ ਪਹਿਲੂਆਂ ਦੇ ਆਧਾਰ 'ਤੇ ਕਿਸ ਤਰ੍ਹਾਂ ਤਬਦੀਲ ਹੋ ਕੇ ਰਣਭੂਮੀਆਂ ਨੂੰ ਬੁਨਿਆਦੀ ਰੂਪ 'ਚ ਨਵਾਂ ਆਕਾਰ ਦੇ ਰਿਹਾ ਹੈ।

ਜੋ ਵੀ ਹੋਵੇ, ਸਾਲ ਭਰ ਦੀ ਉਥਲ-ਪੁਥਲ ਤੋਂ ਤੋਂ ਬਾਅਦ ਵੀ ਯੂਕਰੇਨ 'ਚ ਸ਼ਾਂਤੀ ਦੇ ਕੋਈ ਸੰਕੇਤ ਨਹੀਂ ਦਿਸਦੇ। ਇਹ ਸਥਿਤੀ ਇਹੋ ਦਰਸਾਉਂਦੀ ਹੈ ਕਿ ਤਮਾਮ ਉਦਾਰਵਾਦੀ ਵਿਰੋਧ-ਪ੍ਰਦਰਸ਼ਨਾਂ ਦੇ ਬਾਵਜੂਦ ਹਿੰਸਾ ਆਲਮੀ ਰਾਜਨੀਤਕ ਢਾਂਚੇ ਦੇ ਮੂਲ 'ਚ ਨਿਰੰਤਰ ਰੂਪ 'ਚ ਬਣੀ ਹੋਈ ਹੈ ਅਤੇ ਹਾਲ-ਫ਼ਿਲਹਾਲ ਉਹ ਇਸ ਕੇਂਦਰ ਤੋਂ ਉਹਲੇ ਹੁੰਦੀ ਵੀ ਨਹੀਂ ਦਿਸ ਰਹੀ।

# ਕੋਵਿਡ ਮਹਾਮਾਰੀ ਤੋਂ ਬਾਅਦ ਦਰੁੱਸਤ ਕਿਉਂ ਨਹੀਂ ਹੋ ਰਿਹਾ ਕੈਨੇਡਾ ਦਾ ਅਰਥਚਾਰਾ

**(ਸਫਾ 5 ਦੀ ਬਾਕੀ)**

ਨੌਜਵਾਨ ਜੋੜੇ ਤੋਂ ਇਕ ਕਾਰੋਬਾਰ ਖੋਲ੍ਹਣ ਲਈ ਇਕ ਟੋਰਾਂਟੋ ਨਿਵਾਸੀ ਗੋਰਾ ਕਾਰੋਬਾਰੀ ਲਿਖਤੀ-ਪੜ੍ਹਤੀ 30,000 ਡਾਲਰ ਠੱਗ ਕੇ ਲੈ ਜਾਂਦਾ ਹੈ। ਉਹ ਮਿਆਦ ਤੋਂ ਪਹਿਲਾਂ ਨਾਂਹ ਕਰ ਦਿੰਦੇ ਹਨ ਕਾਰੋਬਾਰ ਸਬੰਧੀ। ਕਰੀਬ ਦੋ ਸਾਲ ਹੋਣ ਵਾਲੇ ਹਨ, ਉਹ ਪੈਸੇ ਵਾਪਸ ਕਰਨ ਲਈ ਤਿਆਰ ਨਹੀਂ। ਹੁਣ ਖਾਓ ਅਦਾਲਤਾਂ ਦੇ ਧੱਕੇ।

15 ਤੋਂ 24 ਸਾਲ ਦੇ 60 ਪ੍ਰਤੀਸ਼ਤ, 24 ਤੋਂ 34 ਸਾਲ ਦੇ 56 ਪ੍ਰਤੀਸ਼ਤ ਲੋਕ ਮਕਾਨ ਜਾਂ ਕਿਰਾਏ ਲਈ ਧਨ ਜੁਟਾਉਣ ਤੋਂ ਅਸਮਰੱਥਾ ਜ਼ਾਹਿਰ ਕਰਦੇ ਹਨ। ਲੇਕਿਨ 65 ਸਾਲ ਤੋਂ ਉੱਪਰ ਵਾਲੇ ਇਸ ਸੂਚੀ ਵਿਚ ਆਉਣ ਵਾਲੇ 27 ਪ੍ਰਤੀਸ਼ਤ ਹਨ। ਸੰਨ 2021 ਦੇ ਕੈਨੇਡੀਅਨ ਹਾਊਸਿੰਗ ਸਰਵੇ ਅਨੁਸਾਰ ਪਿਛਲੇ ਦਹਾਕੇ 2010 ਤੋਂ 2020 ਨਾਲੋਂ ਚਾਲੂ ਦਹਾਕੇ ਵਿਚ ਨੌਜਵਾਨਾਂ ਵਿਚ ਮਕਾਨ ਖ਼ਰੀਦਣ ਦੀ ਵਿੱਤੀ ਸਮਰੱਥਾ ਵਿਚ ਵੱਡੀ ਗਿਰਾਵਟ ਦਰਜ ਕੀਤੀ ਗਈ ਹੈ। ਪਹਿਲਾਂ ਜਿਸ ਮਕਾਨ ਦੇ ਕਰਜ਼ੇ ਦੀਆਂ ਕਿਸ਼ਤਾਂ ਇਕ ਪੀੜ੍ਹੀ ਉਤਾਰ ਸਕਣਯੋਗ ਸੀ ਹੁਣ ਇਹ ਭਾਰ ਦੂਸਰੀ ਪੀੜ੍ਹੀ ਨੂੰ ਵੀ ਉਤਾਰਨਾ ਪਵੇਗਾ।

ਚੁਹੱਤਰ ਪ੍ਰਤੀਸ਼ਤ ਕਾਲੇ ਅਤੇ 65 ਪ੍ਰਤੀਸ਼ਤ ਸਾਊਥ ਏਸ਼ੀਅਨ ਕੈਨੇਡੀਅਨਾਂ ਨੂੰ ਜੀਵਨ ਵਿਚ ਮਕਾਨ ਖ਼ਰੀਦਣ ਦਾ ਸੁਪਨਾ ਸਾਕਾਰ ਹੁੰਦਾ ਵਿਖਾਈ ਨਹੀਂ ਦਿੰਦਾ ਲੱਗਦਾ। ਬੈਂਕ ਆਫ ਕੈਨੇਡਾ ਦੇ ਪਿਛਲੇ ਮਹੀਨੇ ਦੇ ਸਰਵੇ ਅਨੁਸਾਰ 58.33 % ਕੈਨੇਡੀਅਨ ਆਪਣੀ ਮਾਸਿਕ ਗਰੋਸਰੀਜ਼ (ਕਰਿਆਨਾ) ਤੇ 50 ਪ੍ਰਤੀਸ਼ਤ ਆਪਣੇ ਯਾਤਾਯਾਤ ਦੇ ਖ਼ਰਚਿਆਂ ਵਿਚ ਕਟੌਤੀ ਕਰਨ ਲਈ ਮਜਬੂਰ ਹੋਏ ਹਨ। ਅਮਰੀਕੀ ਲੋਕ ਵੀ ਮਹਿੰਗਾਈ ਦੀ ਮਾਰ, ਸਿਹਤ, ਸਿੱਖਿਆ ਸੇਵਾਵਾਂ ਵਿਚ ਨਿਘਾਰ ਤੇ ਅਸੁਰੱਖਿਅਤ ਭਵਿੱਖ ਤੋਂ ਏਨੇ ਮਾਯੂਸ ਹਨ ਕਿ ਉਹ ਚਾਹੁੰਦੇ ਹਨ ਕਿ ਅਮਰੀਕਾ ਅੰਦਰ ਪੱਛਮ ਵਾਂਗ ਉਜਰਤਾਂ 'ਚੋਂ ਭਾਵੇਂ 50 ਪ੍ਰਤੀਸ਼ਤ ਕਟੌਤੀ ਕਰ ਲਓ ਪਰ ਉਨ੍ਹਾਂ ਵਰਗੀਆਂ ਸਿਹਤ, ਸਿੱਖਿਆ ਤੇ ਜਨਤਕ ਸੇਵਾਵਾਂ ਮੁਹੱਈਆ ਕਰਵਾਓ।

ਆਮ ਅਮਰੀਕੀ ਦੇਸ਼ ਦੀਆਂ ਗਲੋਬਲ ਚੌਧਰਵਾਦੀ ਨੀਤੀਆਂ ਤੋਂ ਤੰਗ ਆਇਆ ਪਿਆ ਹੈ। ਕਿਧਰੇ ਵੀ ਇਸ ਧਰਤੀ 'ਤੇ ਸੁਹਣੇ ਦੇਸ਼ਾਂ ਵਿੱਚੋਂ ਸਰਵੋਤਮ ਪੰਜਾਬ ਵਰਗੀ ਜ਼ਰਖੇਜ਼ ਮਿੱਟੀ, ਮਨਮੋਹਕ ਵਾਤਾਵਰਨ, ਮਾਨਵ ਸ਼ਕਤੀ ਭਰਿਆ ਦੇਸ਼ ਨਹੀਂ। ਬਸਤੀਵਾਦੀ ਬ੍ਰਿਟਿਸ਼ ਅਤੇ ਅਮਰੀਕੀ ਸਾਮਰਾਜ ਨੇ ਇਸ ਦੇ ਫ਼ਿਰਕੂ ਜ਼ਹਿਰ ਆਧਾਰਤ ਸਾਜਿਸ਼ ਰਾਹੀਂ ਸੰਨ 1947 'ਚ ਦੋ ਟੋਟੇ ਕਰ ਦਿੱਤੇ। ਭਰਾਵਾਂ ਤੋਂ ਭਰਾ ਮਰਵਾ ਦਿੱਤੇ। ਦਸ ਲੱਖ ਪੰਜਾਬੀ ਮਾਰੇ ਗਏ। ਪੰਜਾਬ ਦੀ ਪੱਤ (ਧੀਆਂ-ਭੈਣਾਂ-ਮਾਵਾਂ) ਰੁਲ ਗਈ।

ਪੂਰਬੀ ਪੰਜਾਬ ਨੂੰ ਭਾਰਤ ਰੋਟੀ ਖ਼ਾਤਰ ਚੱਟ ਗਿਆ। ਪੱਛਮੀ ਪੰਜਾਬ ਨੂੰ ਫ਼ੌਜੀ ਜਨਰਲ, ਸਾਮੰਤਵਾਦੀ ਜਾਗੀਰਦਾਰੀ ਅਤੇ ਕੱਟੜਵਾਦੀ ਮੁਲਾਣਾਵਾਦ ਚੱਟ ਗਿਆ। ਪੰਜਾਬੀ ਪੰਜਾਬ ਛੱਡਣ ਲਈ ਮਜਬੂਰ ਹੋ ਗਏ। ਪੰਜਾਬੀ ਜਿਊਂਦੇ ਗੁਰੂਆਂ-ਪੀਰਾਂ-ਨਾਥਾਂ ਦੇ ਨਾਮ 'ਤੇ। ਅੱਜ ਵਿਸ਼ਵ ਦੇ ਹਰ ਕੋਨੇ ਵਿਚ ਪੰਜਾਬੀਆਂ ਅਤੇ ਖ਼ਾਸ ਕਰਕੇ ਸਿੱਖ ਭਾਈਚਾਰੇ ਦਾ ਬੋਲਬਾਲਾ ਹੈ। ਜਿੱਥੇ ਕੈਨੇਡਾ, ਅਮਰੀਕਾ, ਪੱਛਮੀ ਦੇਸ਼ ਮਹਿੰਗਾਈ, ਕੋਵਿਡ ਮਹਾਮਾਰੀ, ਸਰਮਾਏਦਰਾਨਾ ਕਰੋਨੀ ਕਾਰਪੋਰੇਟਵਾਦ, ਆਰਥਿਕ ਅਤੇ ਵਿੱਤੀ ਮੰਦਹਾਲੀ ਤੋਂ ਬੁਰੀ ਤਰ੍ਹਾਂ ਹਾਲੋਂ-ਬੇਹਾਲ ਹਨ, ਓਥੇ ਹੀ ਪੰਜਾਬੀ ਚੜ੍ਹਦੀਕਲਾ ਅਤੇ ਲੋੜਵੰਦਾਂ ਦੀ ਸੇਵਾ ਸੰਭਾਲ ਵੱਲ ਰੁਚਿਤ ਹਨ। ਅਮਰੀਕੀ ਰਾਸ਼ਟਰਪਤੀ, ਕਈ ਰਾਜਾਂ ਦੇ ਗਵਰਨਰ, ਕੈਨੇਡੀਅਨ ਪ੍ਰਧਾਨ ਮੰਤਰੀ ਮੰਨ ਚੁੱਕੇ ਹਨ ਕਿ ਕੁਦਰਤੀ ਕਰੋਪੀਆਂ, ਆਰਥਿਕਤਾ ਅਤੇ ਵਿੱਤੀ ਮੰਦਹਾਲੀਆਂ ਵੇਲੇ ਜਨਤਕ ਸਾਂਭ-ਸੰਭਾਲ ਲਈ ਪੰਜਾਬੀ ਤੇ ਖ਼ਾਸ ਕਰਕੇ ਸਿੱਖ ਭਾਈਚਾਰਾ ਹਰ ਪ੍ਰਾਂਤ ਵਿਚ ਲੋੜੀਂਦਾ ਹੈ।


Are you planning to go to Lahore (Pakistan) by Wagah Border or to Gurdwaras in Pakistan

Good/Reliable Taxi Driver will be available at Wagah Border



Please Call MALIK RAZA

ਕੀ ਤੁਸੀਂ ਵਾਘਾ ਬਾਰਡਰ ਰਾਹੀਂ ਲਾਹੌਰ ਤੇ ਗੁਰਧਾਮਾਂ ਦੀ ਯਾਤਰਾ ਕਰਨ ਜਾ ਰਹੇ ਹੋ

ਵਾਘਾ ਬਾਰਡਰ ਤੇ ਤੁਹਾਡੀ ਉਡੀਕ 'ਚ ਹਮੇਸ਼ਾ ਇਕ ਚੰਗਾ ਤੇ ਹਰ ਇਲਾਕੇ ਤੋਂ ਜਾਣੂ ਡਰਾਈਵਰ ਟੈਕਸੀ ਸਮੇਤ ਤਿਆਰ ਹੈ

ਫੋਨ ਕਰੋ: ਮਲਿਕ ਰਜ਼ਾ (ਵਾਘਾ ਬਾਰਡਰ)

ਕੋਡ 092- 309 8241032

# ਗੁਰਦੁਆਰਾ ਸਾਹਿਬ ਫਰੀਮਾਂਟ ਦੇ ਉਮੀਦਵਾਰਾਂ ਦੀਆਂ ਬੇਨਤੀਆਂ


ਭਾਈ ਸਾਹਿਬ ਹਰਪ੍ਰੀਤ ਸਿੰਘ ਬੈਂਸ
Harpreet Singh Bains


ਭਾਈ ਸਾਹਿਬ ਜਸਪ੍ਰੀਤ ਸਿੰਘ ਅਟਵਾਲ (ਡਾ.)
Dr. Jaspreet Singh Atwal


ਬੀਬੀ ਸੁਰਿੰਦਰਜੀਤ ਕੌਰ
Surinderjit Kaur


ਭਾਈ ਸਾਹਿਬ ਰਾਜਿੰਦਰ ਸਿੰਘ ਰਾਜਾ
Rajinder Singh Raja


ਭਾਈ ਸਾਹਿਬ ਜਸਵੰਤ ਸਿੰਘ
Jaswant Singh

ਫਰੀਮਾਂਟ- ਪਿਛਲੇ ਹਫਤੇ ਮਾਰਚ 3 ਨੂੰ ਸਿੱਖ ਪੰਚਾਇਤ ਵੱਲੋਂ ਆਪਣੇ ਉਮੀਦਵਾਰਾਂ ਨਾਲ ਮਿਲਣੀ ਕਾਰਵਾਈ ਗਈ। ਚਾਂਦਨੀ ਰੈਸਟੋਰੈਂਟ ਨਿਊਆਰਕ ’ਚ ਸ਼ਾਮੀ 6 ਵਜੇ ਤੋਂ 9 ਵਜੇ ਤੱਕ ਰੱਖੇ ਗਏ। ਸਮੇਂ ’ਤੇ ਇਸ ਪ੍ਰੋਗਰਾਮ ਵਿਚ ਸ਼ਾਮਲ ਹੋਣ ਲਈ ਇਲਾਕੇ ਦੇ ਵੋਟਰਾਂ ਨੇ ਹਿੱਸਾ ਲਿਆ ਉਮੀਦਵਾਰਾਂ ਨੇ ਆਪਣੇ ਵੱਲੋਂ ਸੰਗਤਾਂ ਨਾਲ ਕੁਝ ਵਾਅਦੇ ਕੀਤੇ, ਕੁਝ ਦੱਸਿਆ।

(1) **ਹਰਪ੍ਰੀਤ ਸਿੰਘ ਬੈਂਸ** ਹੁਰਾਂ ਵੱਲੋਂ ਉਹਨਾਂ ਨੇ ਆਪਣੇ ਪਿਛਲੇ ਦੋ ਸਾਲਾਂ ਦੇ ਸਮੇਂ ਵਿਚ ਕਰਵਾਏ ਗਏ ਗੁਰਮਤਿ ਕੈਂਪਾਂ ਬਾਰੇ, ਗਤਕਾ ਦੀਆਂ ਕਲਾਸਾਂ ਲਾਉਣ ਬਾਰੇ ਜਾਣਕਾਰੀ ਦਿੱਤੀ ਗਈ।

23 ਬੱਚਿਆਂ ਨੇ ਪਿਛਲੇ ਸਾਲਾਂ ਵਿਚ ਸਕਾਰਲਸ਼ਿਪ ਦਿੱਤੀ ਗਈ।

500 ਤੋਂ ਵੱਧ ਬੱਚੇ ਪਹਿਲੀ ਕਲਾਸ ਤੋਂ 7ਵੀਂ ਜਮਾਤ ਤੱਕ ਪੜ੍ਹਨ ਆਏ। ਜਿਹਨਾਂ ’ਚੋਂ 200 ਬੱਚਿਆਂ ਨੇ ਕੀਰਤਨ ਦੀਆਂ ਕਲਾਸਾਂ ’ਚ ਹਿੱਸਾ ਲਿਆ ਤੇ ਹਾਲੇ ਵੀ ਕੀਰਤਨ ਸਿੱਖ ਰਹੇ ਹਨ।

30 ਦੇ ਕਰੀਬ ਟੀਚਰ ਹਨ ਤੇ 7 ਵਲੰਟੀਅਰ ਜੋ ਦਫ਼ਤਰੀ ਕੰਮ ਲਈ ਸਹਾਇਤਾ ਕਰਦੇ ਹਨ। ਸਕੂਲ ਨਵੀਂ ਬਣੀ ਬਿਲਡਿੰਗ ’ਚ ਚੱਲ ਰਿਹਾ ਹੈ।

(2) **ਜਸਪ੍ਰੀਤ ਸਿੰਘ ਅਟਵਾਲ (ਡਾਕਟਰ)**- ਉਹਨਾਂ ਨੇ ਦੱਸਿਆ ਕਿ ਇਹ ਗੁਰੂ ਘਰ ਸ਼ਹੀਦਾਂ ਦੀ ਯਾਦ ਨੂੰ ਸਮਰਪਿਤ ਹੈ, ਗੁਰੂ ਘਰ ਵੱਲੋਂ ਜੂਨ ਮਹੀਨੇ ’ਚ ਸਾਨਫਰਾਂਸਿਸਕੋ ਵਿਖੇ ਹਰ ਸਾਲ ਨਗਰ ਕੀਰਤਨ ਵੀ ਕੱਢਿਆ ਜਾਂਦਾ ਹੈ, ਸਿਰਫ ਦੋ ਸਾਲਾਂ ਨੂੰ ਛੱਡ ਕੇ। ਪਿਛਲੇ ਸਾਲ ਵੀ ਨਗਰ ਕੀਰਤਨ ਕੱਢਿਆ ਗਿਆ ਸੀ।

ਗੁਰੂ ਘਰ ’ਚ ਕੋਵਿਡ ਦੇ ਦੌਰਾਨ ਡਾਕਟਰੀ ਸਹਾਇਤਾ ਦੇ ਨਾਲ-ਨਾਲ ਕੋਵਿਡ ਦੇ ਟੀਕੇ ਵੀ ਸੰਗਤਾਂ ਨੂੰ ਲਵਾਏ ਗਏ ਤੇ ਫਲੂ ਦੇ ਟੀਕੇ ਵੀ ਲਾਏ ਜਾਂਦੇ ਰਹੇ।

(3) **ਰਾਜਿੰਦਰ ਸਿੰਘ (ਰਾਜਾ)** ਉਹਨਾਂ ਨੇ ਆਏ ਹੋਏ ਲੋਕਾਂ ਨੂੰ, ਆਪਣੇ ਸਮੇਂ ਦੌਰਾਨ ਬੋਲਦਿਆਂ ਦੱਸਿਆ ਕਿ ਪਿਛਲੇ ਦੋ ਸਾਲਾਂ ਵਿਚ ਗੁਰੂ ਘਰ ਫਰੀਮਾਂਟ ਦੀ ਗੋਲਕ ’ਚੋਂ ਇਕ ਵੀ ਰੁਪਿਆ ਨਹੀਂ ਲਾਇਆ ਗਿਆ, ਕਿਉਂਕਿ ਮੈਂ ਖਜਾਨਚੀ ਦੀਆਂ ਸੇਵਾਵਾਂ ਨਿਭਾਈਆਂ ਹਨ। ਇਸ ਲਈ ਮੈਂ ਇਹ ਦੱਸ ਰਿਹਾ ਹਾਂ ਤੇ ਗੁਰੂ ਘਰ ਵੱਲੋਂ ਬਹੁਤ ਕਾਰਜ ਸ਼ੁਰੂ ਕੀਤੇ ਹੋਏ ਹਨ ਜੋ ਸੰਗਤਾਂ ਦੇ ਸਹਿਯੋਗ ਨਾਲ ਹੀ ਪੂਰੇ ਹੋਣਗੇ। ਤੇ ਇਸ ਵਿਚ ਸੰਗਤਾਂ ਦੇ ਸਹਿਯੋਗ ਦੀ ਲੋੜ ਹੈ।

(4) **ਸੁਰਿੰਦਰਜੀਤ ਕੌਰ**- ਬੀਬੀ ਜੀ ਨੇ ਦੱਸਿਆ ਕਿ ਕੰਮ ਪੱਖੋਂ ਉਹ ਟੀਚਰ ਹੈ ਤੇ ਸਕੂਲ ’ਚ ਪੜ੍ਹਾਉਂਦੇ ਹਨ। ਉਹਨਾਂ ਨੇ ਆਪਣਾ ਕੰਮ ਕਰਨ ਦੇ ਤਰੀਕੇ ’ਚ ਇਹ ਕਿਹਾ, ਉਹ ਗੁਰੂ ਘਰ ਦੇ ਕਾਰਜਾਂ ਵਿਚ ਇਹ ਕਿਹਾ ਉਹ ਗੁਰੂ ਘਰ ਦੇ ਕਾਰਜਾਂ ਵਿਚ ਬੀਬੀਆਂ ਤੇ ਨੌ-ਜਵਾਨਾਂ ਨੂੰ ਲੈ ਕੇ ਆਉਣਗੇ ਕਿਉਂਕਿ ਬੱਚਿਆਂ ਦੇ ਨਾਲ ਨਾਲ ਨੌਜਵਾਨ ਲੜਕੇ-ਲੜਕੀਆਂ ਵਿਚ ਗੁਰੂ ਘਰਾਂ ’ਚ ਵੱਧ ਤੋਂ ਵੱਧ ਹਿੱਸਾ ਪਾ ਸਕਦੇ ਹਨ ਤੇ ਸੇਵਾ ਕਰ ਸਕਦੇ ਹਨ। ਕੋਈ ਵੀ ਪ੍ਰਾਜੈਕਟ ਹੋਵੇ, ਉਹਨਾਂ ’ਚ ਬੀਬੀਆਂ-ਨੌਜਵਾਨ ਬੱਚਿਆਂ ਨੂੰ ਸ਼ਾਮਲ ਹੋਣਾ ਚਾਹੀਦਾ ਹੈ।

ਬੀਬੀ ਸੁਰਿੰਦਰਜੀਤ ਕੌਰ ਅਨੁਸਾਰ ਬੀਬੀਆਂ ਜੋ 50 ਫੀਸਦੀ ਤੋਂ ਉਪਰ ਗੁਰੂ ਘਰਾਂ ’ਚ ਆਉਂਦੀਆਂ ਤਾਂ ਹਨ ਪਰ ਕੰਮਾਂ ’ਚ ਹਿੱਸਾ ਨਹੀਂ ਵੰਡਾਉਂਦੀਆਂ, ਨਾਲ ਹਿੱਸਾ ਲੈਂਦੀਆਂ ਹਨ। ਉਹਨਾਂ ਨੇ ਕਿਹਾ, ਜੇ ਚੋਣਾਂ ਨਾ ਹੋਣ ਤਾਂ ਗੁਰੂ ਘਰ ਤੇ ਸੰਗਤਾਂ ਦਾ 80 ਹਜ਼ਾਰ ਡਾਲਰ ਦਾ ਖਰਚਾ ਬਚ ਸਕਦਾ ਹੈ। ਇਹ ਕੰਮ ਸਰਬ ਸੰਮਤੀ ਨਾਲ ਵੀ ਹੋ ਸਕਦਾ ਹੈ।

(5) **ਸ. ਜਸਵੰਤ ਸਿੰਘ ਹੁਰਾਂ** ਨੇ ਆਏ ਹੋਏ ਵੋਟਰਾਂ ਤੇ ਸੱਜਣਾਂ ਦਾ ਧੰਨਵਾਦ ਕਰਦੇ ਹੋਏ ਕਿਹਾ ਕਿ ਉਹ ਲੰਗਰ ਦੀ ਸੇਵਾ ਨੂੰ ਉੱਤਮ ਮੰਨਦੇ ਹਨ ਤੇ ਕੋਵਿਡ ਦੇ ਸਮੇਂ ’ਚ ਸਿੱਖ ਪੰਚਾਇਤ ਦੇ ਮੈਂਬਰਾਂ ਨੇ ਦਾਲ-ਚੌਲ ਬਹੁਤ ਗਿਣਤੀ ’ਚ ਪੈਕਟ ਬਣਾ ਕੇ ਰੋਜ਼ਾਨਾ ਵੰਡਿਆ, ਜਦੋਂ ਕੋਈ ਵੀ ਰੈਸਟੋਰੈਂਟ ਵਗੈਰਾ ਖੁੱਲ੍ਹੇ ਨਹੀਂ ਸਨ। ਇਸ ਸੇਵਾ ’ਚ ਬਹੁਤ ਹੀ ਖੁਸ਼ੀ ਮਿਲਦੀ ਹੈ ਕਿ ਮੈਂ ਗੁਰੂ ਘਰ ’ਚ ਆਉਣ ਵਾਲੇ ਹਰ ਮਾਈ-ਭਾਈ ਨੂੰ ਅਰਜ਼ ਕਰਦਾ ਹਾਂ, ਆ ਕੇ ਲੰਗਰਾਂ ’ਚ ਸੇਵਾ ਕਰਿਆ ਕਰੋ ਤਾਂ ਕਿ ਤੁਹਾਨੂੰ ਵੀ ਗੁਰੂ ਸਾਹਿਬ ਖੁਸ਼ਹਾਲ ਰੱਖਣ।

ਸਿੱਖ ਪੰਚਾਇਤ ਦੇ ਕਸ਼ਮੀਰ ਸਿੰਘ ਸ਼ਾਹੀ, ਦਵਿੰਦਰ ਸਿੰਘ ਤੇ ਡਾ. ਪ੍ਰਿਤਪਾਲ ਸਿੰਘ ਵੱਲੋਂ ਆਈਆਂ ਸੰਗਤਾਂ ਦਾ ਧੰਨਵਾਦ ਕੀਤਾ। ਜਸਵਿੰਦਰ ਸਿੰਘ ਜੰਡੀ ਨੇ ਵੀ ਸਿੱਖ ਪੰਚਾਇਤ ਦੇ ਕੰਮਾਂ ਨੂੰ ਦਰਸਾਇਆ ਤੇ ਇਕ ਵਾਰ ਇਹਨਾਂ ਨੂੰ ਵੋਟਾਂ ਪਾ ਕੇ ਸੇਵਾ ਕਰਨ ਦਾ ਮੌਕਾ ਦੇਣ ਦੀ ਅਪੀਲ ਕੀਤੀ।

# ਅੱਜ ਦੇ ਤਕਨੀਕੀ ਯੁੱਗ ’ਚ ਔਰਤਾਂ ਨਾਲ ਪੱਖਪਾਤ


ਕੰਵਲਜੀਤ ਕੌਰ ਗਿੱਲ

ਸਾਲ 1947 ਵਿਚ ਭਾਰਤ ਰਾਜਨੀਤਕ ਤੌਰ ’ਤੇ ਆਜ਼ਾਦ ਹੋ ਗਿਆ ਸੀ। ਇਸ ਨੂੰ ਵਿਉਂਤਬੱਧ ਢੰਗ ਨਾਲ ਚਲਾਉਣ ਵਾਸਤੇ 1950 ਵਿਚ ਸੰਵਿਧਾਨ ਲਾਗੂ ਕਰ ਕੇ ਲੋਕਤੰਤਰ ਦੀ ਨੀਂਹ ਰੱਖੀ ਗਈ। ਸੰਵਿਧਾਨ ਵਿਚ ਸਪੱਸ਼ਟ ਲਿਖਿਆ ਹੈ ਕਿ ਭਾਰਤ ਵਿਚ ਰਹਿੰਦਾ ਹਰ ਨਾਗਰਿਕ ਹਰ ਪੱਖ ਤੋਂ ਬਰਾਬਰ ਹੈ; ਭਾਵ, ਕਿਸੇ ਵੀ ਨਾਗਰਿਕ ਪ੍ਰਤੀ ਜਾਤ, ਰੰਗ, ਫਿਰਕੇ, ਨਸਲ, ਧਰਮ ਅਤੇ ਲਿੰਗ ਦੇ ਆਧਾਰ ’ਤੇ ਵਿਤਕਰਾ ਨਹੀਂ ਕੀਤਾ ਜਾ ਸਕਦਾ। ਇਸ ਦਾ ਅਰਥ ਹੈ ਸਾਰੇ ਮਰਦ ਔਰਤ ਬਰਾਬਰ ਹਨ। ਇਸ ਰਾਜਨੀਤਕ ਸਿਧਾਂਤ ਨੂੰ ਅਮਲੀ ਜਾਮਾ ਸਮਾਜ ਨੇ ਪਹਿਨਾਉਣਾ ਹੁੰਦਾ ਹੈ ਪਰ ਸਾਡੇ ਮਰਦ ਪ੍ਰਧਾਨ ਸਮਾਜ ਵਿਚ ਔਰਤ ਨੂੰ ਦੂਜੇ ਦਰਜੇ ਦੀ ਨਾਗਰਿਕ ਸਮਝਿਆ ਜਾਂਦਾ ਹੈ। 8 ਮਾਰਚ ਨੂੰ ਹਰ ਸਾਲ ਔਰਤ ਦਿਵਸ ਵਜੋਂ ਮਨਾਇਆ ਜਾਂਦਾ ਹੈ। ਕਿਸੇ ਖਾਸ ਮੁੱਦੇ ਬਾਰੇ ਵਿਚਾਰ ਚਰਚਾ ਕੀਤੀ ਜਾਂਦੀ ਹੈ। ਸਾਲ 2023 ਲਈ ਵਿਸ਼ਾ ਹੈ- ‘ਆਰਥਿਕ ਤੇ ਸਮਾਜਕ ਨਾ-ਬਰਾਬਰੀ ਨੂੰ ਵਧਾਉਣ ਵਿਚ ਲਿੰਗ ਆਧਾਰਿਤ ਡਿਜੀਟਲ ਪਾੜੇ ਦਾ ਪ੍ਰਭਾਵ’। ਡਿਜੀਟਲ ਤਕਨੀਕ ਨਾਲ ਭਾਵੇਂ ਮਨੁੱਖ ਨੇ ਕਈ ਪ੍ਰਕਾਰ ਦੀਆਂ ਕੁਦਰਤੀ ਆਫ਼ਤਾਂ ਅਤੇ ਚੁਣੌਤੀਆਂ ’ਤੇ ਜਿੱਤ ਪ੍ਰਾਪਤ ਕੀਤੀ ਹੈ, ਇਸ ਨਾਲ ਵਿਕਾਸ ਦੇ ਨਵੇਂ ਰਾਹ ਖੁੱਲ੍ਹਦੇ ਹਨ ਪਰ ਕੀ ਇਹ ਅਤਿ-ਆਧੁਨਿਕ ਤਕਨੀਕਾਂ ਤੇ ਕਾਢਾਂ ਲਿੰਗਕ (ਜੈਂਡਰ) ਸੰਵੇਦਨਸ਼ੀਲ ਅਤੇ ਲਿੰਗਕ ਜਵਾਬਦੇਹ ਹਨ ? ਕੀ ਡਿਜੀਟਾਈਜੇਸ਼ਨ ਦੀ ਦੌੜ ਵਿਚ ਸਮਾਜਿਕ ਆਰਥਿਕ ਪਾੜਾ ਹੋਰ ਨਹੀਂ ਵਧੇਗਾ? ਔਰਤ ਦੀ ਸਰੀਰਕ, ਮਾਨਸਿਕ ਅਤੇ ਸੋਸ਼ਲ ਸੁਰੱਖਿਆ ਹੋਰ ਵੀ ਖ਼ਤਰੇ ਵਿਚ ਨਹੀਂ ਜਾਵੇਗੀ? ਔਰਤ ਲਈ ਰੁਜ਼ਗਾਰ ਖੁੱਸਣ ਦੇ ਮੌਕੇ ਨਹੀਂ ਵਧਣਗੇ? ਇਨ੍ਹਾਂ ਸਵਾਲਾਂ ਦੇ ਜਵਾਬ ਲੱਭਣ ਤੋਂ ਪਹਿਲਾਂ 8 ਮਾਰਚ ਦੇ ਇਤਿਹਾਸਕ ਪਿਛੋਕੜ ਵੱਲ ਝਾਤ ਮਾਰਨੀ ਜ਼ਰੂਰੀ ਹੈ।

ਔਰਤ ਨਾਲ ਪੱਖਪਾਤੀ ਰਵੱਈਆ ਸਦੀਆਂ ਤੋਂ ਚੱਲ ਰਿਹਾ ਹੈ। ਔਰਤਾਂ ਨਾਲ ਹੋ ਰਹੇ ਜ਼ੁਲਮਾਂ ਅਤੇ ਵਧੀਕੀਆਂ ਵਿਰੁੱਧ ਨਿਊਯਾਰਕ ਦੀਆਂ ਔਰਤਾਂ ਨੇ 1908-09 ਵਿਚ ਬਰਾਬਰੀ ਦੇ ਅਧਿਕਾਰ ਪ੍ਰਾਪਤ ਕਰਨ ਵਾਸਤੇ ਆਵਾਜ਼ ਉਠਾਈ। 1910 ਵਿਚ ਜਰਮਨੀ ਦੀ ਸੋਸ਼ਲਿਸਟ ਡੈਮੋਕ੍ਰੇਟਿਕ ਪਾਰਟੀ ਦੀ ਔਰਤ ਲੀਡਰ ਕਲਾਰਾ ਜੈਟਕਿਨ ਨੇ ਕੋਪਨਹੇਗਨ ਵਿਚ ਕੰਮਕਾਜੀ ਔਰਤਾਂ ਦੇ ਇਕੱਠ ਦੌਰਾਨ ਔਰਤ ਦਿਵਸ ਦਾ ਵਿਚਾਰ ਦਿੱਤਾ । 1911 ਵਿਚ ਕੁਝ ਹੋਰ ਦੇਸ਼ ਵੀ ਇਸ ਨਾਲ ਸਹਿਮਤ ਹੋ ਗਏ। ਇਸ ਤੋਂ ਬਾਅਦ 1913-14 ਵਿਚ ਰੂਸੀ ਔਰਤਾਂ ਨੇ ਪਹਿਲੀ ਸੰਸਾਰ ਜੰਗ ਦੌਰਾਨ ਤਬਾਹੀ ਨੂੰ ਦੇਖਦਿਆਂ ਸ਼ਾਂਤੀ ਬਹਾਲੀ ਲਈ 23 ਫਰਵਰੀ ਨੂੰ ਔਰਤ ਦਿਵਸ ਦਾ ਸੱਦਾ ਦਿੱਤਾ। 1975 ਨੂੰ ਸੰਯੁਕਤ ਰਾਸ਼ਟਰ ਨੇ ਸਭ ਤੋਂ ਪਹਿਲਾਂ ਔਰਤ ਦਿਵਸ ਮਨਾਇਆ ਅਤੇ ਇਸ ਤੋਂ ਬਾਅਦ ਕੌਮਾਂਤਰੀ ਪੱਧਰ ‘ਤੇ ਔਰਤਾਂ ਦੀਆਂ ਕਾਨਫਰੰਸਾਂ ਸ਼ੁਰੂ ਹੋ ਗਈਆਂ। 1977 ਵਿਚ ਔਰਤਾਂ ਦੀ ਜਨਰਲ ਅਸੈਂਬਲੀ ਨੇ ਮੈਂਬਰ ਸਟੇਟਾਂ ਦੀਆਂ ਆਪੋ-ਆਪਣੀਆਂ ਰਵਾਇਤਾਂ ਅਨੁਸਾਰ ਔਰਤ ਦਿਵਸ ਮਨਾਉਣ ਦਾ ਫੈਸਲਾ ਕੀਤਾ। ਭਾਰਤ ਨੇ 1975-85 ਨੂੰ ਔਰਤਾਂ ਨੂੰ ਸਮਰਪਿਤ ਦਹਾਕੇ ਵਜੋਂ ਮਨਾਇਆ। ਪਹਿਲੀ ਕੌਮਾਂਤਰੀ ਕਾਨਫਰੰਸ ਔਰਤਾਂ ਦੇ ਮੁੱਢਲੇ ਅਧਿਕਾਰਾਂ ਅਤੇ ਕੌਮਾਂਤਰੀ ਸ਼ਾਂਤੀ ਦੇ ਮੁੱਦੇ ਨੂੰ ਲੈ ਕੇ 1975 ਵਿਚ ਮੈਕਸੀਕੋ ਵਿਚ ਹੋਈ। ਦੂਜੀ ਯੂਐੱਨ ਵਿਮੈੱਨ ਕਾਨਫਰੰਸ 1980 ਵਿਚ ਕੋਪਨਹੇਗਨ ਅਤੇ ਤੀਜੀ 1985 ਵਿਚ ਨੈਰੋਬੀ ਵਿਚ ਹੋਈ । ਇਨ੍ਹਾਂ ਕਾਨਫਰੰਸਾਂ ਵਿਚ ਮੁੱਖ ਮੁੱਦੇ ਬਰਾਬਰ ਕੰਮ ਲਈ ਬਰਾਬਰ ਉਜਰਤ, ਔਰਤਾਂ ਵਿਰੁੱਧ ਹਿੰਸਾ, ਜ਼ਮੀਨ ਦੀ ਮਾਲਕੀ ਅਤੇ ਮੁੱਢਲੇ ਮਨੁੱਖੀ ਅਧਿਕਾਰਾਂ ਦੀ ਪ੍ਰਾਪਤੀ ਸਨ। 1995 ਵਿਚ ਪੇਈਚਿੰਗ ਵਿਚ ਚੌਥੀ ਕਾਨਫਰੰਸ ਮੀਲ ਪੱਥਰ ਹੋ ਨਿੱਬੜੀ। ਇਸ ਕਾਨਫਰੰਸ ਵਿਚ 12 ਤੋਂ ਵੱਧ ਮੁੱਦਿਆਂ ਦੀ ਨਿਸ਼ਾਨਦੇਹੀ ਕੀਤੀ ਗਈ ਜਿਹੜੇ ਔਰਤ ਦੇ ਸ਼ਕਤੀਕਰਨ ਅਤੇ ਮਰਦ ਔਰਤ ਵਿਚਲੀ ਬਰਾਬਰੀ ਯਕੀਨੀ ਬਣਾਉਣ ਬਾਰੇ ਸਨ। ਇਕ ਕਾਰਵਾਈ ਯੋਜਨਾ (ਐਕਸ਼ਨ ਪਲਾਨ) ਤਹਿਤ ਪ੍ਰਣ ਲਿਆ ਕਿ ਔਰਤ ਨਾਲ ਹੁੰਦੀ ਹਰ ਪ੍ਰਕਾਰ ਦੀ ਹਿੰਸਾ ਅਤੇ ਵਿਤਕਰਾ ਜੜ੍ਹੋਂ ਖ਼ਤਮ ਕਰਨਾ ਹੈ। ਇਸ ਕਾਨਫਰੰਸ ਵਿਚ 17 ਹਜ਼ਾਰ ਤੋਂ ਵਧ ਔਰਤਾਂ ਨੇ ਸ਼ਮੂਲੀਅਤ ਕੀਤੀ ਜਿਸ ਵਿਚ 6 ਹਜ਼ਾਰ ਸਰਕਾਰੀ ਡੈਲੀਗੇਟ ਤੇ 4 ਹਜ਼ਾਰ ਤੋਂ ਵੱਧ ਸਰਕਾਰੀ, ਗੈਰ-ਸਰਕਾਰੀ ਸੰਸਥਾਵਾਂ ਨੇ ਭਾਗ ਲਿਆ। ਪੰਜ ਸਾਲਾਂ ਬਾਅਦ 2000 ਵਿਚ ਯੂਐੱਨ ਦੀ ਜਨਰਲ ਅਸੈਂਬਲੀ ਨੇ ਪਹਿਲਾਂ ਤੋਂ ਬਣੀ ਯੋਜਨਾ ਉੱਪਰ ਵਿਚਾਰ-ਵਟਾਂਦਰਾ ਕਰਦਿਆਂ 21ਵੀਂ ਸਦੀ ਦੀ ਔਰਤ ਲਈ ਬਰਾਬਰੀ, ਵਿਕਾਸ ਅਤੇ ਸ਼ਾਂਤੀ ਦੇ ਵਿਸ਼ੇ ਉਪਰ ਵਿਚਾਰ ਕਰਨ ਦਾ ਸੱਦਾ ਦਿੱਤਾ। ਇਸ ਤੋਂ ਬਾਅਦ ਹਰ ਪੰਜਾਂ ਸਾਲਾਂ ਬਾਅਦ ਸਮਾਜ ਵਿਚ ਔਰਤ ਦੇ ਦਰਜੇ ਵਿਚ ਆ ਰਹੀ ਤਬਦੀਲੀ ਬਾਰੇ ਵਿਚਾਰ-ਵਟਾਂਦਰਾ ਕੀਤਾ ਜਾਂਦਾ ਹੈ। ਇਸੇ ਲੜੀ ਵਿਚ 2020 ਨੂੰ ਵੱਖ ਵੱਖ ਥਾਵਾਂ ‘ਤੇ ਕਾਲਜਾਂ, ਯੂਨੀਵਰਸਿਟੀਆਂ ਵਿਚ ਸਭਾਵਾਂ ਅਤੇ ਸਮਾਗਮ ਕੀਤੇ। ਇਨ੍ਹਾਂ ਵਿਚ 25 ਸਾਲਾਂ ਦੌਰਾਨ ਹੋਈ ਪ੍ਰਾਪਤੀ ਦਾ ਲੇਖਾ ਜੋਖਾ ਕੀਤਾ ਗਿਆ।

ਅੱਜ ਔਰਤ ਆਪਣੀ ਮਿਹਨਤ ਤੇ ਲਿਆਕਤ ਸਦਕਾ ਭਾਵੇਂ ਹਰ ਕਿੱਤੇ ਅਤੇ ਖਿੱਤੇ ਵਿਚ ਪ੍ਰਤਿਭਾ ਦੇ ਜੌਹਰ ਦਿਖਾ ਰਹੀ ਹੈ ਪਰ ਅਜੇ ਵੀ ਇਸ ਨੂੰ ਆਰਥਿਕ ਤੌਰ ’ਤੇ ਮਰਦਾਂ ਵਾਂਗ ਪਰਿਵਾਰ ਲਈ ਰੋਜ਼ੀ-ਰੋਟੀ ਕਮਾਉਣ ਵਾਲੀ ਦਾ ਦਰਜਾ ਨਹੀਂ ਮਿਲਿਆ। ਨੈਸ਼ਨਲ ਸੈਂਪਲ ਸਰਵੇ ਆਰਗਨਾਈਜੇਸ਼ਨ ਦੇ ਅਧਿਐਨ ਅਨੁਸਾਰ ਕੁਲ ਔਰਤਾਂ ਦਾ ਕੇਵਲ 29-30 ਪ੍ਰਤੀਸ਼ਤ ਹੀ ਰੁਜ਼ਗਾਰ ਵਿਚ ਹੈ। ਉਨ੍ਹਾਂ ਵਿਚ ਵੀ ਬਹੁਤੀਆਂ ਸਵੈ-ਰੁਜ਼ਗਾਰ ਅਤੇ ਗੈਰ-ਜਥੇਬੰਦ ਖੇਤਰ ਵਿਚ ਹਨ। ਇਸ ਤੋਂ ਇਲਾਵਾ ਉੱਚ ਅਹੁਦਿਆਂ ਉੱਪਰ ਉਨ੍ਹਾਂ ਦੀ ਹਾਜ਼ਰੀ ਨਾਮਾਤਰ ਹੀ ਹੈ। ਅਮਰੀਕਾ ਤੋਂ ਛਪਦੇ ਜਰਨਲ ‘ਫੋਰਬਸ’ ਅਨੁਸਾਰ, ਅਮਰੀਕਾ ਦੀਆਂ ਪਹਿਲੇ 20 ਰੈਂਕ ’ਤੇ ਆਉਂਦੀਆਂ ਯੂਨੀਵਰਸਿਟੀਆਂ ਵਿਚੋਂ ਸਾਲ 2023 ਦੌਰਾਨ 11 ਯੂਨੀਵਰਸਿਟੀਆਂ ਦੇ ਵਾਈਸ ਚਾਂਸਲਰ ਜਾਂ ਮੁਖੀ ਔਰਤਾਂ ਹੋਣਗੀਆਂ ਜਿਥੇ 10 ਸਾਲ ਪਹਿਲਾਂ ਕੇਵਲ 5 ਔਰਤਾਂ ਇਸ ਅਹੁਦੇ ’ਤੇ ਤਾਇਨਾਤ ਸਨ। ਇਹ ਔਰਤਾਂ ਦੀ ਪ੍ਰਾਪਤੀ ਹੀ ਹੈ ਪਰ ਗੱਲ ਇੰਨੀ ਵੀ ਖੁਸ਼ ਹੋਣ ਵਾਲੀ ਨਹੀਂ। ਇਸੇ ਅਧਿਐਨ ਵਿਚ ਦੱਸਿਆ ਗਿਆ ਹੈ ਕਿ ਪਹਿਲੇ ਦਰਜੇ ’ਤੇ ਆਉਂਦੀਆਂ 130 ਦੇ ਲੱਗਭੱਗ ਸਰਕਾਰੀ ਤੇ ਪ੍ਰਾਈਵੇਟ ਯੂਨੀਵਰਸਿਟੀਆਂ ਵਿਚ ਪੀਐੱਚਡੀ ਦੀ ਡਿਗਰੀ ਹੋਣ ਦੇ ਬਾਵਜੂਦ ਕੇਵਲ 22 ਪ੍ਰਤੀਸ਼ਤ ਹੀ ਵਾਈਸ ਚੇਅਰਮੈਨ/ਪ੍ਰੈਜ਼ੀਡੈਂਟ ਜਾਂ ਵਾਈਸ ਚਾਂਸਲਰ ਹਨ। ਇਹ ਪਾੜਾ ਸਿਆਹ ਰੰਗ ਦੀਆਂ ਔਰਤਾਂ ਪ੍ਰਤੀ ਹੋਰ ਵੀ ਵਧੇਰੇ ਹੈ ਜਿਨ੍ਹਾਂ ਦਾ ਅਨੁਪਾਤ ਕੇਵਲ 5% ਹੈ । ਜਪਾਨ ਵਿਚ ਪ੍ਰਾਈਵੇਟ ਕੰਪਨੀਆਂ ਵਿਚ ਕੇਵਲ 2 ਪ੍ਰਤੀਸ਼ਤ ਔਰਤਾਂ ਹੀ ਸਿਖਰਲੇ ਅਹੁਦਿਆਂ ’ਤੇ ਹਨ। ਰੁਜ਼ਗਾਰ ਪ੍ਰਾਪਤੀ ਵੇਲੇ ਪੱਖਪਾਤ, ਮਿਹਨਤਾਨੇ ਦੀ ਅਦਾਇਗੀ ਵਿਚ ਅਸਮਾਨਤਾ ਆਦਿ ਹਰ ਥਾਂ ਪ੍ਰਚਲਿਤ ਹੈ।

ਸਿੱਖਿਆ ਦੇ ਖੇਤਰ ਵਿਚ ਕੁੜੀਆਂ ਦੀ ਕਾਰਗੁਜ਼ਾਰੀ ਮੁੰਡਿਆ ਨਾਲੋਂ ਬਿਹਤਰ ਹੈ ਪਰ ਸਾਇੰਸ, ਤਕਨਾਲੋਜੀ, ਇੰਜਨੀਅਰਿੰਗ ਅਤੇ ਗਣਿਤ ਦੇ ਚੋਣਵੇਂ ਵਿਸ਼ੇ ਮੁਕਾਬਲਤਨ ਮਹਿੰਗੇ ਹੋਣ ਕਾਰਨ ਬਹੁਤ ਘੱਟ ਪਰਵਾਰਾਂ ਦੀਆਂ ਕੁੜੀਆਂ ਇਨ੍ਹਾਂ ਦੀ ਚੋਣ ਕਰ ਸਕਦੀਆਂ ਹਨ। ਕੇਵਲ 35% ਕੁੜੀਆਂ ਇਨ੍ਹਾਂ ਵਿਸ਼ਿਆਂ ਵਿਚ ਹਨ ਜਿਨ੍ਹਾਂ ਵਿਚੋਂ 3% ਹੀ ਸੂਚਨਾ ਅਤੇ ਪ੍ਰਸਾਰਨ ਤਕਨੀਕ ਵਿਚ ਹਨ। ਗਰੀਬ ਪਰਿਵਾਰਾਂ ਦੀਆਂ ਹਾਸ਼ੀਏ ’ਤੇ ਆਉਂਦੀਆਂ ਕੁੜੀਆਂ ਨੂੰ ਇਸ ਪੱਖਪਾਤ ਦਾ ਵਧੇਰੇ ਸਾਹਮਣਾ ਕਰਨਾ ਪੈਂਦਾ ਹੈ। ਸਾਖਰਤਾ ਦਰ ਵਿਚਾਲੇ 16-17% ਦਾ ਅੰਤਰ ਔਰਤ ਦੀ ਸਮਾਜਿਕ ਦਸ਼ਾ ਦਰਸਾਉਂਦਾ ਹੈ।

ਸਾਡੇ ਮਰਦ ਪ੍ਰਧਾਨ ਸਮਾਜ ਵਿਚ ਆਰਥਿਕ ਸਮਾਜਿਕ ਅਸਮਾਨਤਾ ਹਰ ਅਦਾਰੇ ਵਿਚ ਮੌਜੂਦ ਹੈ। ਅਜਿਹੇ ਹਾਲਾਤ ਵਿਚ ਮੁਢਲੀ ਸਿੱਖਿਆ ਅਤੇ ਤਿਆਰੀ ਤੋਂ ਬਿਨਾ ਡਿਜੀਟਾਈਜੇਸ਼ਨ ਨਾਲ ਇਹ ਪਾੜਾ ਹੋਰ ਵਧੇਗਾ। ਇਹ ਹਾਲਾਤੀ ਅਸੀਂ ਕੋਵਿਡ-19 ਦੌਰਾਨ ਹੰਢਾ ਚੁੱਕੇ ਹਾਂ। ਆਨਲਾਈਨ ਸਿਸਟਮ ਲਾਗੂ ਹੋਣ ਕਾਰਨ ਸਕੂਲ ਦੀਆਂ ਕਲਾਸਾਂ, ਦਫ਼ਤਰ ਦਾ ਕੰਮ ਸਭ ਕੁਝ ਘਰੋਂ ਬੈਠੇ ਹੀ ਸ਼ੁਰੂ ਹੋ ਗਿਆ। ਸਾਰੇ ਕੰਮ ਮੋਬਾਈਲ ਐਪ ਨਾਲ ਕਰਨ ਦਾ ਰੁਝਾਨ ਵਧਿਆ। ਜ਼ਰੂਰੀ ਵਸਤਾਂ ਦੀ ਖਰੀਦੋ-ਫਰੋਖਤ ਵੀ ਆਨਲਾਈਨ ਰਾਹੀਂ ਹੋਣ ਲੱਗੀ। ਇਸ ਸਾਰੇ ਕੁਝ ਦਾ ਔਰਤ ਦੀ ਜ਼ਿੰਦਗੀ ਉਪਰ ਸੁਚਾਰੂ ਘਟ, ਮਾੜਾ ਅਸਰ ਬਹੁਤਾ ਪਿਆ ਹੈ। ਇਸ ਅਰਸੇ ਦੌਰਾਨ ਔਰਤਾਂ ਪ੍ਰਤੀ ਹਿੰਸਾ ਦੇ 75% ਵਧੇਰੇ ਕੇਸ ਦਰਜ ਹੋਏ। ਖਰੀਦੀਆਂ ਵਸਤਾਂ ਵਿਚ ਠੱਗੀ ਦੀਆਂ ਘਟਨਾਵਾਂ ਵਧੀਆਂ। ਹੁਣ ਡਿਜੀਟਾਈਜੇਸ਼ਨ ਨਾਲ ਔਰਤ ਪ੍ਰਤੀ ਹਿੰਸਾ ਦੀਆਂ ਘਟਨਾਵਾਂ ਹੋਰ ਵਧਣਗੀਆਂ। ਸਾਈਬਰ ਕ੍ਰਾਈਮ ਤੇ ਸਾਈਬਰ ਫਰਾਡ ਦੇ ਨਵੇਂ ਨਵੇਂ ਢੰਗ ਈਜਾਦ ਹੋ ਰਹੇ ਹਨ। ਇੰਟਰਨੈੱਟ ਜ਼ਰੀਏ ਔਰਤ ਨੂੰ ਬਦਨਾਮ ਕਰਨ ਦਾ ਨਵਾਂ ਤਰੀਕਾ ਚੱਲ ਰਿਹਾ ਹੈ- ਸਾਈਬਰ ਬੁਲਿੰਗ। ਜਿਹੜੀਆਂ ਔਰਤਾਂ ਆਪਣੇ ਹੱਕਾਂ ਲਈ ਆਵਾਜ਼ ਉਠਾਉਂਦੀਆਂ ਹਨ, ਉਨ੍ਹਾਂ ਨੂੰ ਸੋਸ਼ਲ ਮੀਡੀਆ ਰਾਹੀਂ ਤੰਗ-ਪ੍ਰੇਸ਼ਾਨ ਕੀਤਾ ਜਾਂਦਾ ਹੈ। ਇੰਟਰਨੈੱਟ, ਟੈਕਨਾਲੋਜੀ ਅਤੇ ਸੋਸ਼ਲ ਮੀਡੀਆ ਕਾਰਨ ਛੋਟੀ ਹੋ ਗਈ ਦੁਨੀਆ ਵਿਚ ਨਿੱਜਤਾ ਨਿਰਾ ਭਰਮ ਹੈ। ਜੇ ਤੁਸੀਂ ਕੋਈ ਮਸ਼ਹੂਰ ਹਸਤੀ ਹੋ ਅਤੇ ਔਰਤ ਵੀ ਹੋ ਤਾਂ ਇਹ ਹਾਲਤ ਬਦਤਰ ਹੈ। ਯੂਐੱਨ ਵਿਮੈੱਨ ਜੈਂਡਰ ਸਨੈਪਸ਼ਾਟ-2022 ਦੀ ਰਿਪੋਰਟ ਅਨੁਸਾਰ, ਔਰਤਾਂ ਦੇ ਡਿਜੀਟਲ ਦੁਨੀਆ ਵਿਚੋਂ ਲੋਪ ਹੋਣ ਕਾਰਨ ਪਿਛਲੇ ਦਹਾਕੇ ਦੌਰਾਨ ਘੱਟ ਅਤੇ ਦਰਮਿਆਨੀ ਆਮਦਨ ਵਾਲੇ ਦੇਸ਼ਾਂ ਦੀ ਲਗਭਗ ਇੱਕ ਟ੍ਰਿਲੀਅਨ ਡਾਲਰ ਦੇ ਬਰਾਬਰ ਕੁੱਲ ਘਰੇਲੂ ਉਤਪਾਦ ਦਾ ਨੁਕਸਾਨ ਹੋਇਆ ਹੈ। ਇਹੀ ਰੁਝਾਨ ਰਿਹਾ ਤਾਂ 2025 ਤੱਕ ਇਹ ਨੁਕਸਾਨ ਡੇਢ ਗੁਣਾ ਹੋ ਸਕਦਾ ਹੈ। ਦੂਜੇ ਪਾਸੇ ਇਹ ਵੀ ਚਿੰਤਾ ਹੈ ਕਿ ਜੇ ਇਸ ਰੁਝਾਨ ਵਿਚ ਤਬਦੀਲੀ ਆਉਂਦੀ ਹੈ, ਅਰਥਾਤ ਡਿਜੀਟਲ ਔਰਤਾਂ ਦੀ ਗਿਣਤੀ ਵਧਦੀ ਹੈ ਤਾਂ ਆਨਲਾਈਨ ਹਿੰਸਾ ਦੀ ਸਮੱਸਿਆ ਵਧੇਰੇ ਗੰਭੀਰ ਹੋ ਜਾਵੇਗੀ।

# ਪੰਜਾਬ ਲਈ ਨੁਕਸਾਨਦਾਇਕ ਹੀ ਰਹੀ ਹੈ ਧਰਮ ਦੀ ਸਿਆਸਤ

ਭਾਈ ਅਸ਼ੋਕ ਸਿੰਘ ਬਾਗੜੀਆਂ

ਅੱਜ ਪੰਜਾਬ ਵਿਚ ਜਿਸ ਤਰ੍ਹਾਂ ਦੇ ਹਾਲਾਤ ਬਣ ਰਹੇ ਹਨ, ਉਹ ਬਦ ਤੋਂ ਬਦਤਰ ਹੋ ਰਹੇ ਹਨ। ਧਰਮ ਅਤੇ ਸਿਆਸਤ ਨੂੰ ਇਸ ਤਰ੍ਹਾਂ ਰਲਗੱਡ ਕਰ ਦਿੱਤਾ ਹੈ ਜਿਸ ਨਾਲ ਸਿੱਖੀ, ਸਿੱਖਾਂ ਅਤੇ ਪੰਜਾਬ ਦਾ ਨੁਕਸਾਨ ਹੋਣਾ ਤੈਅ ਹੈ। ਇਸ ਸਭ ਦੇ ਗੁਨਾਹਗਾਰ ਅਸੀਂ ਸਿੱਖ ਆਪ ਹੀ ਹਾਂ। ਦਾਸ 1982 ਤੋਂ ਇਸ ਗੱਲ 'ਤੇ ਜ਼ੋਰ ਪਾ ਰਿਹਾ ਹੈ ਕਿ ਧਰਮ ਤੋਂ ਸਿਆਸਤ ਅਲੱਗ ਹੋਣੀ ਚਾਹੀਦੀ ਹੈ ਅਤੇ ਗੁਰਦੁਆਰਿਆਂ ਵਿਚ ਸਿਆਸਤ ਨਹੀਂ ਹੋਣੀ ਚਾਹੀਦੀ। ਕਿਉਂ ਗੁਰੂ ਹਰਗੋਬਿੰਦ ਸਾਹਿਬ ਦੇ ਉੱਚੇ-ਸੁੱਚੇ ਮੀਰੀ-ਪੀਰੀ ਦੇ ਸੰਕਲਪ ਨੂੰ ਸਿੱਖ ਧਾਰਮਿਕ ਅਤੇ ਰਾਜਨੀਤਕ ਲੀਡਰਾਂ ਨੇ ਤਾਰ ਤਾਰ ਕਰ ਕੇ ਇਸ ਦੇ ਅਰਥ ਹੀ ਬਦਲ ਦਿੱਤੇ ਹਨ। ਸਿੱਖ ਲੀਡਰਾਂ ਨੇ ਆਪ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਕਰਵਾਈ ਅਤੇ ਹੁਣ ਸਿੱਖੀ ਨੂੰ ਵੀ ਬੇਆਬਰੂ ਕਰਵਾਉਣ 'ਤੇ ਤੁਲੇ ਹੋਏ ਹਨ।

ਪੰਜਾਬ ਵਿਚ ਜਿਹੜੇ ਵਿਰੋਧੀ ਧਿਰ ਦੇ ਲੀਡਰ ਰਾਸ਼ਟਰਪਤੀ ਰਾਜ ਲਗਾਉਣ ਦੀ ਵਕਾਲਤ ਕਰ ਰਹੇ ਹਨ, ਉਹ ਅਸਿੱਧੇ ਤਰੀਕੇ ਨਾਲ ਕੇਂਦਰ ਨੂੰ ਮਦਦ ਪਹੁੰਚਾਉਣਾ ਚਾਹੁੰਦੇ ਹਨ। ਸਭ ਜਾਣਦੇ ਹਨ ਕਿ ਪੰਜਾਬ ਨੇ ਲੰਮਾ ਸਮਾਂ ਕਤਲੇਆਮ ਦਾ ਹਨੇਰਾ ਦੌਰ ਭੁਗਤਿਆ ਹੈ। ਅੱਜ ਜਿਸ ਤਰ੍ਹਾਂ ਦੇ ਹਾਲਾਤ ਬਣਾਏ ਜਾ ਰਹੇ ਹਨ, ਉਹ ਇਸ ਨੂੰ ਫਿਰ ਉਸੇ ਦੌਰ ਵੱਲ ਧੱਕ ਰਹੇ ਹਨ। ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਜਿਵੇਂ ਨਿੱਜੀ ਮੁਫ਼ਾਦ ਲਈ ਵਰਤਿਆ ਜਾ ਰਿਹਾ ਹੈ, ਉਹ ਆਪਣੇ ਆਪ ਵਿਚ ਪੰਜਾਬ ਨੂੰ ਫਿਰ ਜੰਜਾਲ ਵਿਚ ਫਸਾਉਣ ਦੀਆਂ ਸਾਜ਼ਿਸ਼ਾਂ ਵੱਲ ਇਸ਼ਾਰਾ ਕਰ ਰਿਹਾ ਹੈ।

ਪੰਜਾਬ ਦੇ ਕਾਲੇ ਦੌਰ ਤੋਂ ਬਾਅਦ ਹੁਣ ਜੋ ਸਿੱਖ ਨੌਜਵਾਨੀ ਦਿਸਣ ਲੱਗੀ ਹੈ, ਉਸ ਨੂੰ ਇਕ ਵਾਰ ਫਿਰ ਅਤਿਵਾਦ ਦੀ ਭੇਟ ਕਰਨ ਦੀਆਂ ਤਿਆਰੀਆਂ ਚੱਲ ਰਹੀਆਂ ਹਨ ਪਰ ਇਸ ਵਾਰ '84 ਦੇ ਘੱਲੂਘਾਰੇ ਦੇ ਮੁਕਾਬਲੇ ਪੰਜਾਬ ਅਤੇ ਸਿੱਖ ਨੌਜਵਾਨੀ ਦਾ ਘਾਣ ਕਿਤੇ ਵੱਧ ਹੋਵੇਗਾ ਜਿਸ ਵਿਚ ਸਿੱਖ ਲੀਡਰ



ਜਾਣੇ ਅਣਜਾਣੇ ਵਿਚ ਆਪਣੇ ਨਿੱਜੀ ਮੁਫ਼ਾਦਾਂ ਅਤੇ ਕੁਰਸੀ ਦੀ ਭੁੱਖ ਲਈ ਬਹੁਤ ਵੱਡਾ ਯੋਗਦਾਨ ਪਾ ਰਹੇ ਜਾਪਦੇ ਹਨ।

ਖਾਲਸੇ ਦੀ ਹਿੰਮਤ ਤੇ ਸਿਰੜ ਉੱਤੇ ਕੋਈ ਸ਼ੱਕ ਨਹੀਂ ਪਰ ਅੱਜ ਅਸੀਂ ਜਮਹੂਰੀ ਮਾਹੌਲ 'ਚ ਰਹਿ ਰਹੇ ਹਾਂ ਜਿੱਥੇ ਮਾਰ-ਧਾੜ ਤੇ ਖ਼ੂਨ-ਖਰਾਬੇ ਲਈ ਕੋਈ ਜਗ੍ਹਾ ਨਹੀਂ। ਅਜਨਾਲੇ ਵਾਲੀ ਘਟਨਾ ਨੇ ਕੋਈ ਸ਼ੱਕ ਸ਼ੁਬ੍ਹਾ ਨਹੀਂ ਰਹਿਣ ਦਿੱਤਾ ਕਿ ਸਿੱਖ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਆਪਣੇ ਨਿੱਜੀ ਮੁਫ਼ਾਦ ਲਈ ਕਿਸ ਹੱਦ ਤਕ ਵਰਤ ਸਕਦੇ ਹਨ। ਜੇਕਰ ਉੱਥੇ ਕੋਈ ਅਜਿਹੀ ਘਟਨਾ ਵਾਪਰ ਜਾਂਦੀ ਜਿਸ ਨਾਲ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਹੋ ਜਾਂਦੀ ਤਾਂ ਸਾਰੇ ਪੰਜਾਬ ਵਿਚ ਕਿਸ ਤਰ੍ਹਾਂ ਦਾ ਮਾਹੌਲ ਬਣਦਾ, ਇਸ ਦਾ ਸਹਿਜੇ ਹੀ ਅੰਦਾਜ਼ਾ ਲਗਾ ਸਕਦੇ ਹਾਂ। ਸਿੱਖ ਜਗਤ ਵੱਲੋਂ ਕਰੋਨਾ ਦੇ ਸਮੇਂ ਦੌਰਾਨ ਬਿਨਾ ਕਿਸੇ ਭੇਦਭਾਵ ਦੇ ਕੀਤੀ ਮਾਨਵ ਸੇਵਾ ਅਤੇ ਭਾਰਤ ਸਰਕਾਰ ਦੇ ਬਣਾਏ ਕਿਸਾਨ ਵਿਰੋਧੀ ਖੇਤੀ ਕਾਨੂੰਨ ਨੂੰ ਵਾਪਸ ਕਰਵਾਉਣ ਲਈ ਸਿੱਖਾਂ ਦੇ ਸਟੈਂਡ ਨੇ ਸਿੱਖ ਸਮਾਜ, ਸਿੱਖ ਸੋਚਣੀ ਦੇ ਨਿਆਰੇਪਣ ਨੂੰ ਪੂਰੀ ਦੁਨੀਆ ਵਿਚ ਉਜਾਗਰ ਕੀਤਾ ਹੈ ਪਰ ਸਿੱਖ ਪੰਥ ਦੇ ਦੋਖੀ ਜਿਸ ਤਰ੍ਹਾਂ ਦੀਆਂ ਮੰਦਭਾਗੀਆਂ ਘਟਨਾਵਾਂ ਕਰਵਾ ਕੇ ਪੰਜਾਬ ਅਤੇ ਸਿੱਖਾਂ ਨੂੰ ਭਾਰਤ ਅਤੇ ਪੂਰੀ ਦੁਨੀਆ ਵਿਚ ਬਦਨਾਮ ਕਰ ਰਹੇ ਹਨ, ਇਸ ਤੋਂ ਬਚਣ ਦੀ ਸਖ਼ਤ ਜ਼ਰੂਰਤ ਹੈ। ਧਾਰਮਿਕ ਕੱਟੜਵਾਦ ਕਿਸੇ ਵੀ ਧਰਮ ਲਈ ਆਪਾ-ਮਾਰੂ ਹੁੰਦਾ ਹੈ। ਸਿੱਖ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਢਾਲ ਬਣਨਾ ਹੈ ਨਾ ਕਿ ਗੁਰੂ ਗ੍ਰੰਥ ਸਾਹਿਬ ਨੂੰ ਢਾਲ ਬਣਾਉਣਾ ਹੈ। ਇਸ ਲਈ ਇਹ ਬਹੁਤ ਜ਼ਰੂਰੀ ਹੈ ਕਿ ਗੁਰਧਾਮਾਂ ਨੂੰ ਸਿਆਸਤ ਤੋਂ ਮੁਕਤ ਕੀਤਾ ਜਾਵੇ ਅਤੇ ਗੁਰੂ ਦੀ ਹਜ਼ੂਰੀ ਵਿਚ ਕੋਈ ਸਿਆਸੀ ਬਿਆਨਬਾਜ਼ੀ ਨਾ ਹੋਵੇ। ਸਿੱਖ ਸਮਾਜ ਵਿਚ ਜੋ ਐਸ ਵੇਲੇ ਭੰਬਲਭੂਸੇ ਪਏ ਹੋਏ ਹਨ, ਉਨ੍ਹਾਂ ਨੂੰ ਗੁਰਮਤਿ ਦੀ ਰੋਸ਼ਨੀ ਵਿਚ ਸੁਹਿਰਦ ਹਿਰਦੇ ਨਾਲ ਬੈਠ ਕੇ ਨਜਿੱਠਣ ਦੀ ਲੋੜ ਹੈ ਤਾਂ ਕਿ ਹਰ ਇਕ ਦਾ ਮਾਨ-ਸਨਮਾਨ ਬਰਕਰਾਰ ਰੱਖਦੇ ਹੋਏ ਇਨ੍ਹਾਂ ਸ਼ਰਾਰਤੀ ਲੋਕਾਂ ਨੂੰ ਸਮੇਂ ਸਿਰ ਨੱਥ ਪਾਈ ਜਾ ਸਕੇ। ਅੱਜ ਗੁਰੂ ਸਾਹਿਬਾਨ ਦੀਆਂ ਸਿੱਖਿਆਵਾਂ ਨੂੰ ਅਮਲ ਵਿਚ ਲਿਆਉਣ ਨਾਲ ਹੀ ਸਿੱਖ ਸਮਾਜ ਬਿਹਤਰੀ ਵੱਲ ਵਧ ਸਕਦਾ ਹੈ।

# ਭਾਰਤ ਵਿਚ ਡਰ ਤੇ ਸਹਿਮ ਦਾ ਪਰਛਾਵਾਂ ਕਿਉਂ ਵੱਧ ਰਿਹਾ ਹੈ



ਗੁਰਬਚਨ ਜਗਤ

ਮੈਂ ਬੜਾ ਲੰਬਾ ਸਮਾਂ ਪੁਲਿਸ ਵਿਚ ਸੇਵਾ ਕੀਤੀ ਹੈ, 1960ਵਿਆਂ ਦੇ ਮੱਧ ਤੋਂ ਸ਼ੁਰੂ ਕਰ ਕੇ ਇਸ ਸਦੀ ਦੀ ਸ਼ੁਰੂਆਤ ਤੱਕ। ਮੈਂ ਵੱਖ-ਵੱਖ ਤਰ੍ਹਾਂ ਦੇ ਜੁਰਮਾਂ ਅਤੇ ਅਮਨ ਕਾਨੂੰਨ ਸਬੰਧੀ ਪੈਦਾ ਹੋਏ ਹਾਲਾਤ ਦਾ ਗਵਾਹ ਹਾਂ। ਆਮ ਜੁਰਮ ਚੋਰੀ, ਸੰਨ੍ਹਮਾਰੀ ਤੱਕ ਸੀਮਤ ਸਨ, ਕਦੇ ਕਦਾਈਂ ਕੋਈ ਕਤਲ ਹੋ ਜਾਂਦਾ ਸੀ (ਕੁਝ ਜ਼ਿਲ੍ਹਿਆਂ ਵਿਚ ਇਸ ਦਾ ਸਾਲਾਨਾ ਅੰਕੜਾ ਇਕਹਿਰੇ ਅੰਕ ਵਿਚ ਹੀ ਰਹਿੰਦਾ, ਪਰ ਮਾਲਵਾ ਖ਼ਿੱਤੇ ਵਿਚ ਗਿਣਤੀ ਕੁਝ ਜ਼ਿਆਦਾ ਹੁੰਦੀ), ਪੰਜਾਬ ਵਿਚ ਜਬਰ ਜਨਾਹ ਦੀਆਂ ਘਟਨਾਵਾਂ ਬਹੁਤ ਘੱਟ ਹੁੰਦੀਆਂ ਸਨ। ਸਿਰਫ਼ ਦਹਿਸ਼ਤਗਰਦੀ ਦੇ ਉਭਾਰ ਤੋਂ ਬਾਅਦ ਹੀ ਉਹ ਦੌਰ ਆਇਆ ਜਦੋਂ ਇਨਸਾਨ ਦੀ ਕਰੂਰਤਾ ਤੇ ਬੇਰਹਿਮੀ ਕਾਰਨ ਇਹ ਆਵਾਜ਼ ਜ਼ਿਆਦਾ ਤੋਂ ਜ਼ਿਆਦਾ ਉੱਚੀ ਤੇ ਤਿੱਖੀ ਹੁੰਦੀ ਜਾਂਦੀ ਹੈ। ਅੱਜ ਦੇਸ਼ ਭਰ ਵਿਚ ਹੋਣ ਵਾਲੇ ਜੁਰਮਾਂ ਨੂੰ ਦੇਖ ਤੇ ਇਸ ਬਾਰੇ ਪੜ੍ਹ ਕੇ ਪਤਾ ਲੱਗਦਾ ਹੈ ਕਿ ਇਨ੍ਹਾਂ ਦੀ ਖ਼ਾਲਸ ਗਿਣਤੀ ਅਤੇ ਨਾਲ ਹੀ ਇਨ੍ਹਾਂ ਨਾਲ ਜੁੜੀ ਹੋਈ ਬੇਰਹਿਮੀ ਵਿਚ ਭਾਰੀ ਤਬਦੀਲੀ ਆ ਚੁੱਕੀ ਹੈ। ਕਰੂਰਤਾ ਅਤੇ ਅੰਨ੍ਹੇਵਾਹ ਹਿੰਸਾ ਅੱਜ ਬਲਾਤਕਾਰਾਂ, ਕਤਲਾਂ, ਅਗਵਾ ਦੀਆਂ ਘਟਨਾਵਾਂ ਤੇ ਜਬਰੀ ਵਸੂਲੀਆਂ ਦੀ ਪਛਾਣ ਬਣ ਚੁੱਕੀ ਹੈ। ਭਾਵੇਂ ਦਿੱਲੀ ਹੋਵੇ, ਹੈਦਰਾਬਾਦ ਹੋਵੇ, ਮੁੰਬਈ, ਯੂਪੀ ਜਾਂ ਬਿਹਾਰ ਆਦਿ ਕੋਈ ਵੀ ਥਾਂ, ਹਰ ਥਾਂ ਅਣਮਨੁੱਖਤਾ ਦਾ ਪੱਧਰ ਇਕੋ ਜਿਹਾ ਹੈ। ਅੱਜ ਸਾਡੀ ਭਾਸ਼ਾ ਬਦਲ ਕੇ ਨਫ਼ਰਤ ਦੀ ਭਾਸ਼ਾ ਦਾ ਰੂਪ ਧਾਰ ਚੁੱਕੀ ਹੈ ਅਤੇ ਹਿੱਸਾ ਹਨ। ਅਸੀਂ ਆਮ ਲੋਕ ਵੀ ਇਨ੍ਹਾਂ ਅਣਮਨੁੱਖੀ ਕਾਰਿਆਂ ਦੇ ਪ੍ਰਭਾਵ ਤੋਂ ਮੁਕਤ ਹੋ ਗਏ ਜਾਪਦੇ ਹਾਂ, ਪੀੜਤਾਂ ਲਈ ਹਮਦਰਦੀ ਗ਼ਾਇਬ ਹੋ ਚੁੱਕੀ ਹੈ, ਸਿਰਫ਼ ਮੈਂ ਤੇ ਮੇਰਾ ਵਿਚ ਹੀ ਦਿਲਚਸਪੀ ਬਾਕੀ ਬਚੀ ਹੈ। ਸਰਪ੍ਰਸਤੀ ਤੋਂ ਬਿਨਾਂ ਨਾ ਤਾਂ ਜੁਰਮ ਵਧ-ਫੁੱਲ ਸਕਦਾ ਹੈ, ਨਾ ਇਸ ਬਿਨਾਂ ਮੁਜਰਮ ਤੇ ਇੰਤਹਾਪਸੰਦ ਲਹਿਰਾਂ ਵਧ-ਫੁੱਲ ਸਕਦੀਆਂ ਹਨ, ਅਫ਼ਸਰਸ਼ਾਹੀ ਤੇ ਪੁਲੀਸ ਵਿਚਲੇ ਭ੍ਰਿਸ਼ਟ ਤੇ ਅਪਰਾਧੀ ਅਨਸਰ ਵੀ ਇਸ ਤੋਂ ਬਿਨਾਂ ਪਣਪ ਨਹੀਂ ਸਕਦੇ। ਸਹਿਯੋਗ/ਹਮਾਇਤ ਅਤੇ ਸਰਪ੍ਰਸਤੀ ਅੱਜ ਸੂਖ਼ਮ ਜਾਂ ਲੁਕਵੇਂ ਨਹੀਂ ਰਹੇ, ਇਹ ਹੁਣ ਕਾਫ਼ੀ ਖੁੱਲ੍ਹੇ ਤੇ ਪ੍ਰਤੱਖ ਦਿਖਾਈ ਦਿੰਦੀਆਂ ਹਨ। ਦੇ ਪਰਿਵਾਰ ਮੋਏ ਆਪਣਿਆਂ ਦਾ ਮਾਤਮ ਮਨਾਉਂਦੇ ਰਹਿਣਗੇ? ਉਹ ਸਾਡੇ ਲਈ ਮਹਿਜ਼ ਇਕ ਗਿਣਤੀ ਹਨ, ਪਰ ਉਨ੍ਹਾਂ ਦਾ ਮਿ-੍ਤਕਾਂ ਨਾਲ ਨਹੁੰ-ਮਾਸ ਦਾ ਰਿਸ਼ਤਾ ਹੈ।

ਇਸ ਹਾਲਾਤ ਸਬੰਧੀ ਅੰਤਿਮ ਜ਼ਿੰਮੇਵਾਰੀ ਸਿਆਸੀ ਲੀਡਰਸ਼ਿਪ ਦੇ ਸਿਰ ਪੈਂਦੀ ਹੈ ਜਿਸ ਵੱਲੋਂ



**ਅੱਜ ਸਮਾਜ ਵਿਚ ਖ਼ਰਾਬੀਆਂ ਵਧਦੀਆਂ ਹੀ ਜਾ ਰਹੀਆਂ ਹਨ, ਭਾਵੇਂ ਉਹ ਫ਼ਿਰਕੂ ਹੋਣ ਜਾਂ ਸਮਾਜਿਕ ਤੇ ਜਾਤ ਆਧਾਰਿਤ। ਗਾਇਕਾਂ ਤੇ ਰੈਪਰਾਂ ਵੱਲੋਂ ਗੀਤਾਂ ਵਿਚ ਮੁਜਰਮਾਂ ਦੇ ਸੋਹਲੇ ਗਾਏ ਜਾ ਰਹੇ ਹਨ ਅਤੇ ਗੈਂਗਾਂ ਤੇ ਗਰੋਹਾਂ ਦੀ ਹਿੰਸਾ ਨੂੰ ਵਡਿਆਇਆ ਜਾ ਰਿਹਾ ਹੈ। ਗੈਂਗਸਟਰਾਂ ਦੇ ਸੋਸ਼ਲ ਮੀਡੀਆ ਅਤੇ ਹੋਰ ਸੰਚਾਰ ਸਾਧਨਾਂ ਉੱਤੇ ਅਣਗਿਣਤ ਫਾਲੋਅਰ ਹਨ। ਇਸ ਦੌਰਾਨ ਸਭ ਤੋਂ ਵੱਧ ਪ੍ਰੇਸ਼ਾਨ ਕਰਨ ਵਾਲੀ ਗੱਲ ਸਾਰੀਆਂ ਵੱਡੀਆਂ ਸਿਆਸੀ ਪਾਰਟੀਆਂ ਤੇ ਸਮਾਜਿਕ ਜਥੇਬੰਦੀਆਂ ਵੱਲੋਂ ਇਸ ਵਰਤਾਰੇ ਪ੍ਰਤੀ ਧਾਰੀ ਹੋਈ ਖ਼ਾਮੋਸ਼ੀ ਹੈ। ਇਸ ਖ਼ਿਲਾਫ਼ ਸਥਾਨਕ ਪੱਧਰ 'ਤੇ ਵਿਰੋਧ ਅਤੇ ਰੋਸ ਮੁਜ਼ਾਹਰੇ ਤਾਂ ਜ਼ਰੂਰ ਹੁੰਦੇ ਹਨ, ਪਰ ਅਜਿਹਾ ਕੁਝ ਵੱਡਾ ਤੇ ਟਿਕਾਊ ਨਹੀਂ ਹੁੰਦਾ ਜਿਹੜਾ ਵੱਖੋ-ਵੱਖ ਸਰਕਾਰਾਂ ਨੂੰ ਇਸ ਖ਼ਿਲਾਫ਼ ਠੋਸ ਤੇ ਫ਼ੈਸਲਾਕੁਨ ਕਾਰਵਾਈ ਕਰਨ ਲਈ ਮਜਬੂਰ ਕਰ ਸਕੇ। ਇਸ ਦੇ ਸਿੱਟੇ ਵਜੋਂ ਅਪਰਾਧ ਵੀ ਵਧਦੇ ਜਾਂਦੇ ਹਨ ਤੇ ਅਪਰਾਧੀ ਵੀ।**

ਪੂਰੀ ਤਰ੍ਹਾਂ ਜੱਗ ਜ਼ਾਹਰ ਹੋ ਰਹੀ ਸੀ। ਉਦੋਂ ਵੀ ਇਸ ਦੀ ਸ਼ੁਰੂਆਤ ਕਦੇ ਕਦਾਈਂ ਹੋਣ ਵਾਲੇ ਕਤਲਾਂ, ਗਾਂ ਦਾ ਮਾਸ ਸੁੱਟਣ, ਸਿਗਰਟਾਂ ਦੇ ਧੂੰਏਂ ਦੇ ਰੂਪ ਵਿਚ ਅਤੇ ਹੌਲੀ-ਹੌਲੀ ਸਮਾਜ ਵਿਚ ਵੰਡੀਆਂ ਪੈਣ ਤੇ ਬੇਗ਼ਾਨਗੀ ਪੈਦਾ ਹੋਣ ਵਜੋਂ ਹੋਈ। ਫਿਰ ਉਹ ਦਿਨ ਆਇਆ, ਜਦੋਂ ਇਹ ਸਟੇਟ/ਰਿਆਸਤ ਅਤੇ ਖਾੜਕੂਆਂ ਦਰਮਿਆਨ ਮੁਕੰਮਲ ਜੰਗ ਦਾ ਰੂਪ ਧਾਰ ਗਈ ਤੇ ਸਿਰਫ਼ ਬੰਦੂਕ ਹੀ ਬੋਲਣ ਲੱਗੀ ਸੀ। ਇਕ ਪੁਰਾਣੇ ਕਵੀ ਦੇ ਲਫ਼ਜ਼ਾਂ ਵਿਚ 'ਤਬਾਹੀ ਦਾ ਰੋਣਾ ਰੋਵੋ ਅਤੇ ਜੰਗ ਦੇ ਕੁੱਤਿਆਂ ਨੂੰ ਖੁੱਲ੍ਹੇ ਛੱਡ ਦਿਉ'। ਅੱਜ ਸਾਨੂੰ ਅਜਿਹੇ ਹਾਲਾਤ ਦੇਖਣੇ ਪੈ ਰਹੇ ਹਨ ਜਿੱਥੇ ਲੀਡਰਸ਼ਿਪ ਖ਼ੁਦ ਹੀ ਅਸੁਰੱਖਿਆ ਦਾ ਖ਼ਤਰੇ ਦਾ ਘੁੱਗੂ ਵਜਾ ਰਹੀ ਹੈ। ਅੱਜ ਵੱਖੋ-ਵੱਖ ਪਾਰਟੀਆਂ ਅਤੇ ਜਥੇਬੰਦੀਆਂ ਦੀ ਸਾਰੇ ਰੰਗਾਂ ਤੇ ਰੂਪਾਂ ਦੀ ਲੀਡਰਸ਼ਿਪ ਇਹ ਦਾਅਵੇ ਕਰਦੀ ਨਹੀਂ ਥੱਕਦੀ ਕਿ ਭਾਰਤ ਵਿਚ ਹਿੰਦੂ, ਮੁਸਲਮਾਨ, ਸਿੱਖ, ਈਸਾਈ, ਦਲਿਤ ਅਤੇ ਸਮਾਜ ਦੇ ਹੋਰ ਤਬਕੇ ਸੁਰੱਖਿਅਤ ਨਹੀਂ ਹਨ। ਆਖ਼ਰ ਸਾਨੂੰ ਭਾਰਤ ਦੇ ਆਮ ਸ਼ਹਿਰੀਆਂ ਨੂੰ ਖ਼ਤਰਾ ਕਿਸ ਤੋਂ ਹੈ - ਇਕ-ਦੂਜੇ ਤੋਂ? ਕੀ ਸਿਆਸੀ ਪਾਰਟੀਆਂ ਨੂੰ ਇਕ-ਦੂਜੀ ਪਾਰਟੀ ਤੋਂ ਖ਼ਤਰਾ ਹੈ? ਕੀ ਵੱਖੋ-ਵੱਖ ਧਰਮਾਂ-ਮਜ਼ਹਬਾਂ ਨੂੰ ਇਕ-ਦੂਜੇ ਤੋਂ ਖ਼ਤਰਾ ਹੈ? ਇਹ ਖ਼ਤਰਾ ਆਉਂਦਾ ਕਿੱਥੋਂ ਹੈ - ਇਹ ਸਿਆਸੀ ਤੇ ਧਾਰਮਿਕ ਆਗੂਆਂ ਅਤੇ ਉਨ੍ਹਾਂ ਦੀਆਂ ਮੂਹਰੈਲ ਸੰਸਥਾਵਾਂ ਦੋਵਾਂ ਦੇ ਇਕ ਖ਼ਾਸ ਵਰਗ ਤੋਂ ਆਉਂਦਾ ਹੈ। ਇਨ੍ਹਾਂ ਨੂੰ ਹੀ ਹਰ ਨੁੱਕਰ, ਹਰ ਖੂੰਜੇ ਵਿਚੋਂ ਖ਼ਤਰਾ ਦਿਖਾਈ ਦਿੰਦਾ ਹੈ, ਇਹੋ ਸੰਸਥਾਵਾਂ ਵੱਖੋ-ਵੱਖ ਮੰਚਾਂ ਤੋਂ ਖ਼ਤਰੇ ਦੀ ਆਵਾਜ਼ ਉਠਾਉਂਦੀਆਂ ਹਨ। ਫਿਰ ਸਰਕਾਰ ਅਤੇ ਇਸ ਦੀਆਂ ਅਮਨ ਕਾਨੂੰਨ ਲਾਗੂ ਕਰਨ ਵਾਲੀਆਂ ਏਜੰਸੀਆਂ ਦੀ ਢਿੱਲ-ਮੱਠ ਅਜਿਹਾ ਕੁਝ ਵੀ ਖੁੱਲ੍ਹੇਆਮ ਤੇ ਸ਼ਰੇਆਮ ਕੀਤਾ ਜਾਂਦਾ ਹੈ।

ਔਰਤਾਂ ਇਸ ਆਲਮ ਤੋਂ ਸਭ ਤੋਂ ਵੱਧ ਪੀੜਤ ਹੁੰਦੀਆਂ ਹਨ... ਉਨ੍ਹਾਂ ਨੂੰ ਕੁੱਟਿਆ-ਮਾਰਿਆ ਜਾਂਦਾ ਹੈ, ਜਬਰ ਜਨਾਹ ਕੀਤੇ ਜਾਂਦੇ ਹਨ ਤੇ ਸਾੜ ਦਿੱਤਾ ਜਾਂਦਾ ਹੈ ਅਤੇ ਕਤਲ ਕੀਤੀਆਂ ਗਈਆਂ ਔਰਤਾਂ ਦੀਆਂ ਲਾਸ਼ਾਂ ਨੂੰ ਫਰਿੱਜਾਂ ਤੇ ਫਰੀਜ਼ਰਾਂ ਵਿਚ ਲੁਕਾ ਕੇ ਰੱਖਿਆ ਜਾਂਦਾ ਹੈ। ਇੰਝ ਜਾਪਦਾ ਹੈ ਜਿਵੇਂ ਇਹ ਉਨ੍ਹਾਂ ਦੇ ਸ਼ਿਕਾਰ ਦਾ ਦੌਰ ਹੋਵੇ ਅਤੇ ਇਸ ਦੌਰ ਵਿਚ ਸ਼ਾਮ ਪੈਣ ਤੋਂ ਬਾਅਦ ਇਕੱਲੀ ਘਰੋਂ ਨਿਕਲਣ ਵਾਲੀ ਔਰਤ ਮੂਰਖ ਹੀ ਸਮਝੀ ਜਾਵੇਗੀ। ਅੱਜ ਸਮਾਜ ਵਿਚ ਖ਼ਰਾਬੀਆਂ ਵਧਦੀਆਂ ਹੀ ਜਾ ਰਹੀਆਂ ਹਨ, ਭਾਵੇਂ ਉਹ ਫ਼ਿਰਕੂ ਹੋਣ ਜਾਂ ਸਮਾਜਿਕ ਤੇ ਜਾਤ ਆਧਾਰਿਤ। ਗਾਇਕਾਂ ਤੇ ਰੈਪਰਾਂ ਵੱਲੋਂ ਗੀਤਾਂ ਵਿਚ ਮੁਜਰਮਾਂ ਦੇ ਸੋਹਲੇ ਗਾਏ ਜਾ ਰਹੇ ਹਨ ਅਤੇ ਗੈਂਗਾਂ ਤੇ ਗਰੋਹਾਂ ਦੀ ਹਿੰਸਾ ਨੂੰ ਵਡਿਆਇਆ ਜਾ ਰਿਹਾ ਹੈ। ਗੈਂਗਸਟਰਾਂ ਦੇ ਸੋਸ਼ਲ ਮੀਡੀਆ ਅਤੇ ਹੋਰ ਸੰਚਾਰ ਸਾਧਨਾਂ ਉੱਤੇ ਅਣਗਿਣਤ ਫਾਲੋਅਰ ਹਨ। ਇਸ ਦੌਰਾਨ ਸਭ ਤੋਂ ਵੱਧ ਪ੍ਰੇਸ਼ਾਨ ਕਰਨ ਵਾਲੀ ਗੱਲ ਸਾਰੀਆਂ ਵੱਡੀਆਂ ਸਿਆਸੀ ਪਾਰਟੀਆਂ ਤੇ ਸਮਾਜਿਕ ਜਥੇਬੰਦੀਆਂ ਵੱਲੋਂ ਇਸ ਵਰਤਾਰੇ ਪ੍ਰਤੀ ਧਾਰੀ ਹੋਈ ਖ਼ਾਮੋਸ਼ੀ ਹੈ। ਇਸ ਖ਼ਿਲਾਫ਼ ਸਥਾਨਕ ਪੱਧਰ 'ਤੇ ਵਿਰੋਧ ਅਤੇ ਰੋਸ ਮੁਜ਼ਾਹਰੇ ਤਾਂ ਜ਼ਰੂਰ ਹੁੰਦੇ ਹਨ, ਪਰ ਅਜਿਹਾ ਕੁਝ ਵੱਡਾ ਤੇ ਟਿਕਾਊ ਨਹੀਂ ਹੁੰਦਾ ਜਿਹੜਾ ਵੱਖੋ-ਵੱਖ ਸਰਕਾਰਾਂ ਨੂੰ ਇਸ ਖ਼ਿਲਾਫ਼ ਠੋਸ ਤੇ ਫ਼ੈਸਲਾਕੁਨ ਕਾਰਵਾਈ ਕਰਨ ਲਈ ਮਜਬੂਰ ਕਰ ਸਕੇ। ਇਸ ਦੇ ਸਿੱਟੇ ਵਜੋਂ ਅਪਰਾਧ ਵੀ ਵਧਦੇ ਜਾਂਦੇ ਹਨ ਤੇ ਅਪਰਾਧੀ ਵੀ। ਅੱਜ ਸਾਰਾ ਫ਼ੌਜਦਾਰੀ ਨਿਆਂ ਪ੍ਰਬੰਧ ਉਧਾਰੇ ਸਾਹਾਂ ਉੱਤੇ ਹੈ; ਪੁਲਿਸ, ਕਾਰਜਪਾਲਿਕਾ, ਨਿਆਂ-ਪਾਲਿਕਾ ਆਦਿ ਸਭ ਇਸ 'ਦੇਖੋ ਤੇ ਉਡੀਕੋ' ਦੀ ਨੀਤੀ ਦਾ

ਸਾਡੀ ਲੀਡਰਸ਼ਿਪ ਦੇ ਸਰਗਰਮ ਹੋਣ ਦੀ ਮਹਿਜ਼ ਇਕ ਖ਼ੁਰਦਬੀਨੀ ਮਿਸਾਲ ਵਜੋਂ ਦਿੱਲੀ ਐਮਸੀਡੀ (ਦਿੱਲੀ ਮਿਉਂਸਿਪਲ ਕਾਰਪੋਰੇਸ਼ਨ) ਦੇ ਕਮੇਟੀ ਮੈਂਬਰਾਂ ਦੀ ਚੋਣ ਦੇ ਦ੍ਰਿਸ਼ਾਂ ਦੇਖੇ ਜਾ ਸਕਦੇ ਹਨ। ਉੱਥੇ ਸਾਡੀ ਲੀਡਰਸ਼ਿਪ ਦੀ ਪੂਰੀ ਨੁਮਾਇਸ਼ ਹੋ ਰਹੀ ਸੀ, ਜਦੋਂ ਮਰਦ ਮਰਦਾਂ ਨੂੰ ਘਸੁੰਨ ਜੜ ਰਹੇ ਸਨ, ਔਰਤਾਂ ਇਕ-ਦੂਜੀ ਦੇ ਵਾਲ ਪੁੱਟ ਰਹੀਆਂ ਸਨ ਤੇ ਜਿਸ ਨੂੰ ਜਿਵੇਂ ਸੂਤ ਬੈਠਦਾ ਸੀ ਲੱਗਾ ਹੋਇਆ ਸੀ। ਇਹ ਸਾਡੀ ਜਮਹੂਰੀਅਤ ਦੀ ਕਾਰਜਸ਼ੀਲਤਾ ਹੈ। ਇਸੇ ਤਰ੍ਹਾਂ ਅਜਨਾਲਾ ਵਿਚ ਹਥਿਆਰਬੰਦ ਭੀੜ ਵੱਲੋਂ ਪੁਲੀਸ ਸਟੇਸ਼ਨ ਉੱਤੇ ਕੀਤਾ ਗਿਆ ਹਮਲਾ ਅਤੇ ਗ੍ਰਿਫ਼ਤਾਰ ਕੀਤੇ ਹੋਏ ਵਿਅਕਤੀ ਨੂੰ ਦਬਾਅ ਹੇਠ ਰਿਹਾਅ ਕੀਤਾ ਜਾਣਾ- ਸਭ ਕੁਝ ਨੂੰ ਖ਼ੁਦ-ਬ-ਖ਼ੁਦ ਬਿਆਨਦਾ ਹੈ। ਫਿਰ ਮੀਡੀਆ ਰਿਪੋਰਟਾਂ ਮੁਤਾਬਿਕ, ਅਖੌਤੀ ਹਾਈ ਸਕਿਉਰਿਟੀ ਜੇਲ੍ਹ ਵਿਚ ਬੰਦ ਸਿੱਧੂ ਮੂਸੇਵਾਲਾ ਦੇ ਦੋ ਕਥਿਤ ਕਾਤਲਾਂ ਦੀ ਦੋ ਗਰੋਹਾਂ ਦੇ ਮੈਂਬਰਾਂ ਦਰਮਿਆਨ ਹੋਈਆਂ ਝੜਪਾਂ ਦੌਰਾਨ ਹੋਈ ਹੱਤਿਆ ਵੀ ਸਾਡੇ ਜ਼ਮਾਨੇ ਦੀ ਝਲਕ ਹੈ। ਜ਼ਾਹਿਰ ਹੈ ਕਿ ਇਹ ਝੜਪ ਇਕ ਘੰਟੇ ਤੋਂ ਵੱਧ ਚੱਲੀ। ਇਨ੍ਹਾਂ ਕਤਲਾਂ ਅਤੇ ਅਧਿਕਾਰੀਆਂ ਦੀ ਢਿੱਲ-ਮੱਠ ਨਾਲ ਅਫ਼ਵਾਹਾਂ ਹੋਰ ਫੈਲਣਗੀਆਂ ਤੇ ਇਸ ਪਿੱਛੇ ਕੋਈ ਸਾਜ਼ਿਸ਼ ਹੋਣ ਦੀ ਚਰਚਾ ਨੂੰ ਹਵਾ ਮਿਲੇਗੀ। ਇਸ ਬਾਰੇ ਅਜਿਹੇ ਕਾਫ਼ੀ ਸਵਾਲ ਹਨ ਜਿਨ੍ਹਾਂ ਕਾਰਨ ਮਾਮਲੇ ਦੀ ਹਾਈ ਕੋਰਟ ਦੇ ਜੱਜ ਵੱਲੋਂ ਜੁਡੀਸ਼ਲ ਜਾਂਚ ਕੀਤੀ ਜਾਣੀ ਚਾਹੀਦੀ ਹੈ। ਇਸ ਦੌਰਾਨ ਦਹਿਸ਼ਤਗਰਦਾਂ ਵੱਲੋਂ ਕਸ਼ਮੀਰੀ ਪੰਡਤਾਂ ਦੀਆਂ ਹੱਤਿਆਵਾਂ ਦੀ ਗਿਣਤੀ ਲਗਾਤਾਰ ਵਧਦੀ ਜਾ ਰਹੀ ਹੈ ਜਿਸ ਵਿਚ ਪਿਛਲੇ ਦਿਨੀਂ ਪੁਲਵਾਮਾ ਵਿਚ ਹੋਈ ਹੱਤਿਆ ਨਾਲ ਹੋਰ ਇਜ਼ਾਫ਼ਾ ਹੋਇਆ ਹੈ। ਆਖ਼ਰ ਕਦੋਂ ਤੱਕ ਕਸ਼ਮੀਰੀ ਪੰਡਤਾਂ ਵਧਦੀਆਂ ਸਮੱਸਿਆਵਾਂ ਦੇ ਹੱਲ ਲਈ ਵੇਲੇ ਸਿਰ ਕੋਈ ਦਖ਼ਲ ਨਹੀਂ ਦਿੱਤਾ ਜਾਂਦਾ ਅਤੇ ਹਾਲਾਤ ਨੂੰ ਬਦ ਤੋਂ ਬਦਤਰ ਹੋ ਜਾਣ ਦਿੱਤਾ ਜਾਂਦਾ ਹੈ। ਇਨ੍ਹਾਂ ਸਾਰੀਆਂ ਸਿਆਸੀ ਚਾਲਾਂ ਦੇ ਨਤੀਜੇ ਵਜੋਂ ਇਸ ਸਰਜ਼ਮੀਨ ਉੱਤੇ ਨਿਰਾਸ਼ਾ ਤੇ ਸਹਿਮ ਦਾ ਸਾਇਆ ਮੰਡਰਾ ਰਿਹਾ ਹੈ। ਤੁਸੀਂ ਤੇ ਮੈਂ ਆਪਣੇ, ਆਪਣੇ ਪਰਿਵਾਰਾਂ ਤੇ ਆਪਣੇ ਭਾਈਚਾਰਿਆਂ ਲਈ ਖ਼ੌਫ਼ਜ਼ਦਾ ਹਾਂ। ਡਰ ਦੀ ਇਹ ਭਾਵਨਾ ਸਾਨੂੰ ਵੰਡਣ ਅਤੇ ਚੋਣਾਂ ਜਿੱਤਣ ਤੇ ਸੱਤਾ ਹਥਿਆਉਣ ਦੇ ਇਕੋ-ਇਕ ਮਕਸਦ ਨਾਲ ਸਾਡੇ ਦਿਲ ਵਿਚ ਬਿਠਾਈ ਗਈ ਹੈ। ਚੋਣਾਂ ਹੀ ਸਾਡੀਆਂ ਸਿਆਸੀ ਪਾਰਟੀਆਂ ਲਈ ਸਭ ਕੁਝ ਬਣ ਗਈਆਂ ਹਨ। ਇਸ ਸੌਦੇਬਾਜ਼ੀ ਵਿਚ ਨਫ਼ਰਤ ਤੇ ਬਦਜ਼ੁਬਾਨੀ ਆਦਰਸ਼ ਬਣ ਗਈ ਹੈ ਤੇ ਸੱਭਿਅਕ ਗੱਲਬਾਤ ਹੁਣ ਇਕ ਅਪਵਾਦ ਹੈ। ਜੇ ਹਰੇਕ ਮੰਚ ਤੋਂ ਨਫ਼ਰਤ ਦਾ ਹੀ ਪ੍ਰਚਾਰ ਹੋਵੇਗਾ ਅਤੇ ਹੋਰਨਾਂ ਤੋਂ ਖ਼ਤਰਾ ਹੋਣ ਦਾ ਰੌਲਾ ਪਾਇਆ ਜਾਵੇਗਾ ਤਾਂ ਅਸੀਂ ਅਮਨ-ਚੈਨ ਤੇ ਵਿਕਾਸ ਕਿੱਥੋਂ ਭਾਲਾਂਗੇ। ਦੇਸ਼ ਨੂੰ ਫ਼ੌਰੀ ਤੌਰ 'ਤੇ ਭਾਰੀ ਸੁਧਾਰ ਤੇ ਦਰੁਸਤੀ ਦੀ ਲੋੜ ਹੈ ਅਤੇ ਅਜਿਹਾ ਸਿਖਰ ਤੋਂ ਸ਼ੁਰੂ ਹੋਣਾ ਚਾਹੀਦਾ ਹੈ ਜੋ ਫਿਰ ਹੇਠ ਵੱਲ ਆਵੇ। ਨਫ਼ਰਤ ਦੀ ਭਾਸ਼ਾ ਨੂੰ ਪਿਆਰ ਦੀ ਭਾਸ਼ਾ ਵਿਚ ਬਦਲਣਾ ਹੋਵੇਗਾ; ਫੁੱਟ ਦੀ ਥਾਂ ਏਕਤਾ ਲਿਆਉਣੀ ਹੋਵੇਗੀ। ਜੇ ਅਸੀਂ ਇਹ ਜ਼ਰੂਰੀ ਸੁਧਾਰ ਨਹੀਂ ਕਰਦੇ ਤਾਂ ਸਾਨੂੰ ਆਪਣੇ ਆਪ ਨੂੰ ਹੋਰ ਵੀ ਵੱਡੇ ਖ਼ਤਰੇ ਲਈ ਤਿਆਰ ਕਰ ਲੈਣਾ ਚਾਹੀਦਾ ਹੈ, ਜਿਵੇਂ ਅੰਗਰੇਜ਼ੀ ਕਵੀ ਯੇਟਸ ਨੇ ਲਿਖਿਆ ਹੈ:

ਫਿਰ ਉੱਠਿਆ ਖ਼ੂਨ 'ਚ ਲਥਪਥ ਜਵਾਰਭਾਟਾ
ਤੇ ਡੁੱਬ ਗਈ ਮਾਸੂਮੀਅਤ, ਹਰ ਥਾਂ
ਚੰਗੇ ਲੋਕਾਂ 'ਚ ਵਿਸ਼ਵਾਸ ਦੀ ਕਮੀ ਏ
ਤੇ ਬੁਰੇ ਲੋਕ ਭਰੇ ਹੋਏ ਨੇ, ਪੁਰਜੋਸ਼ ਵੇਗ ਨਾਲ।

# ਤੀਜੀ ਸੰਸਾਰ ਜੰਗ ਹੋਈ ਤਾਂ ਰੋਕਣ ਵਾਲਾ ਕੋਈ ਨਜ਼ਰ ਨਹੀਂ ਆਵੇਗਾ



ਸੀ ਉਦੇ ਭਾਸਕਰ

ਰੂਸ ਵੱਲੋਂ ਯੂਕਰੇਨ ਵਿਚ 24 ਫਰਵਰੀ 2022 ਨੂੰ ਛੇੜੀ ਦੁਖਦਾਈ ਜੰਗ ਨੂੰ ਇਕ ਸਾਲ ਪੂਰਾ ਹੋ ਗਿਆ ਹੈ। ਅੱਜ ਮੈਦਾਨ-ਏ-ਜੰਗ ਵਿਚ ਅਤੇ ਇਸ ਤੋਂ ਵੀ ਅਗਾਂਹ ਤੱਕ ਫੈਲਿਆ ਹੋਇਆ ਮਣਾਂ ਮੂੰਹੀਂ ਮਲਬਾ ਇਸ ਜੰਗ ਦੀ ਪਛਾਣ ਹੈ ਅਤੇ ਇਸ ਦੇ ਲਹੂ ਭਿੱਜੇ ਸਵਾਲੀਆ ਨਿਸ਼ਾਨ ਅਜਿਹੇ ਇਸ਼ਾਰੇ ਕਰ ਰਹੇ ਹਨ ਜਿਵੇਂ ਆਲਮੀ ਭਾਈਚਾਰਾ ਨੀਂਦ ਵਿਚ ਤੁਰਦਾ ਹੋਇਆ ਇਕ ਹੋਰ ਸੰਸਾਰ ਜੰਗ ਵੱਲ ਵਧ ਰਿਹਾ ਹੋਵੇ। ਭਾਵਨਾਤਮਕ ਰਾਸ਼ਟਰਵਾਦ ਦੇ ਨਸ਼ੇ ਵੱਲੋਂ ਪੈਦਾ ਕੀਤੀ ਨੀਂਦ ਵਿਚ ਚੱਲਣ ਵਾਲੀ ਹਾਲਤ ਅਤੇ ਮਾਸਕੋ ਵੱਲੋਂ ਮੁੜ ਉਭਾਰੀ ਜਲਦੇ ਹੋਏ ਅਤੀਤ ਦੀ ਯਾਦ ਨੇ ਸਾਰੇ ਸੰਸਾਰ ਨੂੰ ਬਦਮਿਜ਼ਾਜ ਰਣਨੀਤਕ ਰੇੜਕੇ ਵਿਚ ਫਸਾ ਦਿੱਤਾ ਹੈ। ਇਹ ਅਜਿਹੀ ਘੁੰਮਣਘੇਰੀ ਬਣ ਗਈ ਹੈ ਜਿਥੇ ਸੰਸਾਰ ਦੀਆਂ ਸਾਰੀਆਂ ਵੱਡੀਆਂ ਤਾਕਤਾਂ ਸਿੱਧੇ ਜਾਂ ਲੁਕਵੇਂ ਢੰਗ ਨਾਲ ਇਸ ਜੰਗ ਵਿਚ ਉਲਝ ਚੁੱਕੀਆਂ ਹਨ ਅਤੇ ਇਸ ਦੌਰਾਨ ਇਸ ਦੁਸ਼ਮਣੀ ਨੂੰ ਖ਼ਤਮ ਕਰਨ ਲਈ ਦਿਸਹੱਦਿਆਂ ਉਤੇ ਕੋਈ ਭਰੋਸੇਯੋਗ ਹੀਲਾ ਵੀ ਦਿਖਾਈ ਨਹੀਂ ਦਿੰਦਾ।

ਇਤਿਹਾਸ ਆਪਣੇ ਆਪ ਨੂੰ ਦੁਹਰਾਉਣ ਨਾਲੋਂ ਕੁਝ ਵਧੇਰੇ ਹੁੰਦਾ ਹੈ। ਇਸ ਲਈ ਇਸ ਗੱਲ ਦੀ ਸੰਭਾਵਨਾ ਨਹੀਂ ਕਿ ਤੀਜੀ ਸੰਸਾਰ ਜੰਗ ਦਾ ਢਾਂਚਾ ਜਾਂ ਇਸ ਦੀ ਤਰਤੀਬ ਪਿਛਲੀ ਸਦੀ ਦੌਰਾਨ ਹੋਈਆਂ ਅਜਿਹੀਆਂ ਹੀ ਜੰਗਾਂ ਵਰਗੀ ਹੋਵੇਗੀ, ਭਾਵ ਜਿਨ੍ਹਾਂ ਦੀ ਅਗਾਊਂ ਚਿਤਾਵਨੀ ਮਿਲ ਜਾਵੇ। ਛੇ ਸਾਲਾਂ ਤੱਕ ਚੱਲੀ ਦੂਜੀ ਸੰਸਾਰ ਜੰਗ ਦਾ ਖ਼ਾਤਮਾ ਉਦੋਂ ਹੋਇਆ ਜਦੋਂ ਅਮਰੀਕਾ ਨੇ ਜਪਾਨ ਖ਼ਿਲਾਫ਼ ਪਰਮਾਣੂ ਬੰਬਾਂ ਦਾ ਇਸਤੇਮਾਲ ਕੀਤਾ। ਇਹ ਉਹ ਦੌਰ ਸੀ ਜਦੋਂ ਪਰਮਾਣੂ ਹਥਿਆਰਾਂ ਦੀ (ਅਮਰੀਕਾ ਕੋਲ) ਇਜਾਰੇਦਾਰੀ ਸੀ। ਕੀ ਤਬਾਹੀ ਦੀਆਂ ਅਜਿਹੀਆਂ ਕਾਲੀਆਂ ਘਟਾਵਾਂ ਇਕ ਵਾਰੀ ਫਿਰ ਧਰਤੀ ਉਤੇ ਛਾਉਣਗੀਆਂ?

ਦੁਨੀਆ ਦੇ ਮੌਜੂਦਾ ਰਣਨੀਤਕ ਢਾਂਚੇ ਵਿਚ ਕਈ ਪਰਮਾਣੂ ਤਾਕਤਾਂ ਹਨ ਜਿਨ੍ਹਾਂ ਦੀ ਹਾਲੀਆ ਦੌਰ ਦੀ ਗਿਣਤੀ ਨੌਂ ਬਣਦੀ ਹੈ ਭਾਵੇਂ ਸੰਸਾਰ ਦੇ ਕੁੱਲ ਪਰਮਾਣੂ ਅਸਲ੍ਹਾਖ਼ਾਨੇ ਦਾ 90 ਫ਼ੀਸਦੀ ਹਿੱਸਾ ਅਮਰੀਕਾ ਤੇ ਰੂਸ ਕੋਲ ਹੈ। ਪਰਮਾਣੂ ਘੇਰੇ ਵਿਚ ਫੈਲੀ ਹੋਈ ਮੌਜੂਦਾ ਨਾਜ਼ੁਕ ਹਾਲਤ ਨੂੰ ਜ਼ਾਹਿਰ ਕਰਦਿਆਂ ਰੂਸੀ ਸਦਰ ਵਲਾਦੀਮੀਰ ਪੂਤਿਨ ਨੇ ਪਿਛਲੇ ਹਫ਼ਤੇ ਹੀ ਅਮਰੀਕਾ ਨਾਲ ਪਰਮਾਣੂ ਹਥਿਆਰਾਂ ਵਿਚ ਕਟੌਤੀ ਸਬੰਧੀ ਨਵੇਂ ਸਟਾਰਟ ਸਮਝੌਤੇ (New START treaty) ਮੁਅੱਤਲ ਕਰਨ ਦਾ ਐਲਾਨ ਕੀਤਾ ਹੈ ਜਿਹੜਾ ਪਰਮਾਣੂ ਹਥਿਆਰਾਂ ਉਤੇ ਕੰਟਰੋਲ ਸਬੰਧੀ ਅਮਰੀਕਾ ਤੇ ਰੂਸ ਦਰਮਿਆਨ ਹੋਏ ਸਮਝੌਤਿਆਂ ਵਿਚੋਂ ਸਭ ਤੋਂ ਬਾਅਦ ਵਾਲਾ ਸੀ। ਪੂਤਿਨ ਨੇ ਕਿਹਾ ਕਿ ਉਨ੍ਹਾਂ ਇਹ ਫ਼ੈਸਲਾ ਇਸ ਕਾਰਨ ਕੀਤਾ ਹੈ ਕਿ ਅਮਰੀਕਾ ਅਤੇ ਨਾਟੋ ਰੂਸ ਨੂੰ 'ਰਣਨੀਤਕ ਤੌਰ 'ਤੇ ਹਰਾਉਣਾ' ਚਾਹੁੰਦੇ ਹਨ ਅਤੇ ਇਸ ਦੇ ਪਰਮਾਣੂ ਟਿਕਾਣਿਆਂ ਤੱਕ ਪੁੱਜਣਾ ਚਾਹੁੰਦੇ ਹਨ। ਦੂਜੇ ਪਾਸੇ ਅਮਰੀਕਾ ਨੇ ਉਨ੍ਹਾਂ ਦੇ ਇਸ ਫ਼ੈਸਲੇ ਨੂੰ 'ਭਾਰੀ ਗ਼ਲਤੀ' ਕਰਾਰ ਦਿੱਤਾ ਹੈ।

ਇਸ ਦੇ ਨਾਲ ਹੀ ਅਮਰੀਕੀ ਸਦਰ ਜੋਅ ਬਾਇਡਨ ਨੇ ਜੰਗ ਦੀ ਪਹਿਲੀ ਬਰਸੀ ਮੌਕੇ 20 ਫਰਵਰੀ ਨੂੰ ਅਚਾਨਕ ਯੂਕਰੇਨ ਦਾ ਦੌਰਾ ਕੀਤਾ ਅਤੇ ਨਾਲ ਹੀ ਇਸ 'ਜ਼ਾਲਮਾਨਾ ਤੇ ਗੈਰ-ਵਾਜਬ ਜੰਗ' ਖ਼ਿਲਾਫ਼ ਪੱਛਮ ਦੀ ਯੂਕਰੇਨ ਨੂੰ ਹਮਾਇਤ ਤੇ ਇਕਮੁੱਠਤਾ ਦਾ ਅਹਿਦ ਦੁਹਰਾਇਆ। ਅਗਲੇ ਦਿਨ 21 ਫਰਵਰੀ ਨੂੰ ਬਾਇਡਨ ਨੇ ਵਾਰਸਾ ਦਾ ਦੌਰਾ ਕੀਤਾ ਅਤੇ ਉਥੇ ਉਨ੍ਹਾਂ ਕਿਹਾ ਕਿ ਯੂਕਰੇਨ ਵਿਚ 'ਰੂਸ ਨੂੰ ਕਦੇ ਵੀ ਜਿੱਤ ਨਹੀਂ ਮਿਲੇਗੀ'। ਇਸ ਤੋਂ ਇਕ ਦਿਨ ਬਾਅਦ ਅਮਰੀਕੀ ਰਾਸ਼ਟਰਪਤੀ ਨੇ ਬੁਖ਼ਾਰੈਸਟ -9, ਭਾਵ ਯੂਰੋਪ ਦੇ ਪੂਰਬ ਵਾਲੇ ਪਾਸੇ ਲੱਗਦੇ ਨਾਟੋ ਦੇ ਨੌਂ ਮੈਂਬਰ ਮੁਲਕਾਂ ਦੇ ਆਗੂਆਂ ਨਾਲ ਮੁਲਾਕਾਤ ਕੀਤੀ ਜਿਨ੍ਹਾਂ



ਵਿਚ ਪਹਿਲਾਂ ਸੋਵੀਅਤ ਧੜੇ ਦੇ ਮੈਂਬਰ ਰਹੇ ਪੋਲੈਂਡ, ਬੁਲਗਾਰੀਆ ਅਤੇ ਲਿਥੂਆਨੀਆ ਵੀ ਸ਼ਾਮਲ ਸਨ। ਇਹ ਮੁਲਕ ਠੰਢੀ ਜੰਗ ਤੋਂ ਬਾਅਦ ਨਾਟੋ ਦੇ ਮੈਂਬਰ ਬਣ ਗਏ ਸਨ। ਇਸ ਮੌਕੇ ਵੀ ਬਾਇਡਨ ਨੇ ਇਹੋ ਦਰਸਾਉਣ ਉਤੇ ਜ਼ੋਰ ਦਿੱਤਾ ਕਿ ਇਹ ਜੰਗ 'ਨਾ ਸਿਰਫ਼ ਯੂਕਰੇਨ ਲਈ ਸਗੋਂ ਯੂਰੋਪ ਭਰ ਤੇ ਸਾਰੇ ਸੰਸਾਰ ਦੇ ਲੋਕਤੰਤਰਾਂ ਦੀ ਆਜ਼ਾਦੀ ਲਈ' ਅਹਿਮ ਹੈ।

ਇਸ ਦੌਰਾਨ ਜੰਗ ਦੀ ਪਹਿਲੀ ਬਰਸੀ ਤੋਂ ਐਨ ਪਹਿਲਾਂ ਅਹਿਮ ਸਿਆਸੀ-ਸਫ਼ਾਰਤੀ ਘਟਨਾ ਵਿਚ ਚੀਨ ਨੇ ਆਪਣੇ ਚੋਟੀ ਦੇ ਸਫ਼ੀਰ ਵਾਂਗ ਯੀ ਨੂੰ ਮਾਸਕੋ ਭੇਜਿਆ ਅਤੇ ਇਸ ਮੌਕੇ ਪ੍ਰੋਟੋਕੋਲ ਨੂੰ ਨਜ਼ਰਅੰਦਾਜ਼ ਕਰਦਿਆਂ 22 ਫਰਵਰੀ ਨੂੰ ਪੂਤਿਨ ਨੇ ਇਸ ਚੀਨੀ ਮਹਿਮਾਨ ਦਾ ਸਵਾਗਤ ਕੀਤਾ। ਇਸ ਦੌਰਾਨ ਇਕ ਪਾਸੇ ਜਿਥੇ ਇਹ ਕਿਆਸ ਲਾਏ ਜਾ ਰਹੇ ਹਨ ਕਿ ਚੀਨ ਵੱਲੋਂ ਯੂਕਰੇਨ ਜੰਗ ਨੂੰ ਖ਼ਤਮ ਕਰਾਉਣ ਲਈ ਗੱਲਬਾਤ ਦੀਆਂ ਸੰਭਾਵਨਾਵਾਂ ਦਾ ਪਤਾ ਲਾਇਆ ਜਾ ਰਿਹਾ ਹੈ, ਉਥੇ ਇਸ ਫੇਰੀ ਸਬੰਧੀ ਅਧਿਕਾਰਤ ਤੌਰ 'ਤੇ ਇਹੋ ਕਿਹਾ ਗਿਆ ਕਿ ਇਹ ਦੋਵਾਂ ਮੁਲਕਾਂ ਦਰਮਿਆਨ ਭਾਈਵਾਲੀ ਅਤੇ ਨੇੜ ਭਵਿੱਖ ਵਿਚ ਚੀਨੀ ਸਦਰ ਸ਼ੀ ਜਿਨਪਿੰਗ ਦੇ ਕੀਤੇ ਜਾਣ ਵਾਲੇ ਰੂਸ ਦੌਰੇ ਮੁਤੱਲਕ ਕੀਤੀ ਗਈ ਹੈ।

ਵਾਂਗ ਯੀ ਨੇ ਇਸ ਸਬੰਧ ਵਿਚ ਜ਼ੋਰ ਦਿੱਤਾ ਕਿ ਇਹ ਭਾਈਵਾਲੀ ਕਿਸੇ ਹੋਰ ਮੁਲਕ ਵੱਲ ਸੇਧਿਤ ਨਹੀਂ ਹੈ ਅਤੇ ਕਿਹਾ, "ਅਸੀਂ ਮਿਲ ਕੇ ਬਹੁ-ਧਰੁਵੀ ਅਤੇ ਕੌਮਾਂਤਰੀ ਰਿਸ਼ਤਿਆਂ ਦੇ ਲੋਕਤੰਤਰੀਕਰਨ ਦੀ ਹਮਾਇਤ ਕਰਦੇ ਹਾਂ। ਇਹ ਪੂਰੀ ਤਰ੍ਹਾਂ ਵਕਤ ਤੇ ਇਤਿਹਾਸ ਦੇ ਮੁਤਾਬਕ ਹੈ; ਇਹ ਬਹੁਗਿਣਤੀ ਮੁਲਕਾਂ ਦੇ ਹਿੱਤਾਂ ਦੀ ਵੀ ਪੂਰਤੀ ਕਰਦਾ ਹੈ।"

ਇਸ ਤਰ੍ਹਾਂ ਸੰਸਾਰ ਬਹੁਤ ਹੀ ਔਖੀ ਹਾਲਤ ਵਿਚ ਤਿੱਖੇ ਧਰੁਵੀਕਰਨ ਨਾਲ ਜੂਝ ਰਿਹਾ ਹੈ ਜਿਥੇ ਅਮਰੀਕਾ ਦੀ ਅਗਵਾਈ ਹੇਠਲਾ ਪੱਛਮੀ ਗੱਠਜੋੜ ਅਤੇ ਇਸ ਦੇ ਹੋਰ ਭਾਈਵਾਲ ਰੂਸ ਵੱਲੋਂ ਫਰਵਰੀ 2022 ਵਿਚ ਸ਼ੁਰੂ ਕੀਤੇ ਆਪਣੇ 'ਸਪੈਸ਼ਲ ਅਪਰੇਸ਼ਨ' ਕਾਰਨ ਇਸ ਦੇ ਖ਼ਿਲਾਫ਼ ਹਨ; ਦੂਜੇ ਪਾਸੇ ਪੇਈਚਿੰਗ ਇੰਝ ਦਿਖਾਈ ਦੇ ਰਿਹਾ ਹੈ ਜਿਵੇਂ ਉਹ ਸੰਕਟ ਵਿਚ ਫਸੇ ਮਾਸਕੋ ਨੂੰ ਬਹੁਤ ਲੋੜੀਂਦਾ ਸਹਿਯੋਗ ਦੇ ਰਿਹਾ ਹੋਵੇ। ਅਮਰੀਕਾ ਨੇ ਰੂਸ ਨੂੰ ਸਿੱਧੀ ਫ਼ੌਜੀ ਇਮਦਾਦ ਦੇਣ ਉਤੇ ਨਿਕਲਣ ਵਾਲੇ ਸਿੱਟਿਆਂ ਸਬੰਧੀ ਚੀਨ ਨੂੰ ਖ਼ਬਰਦਾਰ ਕੀਤਾ ਹੈ ਅਤੇ ਇਸ ਗੱਲ ਨੇ ਪੇਈਚਿੰਗ ਅਤੇ ਵਾਸ਼ਿੰਗਟਨ ਦਰਮਿਆਨ ਪਹਿਲਾਂ ਹੀ ਗ਼ੁਬਾਰੇ ਵਾਲੇ ਵਿਵਾਦ ਕਾਰਨ ਵਧੀ ਹੋਈ ਕੁੜੱਤਣ ਵਿਚ ਹੋਰ ਇਜ਼ਾਫ਼ਾ ਕੀਤਾ ਹੈ।

ਇਹ ਗੱਲ ਵਿਵਾਦ ਵਾਲਾ ਮੁੱਦਾ ਬਣੀ ਹੋਈ ਹੈ ਕਿ ਅਮਰੀਕਾ, ਰੂਸ ਤੇ ਚੀਨ ਦੇ ਆਗੂਆਂ ਵੱਲੋਂ ਅਜਿਹੇ ਇਕ-ਦੂਜੇ ਤੋਂ ਵਧ ਕੇ ਦਿੱਤੇ ਜਾ ਰਹੇ ਬਿਆਨ ਕੀ ਮੁੱਖ ਤੌਰ 'ਤੇ ਡੌਲੇ ਦਿਖਾਉਣ ਵਾਲੀ ਹੀ ਗੱਲ ਹੈ ਜਾਂ ਇਹ ਤਣਾਅ ਵਿਚ ਅਸਲ ਵਾਧੇ ਦਾ ਸੰਕੇਤ ਹਨ। ਉਂਝ, ਇਸ ਦੌਰਾਨ ਉਮੀਦ ਦੀ ਕਿਰਨ ਇਹ ਹੈ ਕਿ ਪਰਮਾਣੂ ਜੰਗ ਦਾ ਖ਼ਤਰਾ ਘਟਾਉਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ ਕਿਉਂਕਿ ਮਾਸਕੋ ਦੇ ਅਧਿਕਾਰੀਆਂ ਨੇ ਕਿਹਾ ਹੈ ਕਿ ਪਰਮਾਣੂ ਹਥਿਆਰਾਂ ਸਬੰਧੀ ਮੌਜੂਦਾ ਸੰਜਮ ਪ੍ਰੋਟੋਕੋਲ ਦਾ ਸਤਿਕਾਰ ਕੀਤਾ ਜਾਵੇਗਾ। ਗ਼ੌਰਤਲਬ ਹੈ ਕਿ ਅਮਰੀਕਾ ਅਤੇ ਹੋਰ ਸਬੰਧਿਤ ਮੁਲਕਾਂ ਵੱਲੋਂ ਅਜਿਹੇ ਖ਼ਦਸ਼ਿਆਂ ਦਾ ਇਜ਼ਹਾਰ ਕੀਤਾ ਜਾ ਰਿਹਾ ਸੀ। ਯੂਕਰੇਨ ਜੰਗ ਦੇ ਦੂਜੇ ਸਾਲ ਦੌਰਾਨ ਦੋਵੇਂ ਧਿਰਾਂ ਸਰਦੀਆਂ ਦਾ ਜ਼ੋਰ ਘਟਣ ਤੋਂ ਬਾਅਦ ਵੱਧ ਤੋਂ ਵੱਧ ਰਣਨੀਤਕ ਲਾਭ ਹਾਸਲ ਕਰਨ ਦੀ ਕੋਸ਼ਿਸ਼ ਕਰਨਗੀਆਂ ਜਿਸ ਦੌਰਾਨ ਜ਼ਮੀਨੀ ਹਾਲਾਤ ਇਕ ਪਾਸੇ ਉਸ ਮਾਲੀ ਤੇ ਫ਼ੌਜੀ ਇਮਦਾਦ ਮੁਤਾਬਕ ਤੈਅ ਹੋਣਗੇ ਜਿਹੜੀ ਅਮਰੀਕਾ ਤੇ ਇਸ ਦੇ ਭਾਈਵਾਲਾਂ ਵੱਲੋਂ ਯੂਕਰੇਨ ਨੂੰ ਮੁਹੱਈਆ ਕਰਵਾਈ ਜਾਵੇਗੀ; ਦੂਜੇ ਪਾਸੇ ਉਸ ਜ਼ੋਰਦਾਰ ਫ਼ੌਜੀ ਹਮਲੇ ਮੁਤਾਬਕ ਜਿਹੜਾ ਰੂਸ ਵੱਲੋਂ ਸੰਭਾਵੀ ਤੌਰ 'ਤੇ ਮੱਧ 2023 ਦੌਰਾਨ ਕੀਤਾ ਜਾਵੇਗਾ।

ਭਾਰਤ ਲਈ ਪੂਤਿਨ ਵੱਲੋਂ ਯੂਕਰੇਨ ਉਤੇ ਕੀਤਾ ਇਹ ਹਮਲਾ ਗੁੰਝਲਦਾਰ ਚੁਣੌਤੀ ਸੀ ਤੇ ਹੈ ਅਤੇ ਜੰਗ ਦੇ ਪਹਿਲੇ ਸਾਲ ਦੌਰਾਨ ਮੋਦੀ ਸਰਕਾਰ ਤਿਲਕਣ ਭਰੇ ਇਸ ਸਿਆਸੀ-ਰਣਨੀਤਕ ਰਸਤੇ ਉਤੇ ਬੜੀ ਚਤੁਰਾਈ ਨਾਲ ਇਹ ਯਕੀਨੀ ਬਣਾਉਂਦਿਆਂ ਲੰਘੀ ਕਿ ਇਸ ਦੌਰਾਨ ਉਸ ਦੇ ਦੋਵਾਂ ਅਮਰੀਕਾ ਤੇ ਰੂਸ ਨਾਲ ਰਿਸ਼ਤੇ ਇਕੋ ਜਿਹੇ ਬਣੇ ਰਹਿਣ ਪਰ ਇਹ ਤਰੀਕਾ ਦੂਜੇ ਸਾਲ ਦੌਰਾਨ ਉਦੋਂ ਵਧੇਰੇ ਔਖਾ ਸਾਬਤ ਹੋ ਸਕਦਾ ਹੈ ਜਦੋਂ ਦਿੱਲੀ ਜੀ-20 ਦੀ ਪ੍ਰਧਾਨਗੀ ਦੌਰਾਨ ਆਪਣੀ ਖ਼ੁਦ ਦੀ ਦਿੱਖ ਚਮਕਾਉਣ ਦੀ ਕੋਸ਼ਿਸ਼ ਵਿਚ ਜੁਟੀ ਹੋਈ ਹੈ। ਇਸ ਮਾਮਲੇ ਵਿਚ ਬੀਤੇ ਸਾਲ ਦਾ ਇੰਡੋਨੇਸ਼ੀਆ ਦਾ ਤਜਰਬਾ ਸਿੱਖਿਆਦਾਈ ਹੋ ਸਕਦਾ ਹੈ ਜਦੋਂ ਅਜਿਹੀ ਜ਼ਿੰਮੇਵਾਰੀ ਜਕਾਰਤਾ ਨੇ ਨਿਭਾਈ ਸੀ।

ਭਾਰਤ ਲਈ ਵਧੇਰੇ ਫ਼ੌਰੀ ਸਲਾਮਤੀ ਸਰੋਕਾਰ ਚੀਨ ਵੱਲੋਂ ਲੱਦਾਖ਼ ਵਿਚ ਕੀਤੀ ਜਾ ਰਹੀ ਘੁਸਪੈਠ ਹੈ। ਇਸ ਤੋਂ ਇਲਾਵਾ ਯੂਕਰੇਨ ਜੰਗ ਨੇ ਭਾਰਤ ਨੂੰ ਰੂਸ ਉਤੇ ਰਣਨੀਤਕ ਤੇ ਫ਼ੌਜੀ ਨਿਰਭਰਤਾ ਕਾਰਨ ਔਖੀ ਹਾਲਤ ਵਿਚ ਫਸਾ ਦਿੱਤਾ ਹੈ। ਇਸ ਦੌਰਾਨ ਚੀਨ ਨਾਲ ਸਫ਼ਾਰਤੀ ਗੱਲਬਾਤ ਦੀ ਬਹਾਲੀ (ਵਿਦੇਸ਼ ਮੰਤਰਾਲੇ ਦੇ ਜੁਆਇੰਟ ਸਕੱਤਰ ਸ਼ਿਲਪਕ ਅੰਬੂਲੇ ਦੀ ਪੇਈਚਿੰਗ ਯਾਤਰਾ) ਉਤਸ਼ਾਹ ਵਧਾਊ ਘਟਨਾਕ੍ਰਮ ਹੈ। ਦੂਜੇ ਪਾਸੇ, ਯੂਕਰੇਨ ਜੰਗ ਦੇ ਦੂਜੇ ਸਾਲ ਦੌਰਾਨ ਪੇਈਚਿੰਗ ਤੇ ਮਾਸਕੋ ਦੇ ਰਿਸ਼ਤਿਆਂ ਦੀ ਬਣਤਰ ਆਪਣੀ ਰਣਨੀਤਕ ਖ਼ੁਦਮੁਖ਼ਤਾਰੀ ਦਾ ਮੁਜ਼ਾਹਰਾ ਕਰਨ ਅਤੇ ਨਾਲ ਹੀ ਮੌਜੂਦਾ ਰੇੜਕੇ ਵਿਚ ਭਰੋਸੇਮੰਦ ਵਾਰਤਾਕਾਰ ਬਣਨ ਦੀਆਂ ਦਿੱਲੀ ਦੀਆਂ ਖ਼ਾਹਿਸ਼ਾਂ ਲਈ ਨੁਕਸਾਨਦੇਹ ਸਾਬਤ ਹੋ ਸਕਦੀ ਹੈ।

# ਪੰਜਾਬ ਦੇ ਬੁਨਿਆਦੀ ਮਸਲਿਆਂ ਦਾ ਹੱਲ ਜ਼ਰੂਰੀ



ਰਣਜੀਤ ਸਿੰਘ ਘੁੰਮਣ

ਬੇੜਾ ਬੰਧਿ ਨ ਸਕਿਓ ਬੰਧਨ ਕੀ ਵੇਲਾ॥
ਭਰਿ ਸਰਵਰੁ ਜਬ ਊਛਲੈ ਤਬ ਤਰਣੁ ਦੁਹੇਲਾ॥

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਇਸ ਸ਼ਬਦ ਰਾਹੀਂ ਭਾਵੇਂ ਫਰੀਦ ਜੀ ਨੇ ਸੰਸਾਰਕ ਜੀਵ ਨੂੰ ਸੁਚੇਤ ਕਰਦਿਆਂ ਫਰਮਾਇਆ ਹੈ ਕਿ ਜਿਹੜਾ ਜੀਵ ਬੇੜਾ ਤਿਆਰ ਕਰਨ ਵਾਲੀ ਉਮਰੇ (ਨਾਮ ਰੂਪੀ) ਬੇੜਾ ਤਿਆਰ ਨਾ ਕਰ ਸਕਿਆ, ਜਦ ਸਮੁੰਦਰ ਪਾਣੀ ਨਾਲ ਨੱਕੋ-ਨੱਕ ਭਰ ਕੇ ਉਛਲਣ ਲੱਗ ਪਵੇਗਾ, ਤਦ ਉਸ ਲਈ ਤਰਨਾ ਔਖਾ ਹੋ ਜਾਂਦਾ ਹੈ। ਫਰੀਦ ਜੀ ਦਾ ਇਹ ਸ਼ਬਦ ਪੰਜਾਬ ਦੇ ਅਜੋਕੇ ਹਾਲਾਤ ਉਪਰ ਢੁਕਦਾ ਹੈ ਕਿਉਂਕਿ ਜੇ ਪੰਜਾਬੀਆਂ ਨੇ ਪੰਜਾਬ ਨੂੰ ਬਚਾਉਣ ਲਈ ਜ਼ਿੰਮਾ ਨਾ ਚੁੱਕਿਆ ਤਾਂ ਹਾਲਾਤ ਬਦ ਤੋਂ ਬਦਤਰ ਹੀ ਹੋਣਗੇ। ਉਸ ਹਾਲਤ ਵਿਚ ਹਾਲਾਤ ਨੂੰ ਮੋੜਾ ਪਾਉਣਾ ਓਨਾ ਹੀ ਮੁਸ਼ਕਿਲ (ਜਾਂ ਅਸੰਭਵ) ਹੋਵੇਗਾ ਜਿੰਨਾ ਬਿਨਾ ਬੇੜੇ ਤੋਂ ਠਾਠਾਂ ਮਾਰਦੇ ਸਮੁੰਦਰ ਤੋਂ ਪਾਰ ਲੰਘਣਾ ਹੁੰਦਾ ਹੈ।

ਇਹ ਵੀ ਹਕੀਕਤ ਹੈ ਕਿ ਪੰਜਾਬੀ ਹਮੇਸ਼ਾ ਮੁਸ਼ਕਿਲਾਂ ਤੇ ਚੁਣੌਤੀਆਂ ਦਾ ਸਾਹਮਣਾ ਅਤੇ ਇਨ੍ਹਾਂ ਨੂੰ ਸਰ ਵੀ ਕਰਦੇ ਆਏ ਹਨ। ਪੰਜਾਬੀਆਂ ਨੇ ਮੁਲਕ ਦੀ ਹਰ ਸਮੱਸਿਆ ਵਿਚ ਮੂਹਰਲੀਆਂ ਸਫਾਂ 'ਚ ਖੜ੍ਹ ਕੇ ਹਿੱਸਾ ਪਾਇਆ। ਇਹ ਭਾਵੇਂ ਆਜ਼ਾਦੀ ਦੀ ਲਹਿਰ ਹੋਵੇ, ਭਾਵੇਂ ਸਰਹੱਦਾਂ ਦੀ ਰਾਖੀ ਦਾ ਮਾਮਲਾ ਹੋਵੇ, ਤੇ ਭਾਵੇਂ ਅਨਾਜ ਸੁਰੱਖਿਆ ਦਾ ਮਸਲਾ ਹੋਵੇ। ਹਾਂ, ਮੁਲਕ ਦੀ ਵੰਡ ਸਮੇਂ ਵੀ ਪੰਜਾਬੀ ਲੱਖਾਂ ਦੀ ਤਾਦਾਦ ਵਿਚ ਕਤਲੋਗਾਰਤ ਅਤੇ ਜਬਰੀ ਪਰਵਾਸ (ਜੋ ਗੈਰ-ਮਨੁੱਖੀ ਵਤੀਰਾ ਸੀ) ਦੇ ਸੰਕਟ ਵਾਲੇ ਦੌਰ ਵਿਚੋਂ ਲੰਘੇ ਹਨ ਪਰ ਹਰ ਸੰਕਟ ਵਿਚੋਂ ਉਭਰ ਕੇ ਜੀਵਨ ਪੰਧ 'ਤੇ ਅੱਗੇ ਵਧਦੇ ਗਏ ਅਤੇ ਪੰਜਾਬ ਤੇ ਦੇਸ਼ ਦੀ ਤਰੱਕੀ ਵਿਚ ਸਾਰਥਕ ਯੋਗਦਾਨ ਪਾਉਂਦੇ ਰਹੇ ਹਨ।

ਆਜ਼ਾਦੀ ਤੋਂ ਬਾਅਦ ਪੰਜਾਬੀਆਂ (ਖਾਸਕਰ ਸਿੱਖਾਂ) ਨੂੰ ਉਮੀਦ ਸੀ ਕਿ ਉਨ੍ਹਾਂ ਪਾਸ ਅਜਿਹਾ ਖੁਦਮੁਖਤਾਰੀ ਵਾਲਾ ਖਿੱਤਾ ਹੋਵੇਗਾ ਜਿਥੇ ਉਹ (ਮੁਲਕ ਦਾ ਅਨਿਖੜ ਅੰਗ ਰਹਿ ਕੇ) ਆਜ਼ਾਦੀ ਦਾ ਜਲੌਅ ਮਾਣ ਸਕਣਗੇ ਪਰ ਅਜਿਹਾ ਨਹੀਂ ਹੋਇਆ। ਸਿੱਖਾਂ ਅਤੇ ਪੰਜਾਬੀਆਂ ਨੂੰ ਉਮੀਦ ਸੀ ਕਿ ਭਾਰਤ ਸਰਕਾਰ ਉਨ੍ਹਾਂ ਦੇ ਆਜ਼ਾਦੀ ਦੇ ਸੰਘਰਸ਼ ਵਿਚ ਆਪਣੀ ਗਿਣਤੀ ਤੋਂ ਕਿਤੇ ਵੱਧ ਯੋਗਦਾਨ ਦੇ ਮੱਦੇਨਜ਼ਰ ਇਹ ਖਿਆਲ ਜ਼ਰੂਰ ਰੱਖੇਗੀ। ਭਾਸ਼ਾ ਦੇ ਆਧਾਰ ਉਪਰ ਪੰਜਾਬੀ ਸੂਬਾ ਬਣਾਉਣ ਵੇਲੇ ਵੀ ਪੰਜਾਬ ਨਾਲ ਵਿਤਕਰਾ ਹੋਇਆ। ਆਰੀਆ ਸਮਾਜ ਅਤੇ ਹਿੰਦੂ ਸੰਗਠਨਾਂ ਦੇ ਪ੍ਰਭਾਵ ਹੇਠ ਹਿੰਦੂ ਭਾਈਚਾਰੇ ਨੇ 1961 ਦੀ ਮਰਦਮਸ਼ੁਮਾਰੀ ਵਿਚ ਵਧ-ਚੜ੍ਹ ਕੇ ਆਪਣੀ ਮਾਂ-ਬੋਲੀ ਪੰਜਾਬੀ ਦਰਜ ਕਰਾਈ। ਚੰਡੀਗੜ੍ਹ (ਜਿਸ 'ਤੇ ਪੰਜਾਬ ਦਾ ਹੱਕ ਬਣਦਾ ਸੀ) ਪੰਜਾਬ ਨੂੰ ਅਜੇ ਤੱਕ ਨਹੀਂ ਮਿਲਿਆ। ਪੰਜਾਬੀ ਬੋਲਦੇ ਕੁਝ ਇਲਾਕੇ ਵੀ ਮੌਜੂਦਾ ਪੰਜਾਬ ਤੋਂ ਅਜੇ ਤੱਕ ਬਾਹਰ ਹਨ। ਅਕਾਲੀਆਂ ਦੁਆਰਾ ਖੁਦ-ਮੁਖਤਾਰੀ ਦਾ



ਅਨੰਦਪੁਰ ਸਾਹਿਬ ਮਤਾ ਅਕਾਲੀਆਂ ਦੁਆਰਾ ਹੀ ਛੱਡ ਦਿੱਤਾ ਗਿਆ। ਪਾਣੀਆਂ ਦੀ ਵੰਡ ਦਾ ਮਸਲਾ ਵੀ ਵਿਚਾਲੇ ਲਟਕ ਰਿਹਾ ਹੈ।

80ਵਿਆਂ ਵਿਚ ਵਾਪਰੀਆਂ ਬਹੁਤ ਮੰਦਭਾਗੀ ਘਟਨਾਵਾਂ (1984 ਵਿਚ ਸ੍ਰੀ ਦਰਬਾਰ ਸਾਹਿਬ ਅਤੇ ਸ੍ਰੀ ਅਕਾਲ ਤਖਤ ਸਾਹਿਬ ਉਪਰ ਭਾਰਤੀ ਫੌਜ ਦਾ ਹਮਲਾ ਤੇ ਉਸ ਪਿਛੋਂ ਤਤਕਾਲੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦਾ ਕਤਲ) ਅਤੇ ਦਿੱਲੀ ਤੇ ਕੁਝ ਹੋਰ ਸੂਬਿਆਂ ਵਿਚ ਬੇਦੋਸ਼ੇ ਸਿੱਖਾਂ ਦੀ ਕਤਲੋਗਾਰਤ ਨੇ ਪੰਜਾਬੀਆਂ, ਖਾਸਕਰ ਸਿੱਖਾਂ ਦੇ ਮਨਾਂ ਵਿਚ ਅਜਿਹੀ ਭਾਵਨਾ ਪੈਦਾ ਕੀਤੀ ਕਿ ਉਨ੍ਹਾਂ ਨਾਲ ਮਿੱਥ ਕੇ ਵਿਤਕਰਾ ਕੀਤਾ ਜਾ ਰਿਹਾ ਹੈ। 1984 ਦੇ ਸਿੱਖ ਕਤਲੇਆਮ ਵਿਚ ਸ਼ਾਮਲ ਸਿਆਸਤਦਾਨਾਂ ਨੂੰ ਸਜ਼ਾਵਾਂ ਦੇਣ ਦੀ ਬਜਾਇ ਉਨ੍ਹਾਂ ਨੂੰ ਰਾਜ ਸੱਤਾ ਵਿਚ ਭਾਗੀਦਾਰ ਬਣਾਉਣ ਅਤੇ 38 ਸਾਲਾਂ ਬਾਅਦ ਵੀ ਸਿੱਖ ਭਾਈਚਾਰੇ ਨੂੰ ਇਨਸਾਫ ਨਾ ਮਿਲਣਾ ਜੱਗ ਜ਼ਾਹਿਰ ਹੈ। ਪੀਪਲ'ਜ਼ ਯੂਨੀਅਨ ਫਾਰ ਸਿਵਿਲ ਲਿਬਰਟੀਜ਼ (PUCL) ਵੱਲੋਂ ਛਾਪੀ ਕਿਤਾਬ 'ਦੋਸ਼ੀ ਕੌਣ? (Who Are Giulty?) ਵਿਚ 84 ਦੇ ਕਤਲੇਆਮ ਬਾਰੇ ਸਾਰੀਆਂ ਘਟਨਾਵਾਂ ਅਤੇ ਉਸ ਨੂੰ ਅੰਜਾਮ ਦੇਣ ਵਾਲੇ ਸਿਆਸਤਦਾਨਾਂ ਦੀ ਨਿਸ਼ਾਨਦੇਹੀ ਕਰਨ ਦੇ ਬਾਵਜੂਦ ਉਨ੍ਹਾਂ ਨੂੰ ਸਜ਼ਾਵਾਂ ਨਹੀਂ ਦਿੱਤੀਆਂ। ਅਜਿਹੇ ਵਰਤਾਰੇ ਨੇ ਜਿੱਥੇ ਸਿੱਖਾਂ ਦੇ ਮਨਾਂ ਵਿਚ ਇਨਸਾਫ ਦੀ ਆਸ ਮੱਧਮ ਕੀਤੀ, ਉਥੇ ਭਾਰਤੀ ਸਿਆਸਤ ਅਤੇ ਨਿਆਂ ਪਾਲਿਕਾ ਉਪਰ ਵੀ ਗੰਭੀਰ ਪ੍ਰਸ਼ਨ ਚਿੰਨ ਲਾਏ।

ਇਹ ਵੀ ਹਕੀਕਤ ਹੈ ਕਿ 1980ਵਿਆਂ ਵਿਚ ਅਤਿਵਾਦੀਆਂ ਨੇ ਜਿਥੇ ਹਜ਼ਾਰਾਂ ਬੇਦੋਸ਼ੇ ਅਤੇ ਨਿੱਹਥੇ ਲੋਕਾਂ ਨੂੰ ਮੌਤ ਦੇ ਘਾਟ ਉਤਾਰਿਆ, ਉਥੇ ਰਾਜ ਸੱਤਾ ਤੇ ਪੁਲੀਸ ਬਲਾਂ ਨੇ ਅਤਿਵਾਦੀਆਂ ਤੇ ਹਜ਼ਾਰਾਂ ਨੌਜੁਆਨਾਂ ਨੂੰ ਫਰਜ਼ੀ ਮੁਕਾਬਲਿਆਂ ਵਿਚ ਮਾਰ ਮੁਕਾਇਆ। ਅਜਿਹੇ ਵਰਤਾਰੇ ਨੇ ਸਿੱਖ ਮਾਨਸਿਕਤਾ ਨੂੰ ਵਲੂੰਧਰਿਆ। ਸੈਂਕੜੇ ਨੌਜੁਆਨਾਂ ਨੇ ਵਿਦੇਸ਼ਾਂ ਵਿਚ ਸਿਆਸੀ ਪਨਾਹ ਲੈ ਲਈ। ਫਿਰ ਗੈਂਗਵਾਦ ਵਧਣਾ-ਫੁਲਣਾ ਸ਼ੁਰੂ ਹੋ ਗਿਆ। ਅੱਜ ਪੰਜਾਬ ਵਿਚ ਹਜ਼ਾਰਾਂ ਨੌਜੁਆਨ ਗੈਂਗਸਟਰ ਹਨ।

ਇਹ ਵਰਤਾਰਾ ਪੰਜਾਬ ਦੀ ਤਰਾਸਦੀ ਦੀ ਤਸਵੀਰ ਦਾ ਇੱਕ ਪਹਿਲੂ ਹੈ। ਸਿਆਸੀ ਪਾਰਟੀਆਂ (ਖਾਸਕਰ ਉਸ ਵੇਲੇ ਦੀ ਕੇਂਦਰ ਸਰਕਾਰ) ਨੇ ਸੌੜੇ ਸਿਆਸੀ ਹਿੱਤਾਂ ਲਈ ਪੰਜਾਬ ਵਿਚ ਖਾਲਿਸਤਾਨ ਦਾ ਮੁੱਦਾ ਭਖਾਇਆ। ਹੁਣ ਤਾਂ ਬਹੁਤ ਸਾਰੀਆਂ ਲਿਖਤਾਂ ਆ ਚੁੱਕੀਆਂ ਹਨ ਜਿਹੜੀਆਂ ਬਹੁਤ ਜ਼ਿੰਮੇਵਾਰੀ ਨਾਲ ਕਹਿ ਰਹੀਆਂ ਹਨ ਕਿ ਪੰਜਾਬ ਵਿਚ ਖਾਲਿਸਤਾਨ ਦਾ ਮੁੱਦਾ ਸਿਆਸੀ ਸਾਜ਼ਿਸ਼ ਅਧੀਨ ਸੱਤਾ ਪ੍ਰਾਪਤੀ ਲਈ ਉਛਾਲਿਆ ਗਿਆ ਸੀ। ਸ੍ਰੀ ਦਰਬਾਰ ਸਾਹਿਬ ਅਤੇ ਸ੍ਰੀ ਅਕਾਲ ਤਖਤ ਸਾਹਿਬ ਉਪਰ ਭਾਰਤੀ ਫੌਜ ਦਾ ਹਮਲਾ (ਉਸ ਤੋਂ ਪਹਿਲਾਂ ਹਾਲਾਤ ਨੂੰ ਉਸ ਅੰਜਾਮ ਤੱਕ ਲਿਜਾਣਾ) ਵੀ ਉਸੇ ਵੱਡੇ ਸਿਆਸੀ ਸਾਜ਼ਿਸ਼ ਦਾ ਹਿੱਸਾ ਸੀ ਪਰ ਇਸ ਵਰਤਾਰੇ ਵਿਚ ਅਕਾਲੀ ਅਤੇ ਸਿੱਖ ਲੀਡਰਸ਼ਿਪ ਵੀ ਬਣਦੀ ਜ਼ਿੰਮੇਵਾਰੀ ਨਿਭਾਉਣ ਵਿਚ ਅਸਫਲ ਰਹੀ। ਬਲਿਊ ਸਟਾਰ ਅਪਰੇਸ਼ਨ ਤੋਂ ਬਾਅਦ ਵੀ ਸਿਆਸੀ ਲੀਡਰਸ਼ਿਪ (ਖਾਸਕਰ ਅਕਾਲੀ) ਸੌੜੇ ਸਿਆਸੀ ਮੁਫ਼ਾਦਾਂ ਲਈ ਦੋਗਲਾ ਰੋਲ ਨਿਭਾਉਂਦੀ ਰਹੀ। ਅਕਾਲੀਆਂ ਅਤੇ ਕਾਂਗਰਸੀਆਂ ਨੇ ਸੱਤਾ ਵਿਚ ਹੋਣ ਵੇਲੇ ਤਾਂ ਪੰਜਾਬੀ ਬੋਲਦੇ ਇਲਾਕਿਆਂ ਅਤੇ ਚੰਡੀਗੜ੍ਹ ਦਾ ਮੁੱਦਾ ਕਦੇ ਸੰਜੀਦਗੀ ਨਾਲ ਨਹੀਂ ਉਭਾਰਿਆ ਪਰ ਜਦ ਸੱਤਾ ਤੋਂ ਬਾਹਰ ਹੁੰਦੇ ਹਨ ਤਾਂ ਇਹ ਮੁੱਦੇ ਚੁੱਕੇ ਜਾਂਦੇ ਹਨ। ਸਿਆਸੀ ਨੇਤਾ ਪੰਜਾਬ ਦੀ ਜੁਆਨੀ ਨੂੰ ਵੀ ਆਪਣੀ ਸੌੜੀ ਸਿਆਸਤ ਵਿਚ ਝੋਕਦੇ ਰਹਿੰਦੇ ਹਨ।

ਉਂਝ, 2022 ਵਾਲੀਆਂ ਵਿਧਾਨ ਸਭਾ ਚੋਣਾਂ ਨੇ ਸਿੱਧ ਕਰ ਦਿੱਤਾ ਕਿ ਪੰਜਾਬ ਦੀਆਂ ਰਵਾਇਤੀ ਸਿਆਸੀ ਪਾਰਟੀਆਂ (ਸ਼੍ਰੋਮਣੀ ਅਕਾਲੀ ਦਲ, ਕਾਂਗਰਸ) ਅਤੇ ਭਾਰਤੀ

(ਬਾਕੀ ਅਗਲੇ ਸਫੇ 'ਤੇ)

# ਬਹੁਤ ਮਾੜੀ ਹਾਲਤ ਵਿਚ ਫਸ ਗਿਆ ਹੈ ਪਾਕਿਸਤਾਨ



ਜੀ ਪਾਰਥਾਸਾਰਥੀ

ਪਾਕਿਸਤਾਨ ਅੱਜ ਬਹੁਤ ਮਾੜੀ ਹਾਲਤ ਵਿਚ ਹੈ। ਮਾਲੀ ਹਾਲਤ ਲਗਾਤਾਰ ਗ਼ਰਕ ਰਹੀ ਹੈ। ਵਿਦੇਸ਼ੀ ਮੁਦਰਾ ਭੰਡਾਰ ਘਟ ਕੇ 2 ਅਰਬ ਡਾਲਰ ਤੋਂ ਵੀ ਘੱਟ ਰਹਿ ਗਿਆ ਹੈ। ਇਸ ਦੌਰਾਨ ਮੁਲਕ ਨੇ ਦੀਵਾਲੀਆ ਹੋਣ ਤੋਂ ਬਚਣ ਲਈ ਆਈਐੱਮਐੱਫ (ਕੌਮਾਂਤਰੀ ਮੁਦਰਾ ਕੋਸ਼), ਕੌਮਾਂਤਰੀ ਬੈਂਕਾਂ ਅਤੇ ਦਾਨੀਆਂ ਨੂੰ ਫੌਰੀ ਇਮਦਾਦ ਦੀ ਦੁਹਾਈ ਦਿੱਤੀ ਹੈ। ਦੂਜੇ ਪਾਸੇ, ਇਨ੍ਹਾਂ ਸਾਰੇ ਹਾਲਾਤ ਕਾਰਨ ਸਾਬਕਾ ਵਜ਼ੀਰੇ-ਆਜ਼ਮ ਇਮਰਾਨ ਖ਼ਾਨ ਅਤੇ ਸ਼ਾਹਬਾਜ਼ ਸ਼ਰੀਫ਼ ਹਕੂਮਤ ਦਰਮਿਆਨ ਜ਼ੋਰਦਾਰ ਲਫ਼ਜ਼ੀ ਜੰਗ ਜਾਰੀ ਹੈ।

ਇਹ ਗੱਲ ਵੀ ਅਹਿਮ ਹੈ ਕਿ ਅਮਰੀਕਾ ਪੱਖੀ ਫ਼ੌਜ ਮੁਖੀ ਜਨਰਲ ਕਮਰ ਜਾਵੇਦ ਬਾਜਵਾ ਨੇ ਆਪਣੇ ਵਫ਼ਾਦਾਰ ਲੈਫ਼ਟੀਨੈਂਟ ਜਨਰਲ ਆਮਿਰ ਮੁਨੀਰ ਨੂੰ ਆਪਣਾ ਜਾਨਸ਼ੀਨ ਬਣਾਉਣ ਦਾ ਬੰਦੋਬਸਤ ਕਰ ਲਿਆ। ਇਸ ਤੋਂ ਸਾਫ਼ ਹੈ ਕਿ ਫ਼ੌਜ ਦੀ ਆਗਾਮੀ ਸਮੇਂ ਦੌਰਾਨ ਵੀ ਅਮਰੀਕਾ ਨਾਲ ਨੇੜਤਾ ਰਹੇਗੀ। ਇਕ ਪਾਸੇ ਮੁਲਕ ਦੀਵਾਲੀਏਪਣ ਤੋਂ ਬਚਣ ਦੀਆਂ ਕੋਸ਼ਿਸ਼ਾਂ ਵਿਚ ਜੁਟਿਆ ਹੋਇਆ ਹੈ, ਦੂਜੇ ਪਾਸੇ ਇਸਲਾਮਾਬਾਦ ਹਾਈ ਕੋਰਟ ਨੇ ਸਾਬਕਾ ਸਦਰ ਜਨਰਲ ਪਰਵੇਜ਼ ਮੁਸ਼ੱਰਫ਼ ਵੱਲੋਂ ਆਪ ਹੁਦਰੇ ਢੰਗ ਨਾਲ ਫ਼ੌਜੀ ਜ਼ਮੀਨਾਂ ਅਲਾਟ ਕਰਨ ਦੇ ਮਾਮਲੇ ਵਿਚ ਭ੍ਰਿਸ਼ਟਾਚਾਰ ਬਾਰੇ ਜਾਂਚ ਦੇ ਹੁਕਮ ਦਿੱਤੇ ਹਨ। ਜਨਰਲ ਮੁਸ਼ੱਰਫ਼ ਜੋ ਕੁਝ ਸਾਲਾਂ ਤੋਂ ਬਿਮਾਰ ਸਨ, ਦੀ ਮੌਤ ਪਿਛਲੇ ਦਿਨੀਂ ਯੂਏਈ ਦੇ ਇਕ ਹਸਪਤਾਲ ਵਿਚ ਮੌਤ ਹੋ ਗਈ ਸੀ। ਉਨ੍ਹਾਂ ਨੂੰ ਕਰਾਚੀ ਵਿਚ ਪੂਰੇ ਫ਼ੌਜੀ ਸਨਮਾਨਾਂ ਨਾਲ ਸਪੁਰਦ-ਏ-ਖ਼ਾਕ ਕੀਤੇ ਜਾਣ ਦੀ ਰਸਮ ਮੌਕੇ ਮੁਲਕ ਦੇ ਕਿਸੇ ਵੱਡੇ ਸਿਆਸੀ ਆਗੂ ਨੇ ਹਾਜ਼ਰੀ ਭਰਨੀ ਜ਼ਰੂਰੀ ਨਹੀਂ ਸਮਝੀ।

ਮੁਲਕ ਦੇ ਬਹੁਤ ਗੰਭੀਰ ਮਾਲੀ ਸੰਕਟ ਦੇ ਹੱਲ ਲਈ ਕੋਈ ਖ਼ਾਸ ਦਿਲਚਸਪੀ ਨਾ ਦਿਖਾਉਣ ਵਾਲੇ ਇਮਰਾਨ ਖ਼ਾਨ ਨੇ ਰਾਸ਼ਟਰਪਤੀ ਆਰਿਫ਼ ਅਲਵੀ ਨੂੰ ਆਪਣੇ ਕੱਟੜ ਵਿਰੋਧੀ ਜਨਰਲ ਬਾਜਵਾ ਖ਼ਿਲਾਫ਼ ਫੌਰੀ ਤੌਰ 'ਤੇ ਜਾਂਚ ਕਰਾਉਣ ਦੀ ਅਪੀਲ ਕੀਤੀ ਹੈ। ਉਨ੍ਹਾਂ ਇਲਜ਼ਾਮ ਲਾਇਆ ਕਿ ਬਾਜਵਾ ਨੇ ਉਨ੍ਹਾਂ ਨੂੰ ਗੱਦੀਓਂ ਲਾਹੁਣ ਲਈ ਸਾਜ਼ਿਸ਼ਾਂ ਘੜੀਆਂ। ਇਸ ਦੌਰਾਨ ਪਾਕਿਸਤਾਨੀ ਸਿਆਸਤਦਾਨਾਂ ਨੇ ਤਾਲਿਬਾਨ ਸਣੇ ਵੱਖ ਵੱਖ ਕੱਟੜ ਇਸਲਾਮੀ ਗਰੁੱਪਾਂ ਨਾਲ ਨਜਿੱਠਣ ਲਈ ਇਕਮੁੱਠ ਹੋਣ ਵਾਸਤੇ ਨਾ ਤਾਂ ਕੋਈ ਦਿਲਚਸਪੀ ਦਿਖਾਈ ਹੈ ਤੇ ਨਾ ਹੀ ਸਮਰੱਥਾ। ਪਾਕਿਸਤਾਨ ਨੂੰ ਅਫ਼ਗਾਨਿਸਤਾਨ ਹੀ ਨਹੀਂ, ਅੰਦਰੋਂ ਵੀ ਕੱਟੜ ਇਸਲਾਮੀ ਤਨਜ਼ੀਮਾਂ ਦੀ ਮਦਦ ਕਰਨ ਦਾ ਮੁੱਲ ਤਾਰਨਾ ਪੈ ਰਿਹਾ ਹੈ। ਇਹੀ ਨਹੀਂ, ਪਾਕਿਸਤਾਨ ਦੀ ਤਾਲਿਬਾਨ ਨਾਲ ਗੰਢ-ਤੁੱਪ ਦੀ ਗੱਲ ਜੱਗ ਜ਼ਾਹਿਰ ਹੋਣ ਦੇ ਬਾਵਜੂਦ ਅਮਰੀਕਾ ਨੇ ਇਸ ਤੱਥ ਨੂੰ ਨਜ਼ਰਅੰਦਾਜ਼ ਕੀਤਾ ਅਤੇ ਆਖ਼ਿਰ ਉਸ ਨੇ ਨਮੋਸ਼ੀ ਭਰੇ ਢੰਗ ਨਾਲ ਅਫ਼ਗਾਨਿਸਤਾਨ ਤੋਂ ਆਪਣੀਆਂ ਫ਼ੌਜਾਂ ਕੱਢ ਲਈਆਂ। ਇਮਰਾਨ ਖ਼ਾਨ ਪਾਕਿਤਸਾਨ ਵਿਚ 'ਤਾਲਿਬਾਨ ਖ਼ਾਨ' ਦੇ ਨਾਂ ਨਾਲ ਮਸ਼ਹੂਰ ਹਨ।

ਅਫ਼ਗ਼ਾਨ ਤਾਲਿਬਾਨ ਲੰਮਾ ਸਮਾਂ ਆਪਣੇ ਪਾਕਿਸਤਾਨੀ ਹਮਰੁਤਬਾ 'ਤਹਿਰੀਕ-ਏ-ਤਾਲਿਬਾਨ ਪਾਕਿਸਤਾਨ' ਨਾਲ ਮਿਲ ਕੇ ਕੰਮ ਕਰਦੇ ਰਹੇ ਹਨ ਤੇ ਤਹਿਰੀਕ-ਏ-ਤਾਲਿਬਾਨ ਹੁਣ ਉੱਤਰ-ਪੱਛਮੀ ਪਾਕਿਸਤਾਨ ਉਤੇ ਕਬਜ਼ਾ ਕਰਨ ਦੀ ਤਾਕ ਵਿਚ ਹੈ। ਭਾਰਤ ਨੇ ਅਫ਼ਗਾਨਿਸਤਾਨ ਦੇ ਲੋਕਾਂ ਦੀ ਮਦਦ ਕਰਨ ਦੀ ਲੰਮੇ ਸਮੇਂ ਤੋਂ ਜਾਰੀ ਨੀਤੀ ਤਹਿਤ ਉਥੋਂ ਦੇ ਲੋਕਾਂ ਨੂੰ ਕਣਕ ਅਤੇ ਦਵਾਈਆਂ ਮੁਹੱਈਆ ਕਰਾਉਣ ਲਈ ਕਦਮ ਚੁੱਕੇ ਹਨ। ਦੂਜੇ ਪਾਸੇ ਪਾਕਿਸਤਾਨ ਨੇ ਆਪਣੀ ਸਰਜ਼ਮੀਨ ਉਤੇ ਤਹਿਰੀਕ-ਏ-ਤਾਲਿਬਾਨ ਖ਼ਿਲਾਫ਼ ਜੰਗ ਛੇੜੀ ਹੋਈ ਹੈ ਜਿਸ ਨੂੰ ਖ਼ੈਬਰ ਪਖ਼ਤੂਨਖ਼ਵਾ ਸੂਬੇ ਵਿਚਲੇ ਪਖ਼ਤੂਨ ਭਾਈਚਾਰੇ ਦੀ ਭਰਵੀਂ ਹਮਾਇਤ ਹਾਸਲ ਹੈ। ਅਮਰੀਕਾ ਅਤੇ ਰੂਸ ਦੇ ਬਹੁਤ ਸਾਰੇ ਲੋਕ ਇਸ ਗੱਲ ਤੋਂ ਹੈਰਾਨ ਹੋਣਗੇ ਕਿ ਪਾਕਿਸਤਾਨੀ ਫ਼ੌਜ ਨੂੰ ਆਪਣੇ ਹੀ ਪਾਲੇ ਤਾਲਿਬਾਨ ਨਾਲ ਜੰਗ ਲੜਨੀ ਪੈ ਰਹੀ ਹੈ। ਇਹ ਉਹੋ ਤਾਲਿਬਾਨ ਹਨ ਜਿਨ੍ਹਾਂ ਦਾ ਦੋ ਦਹਾਕਿਆਂ ਤੱਕ ਆਈਐੱਸਆਈ ਨੇ ਅਫ਼ਗ਼ਾਨਿਸਤਾਨ ਵਿਚ ਰੂਸੀ ਤੇ ਅਮਰੀਕੀ ਫ਼ੌਜਾਂ ਖ਼ਿਲਾਫ਼ ਆਪਣੀਆਂ ਲੜਾਈਆਂ ਵਿਚ ਭਰਵਾਂ ਇਸਤੇਮਾਲ ਕੀਤਾ ਸੀ। ਆਈਐੱਸਆਈ ਨੇ ਇੰਡੀਅਨ ਏਅਰਲਾਈਨਜ਼ ਦੀ ਉਡਾਣ ਆਈਸੀ 814 ਅਗਵਾ ਕਰ ਕੇ ਕਾਬੁਲ ਲਿਜਾਏ ਜਾਣ ਤੱਕ ਵਿਚ ਤਾਲਿਬਾਨ ਦੀ ਮਦਦ ਲਈ ਸੀ। ਭਾਰਤ ਨੇ ਹਾਲ ਹੀ ਵਿਚ ਅਫ਼ਗ਼ਾਨਾਂ ਨੂੰ ਮਾਲੀ ਇਮਦਾਦ ਮੁਹੱਈਆ ਕਰਵਾਈ ਹੈ ਜਿਸ ਵਿਚ ਕਣਕ ਦੀ ਸਪਲਾਈ ਵੀ ਸ਼ਾਮਲ ਹੈ। ਅਫ਼ਗ਼ਾਨਿਸਤਾਨ ਉਤੇ ਤਾਲਿਬਾਨ ਦੇ ਕਬਜ਼ੇ ਤੋਂ ਪਹਿਲਾਂ ਭਾਰਤ ਵੱਲੋਂ ਉਸ ਮੁਲਕ ਨੂੰ ਲਗਾਤਾਰ ਦਿੱਤੀ ਆਰਥਿਕ ਤੇ ਵਿੱਦਿਅਕ ਸਹਾਇਤਾ ਨੂੰ ਹਰ ਤਬਕੇ ਦੇ ਲੋਕਾਂ ਨੇ ਵੱਡੇ ਪੱਧਰ 'ਤੇ ਵਡਿਆਇਆ ਹੈ। ਇਹ ਵੱਖਰੀ ਗੱਲ ਹੈ ਕਿ ਭਾਰਤ ਨੂੰ ਹਾਲੇ ਤੱਕ ਅਫ਼ਗ਼ਾਨਾਂ ਨੂੰ ਭੇਜੀ ਜਾਣ ਵਾਲੀਆਂ ਜ਼ਰੂਰੀ ਵਸਤਾਂ ਜਿਵੇਂ ਦਵਾਈਆਂ ਤੇ ਅਨਾਜ ਦੀ ਸਪਲਾਈ ਜਾਂ ਤਾਂ ਹਵਾਈ ਰਸਤੇ ਭੇਜਣੀ ਪੈਂਦੀ ਹੈ ਜਾਂ ਫਿਰ ਇਰਾਨੀ ਬੰਦਰਗਾਹ ਚਾਬਹਾਰ ਰਾਹੀਂ। ਤਾਲਿਬਾਨ ਨੇ ਭਾਵੇਂ 25 ਦਸੰਬਰ, 1999 ਨੂੰ ਆਈਸੀ 814 ਅਗਵਾ ਕਰਨ ਲਈ ਆਈਐੱਸਆਈ ਨਾਲ ਮਿਲੀਭੁਗਤ ਕੀਤੀ ਪਰ ਅੱਜ ਉਹ ਭਾਰਤ ਤੋਂ ਵਧੇਰੇ ਇਮਦਾਦ ਦੀ ਮੰਗ ਕਰ ਰਹੇ ਹਨ। ਭਾਰਤ ਨੇ ਭਾਵੇਂ ਉਨ੍ਹਾਂ ਨੂੰ ਕਣਕ ਤੇ ਦਵਾਈਆਂ ਦੀ ਸ਼ੁਰੂਆਤੀ ਸਪਲਾਈ ਭੇਜੀ ਪਰ ਇਹ ਗੱਲ ਜ਼ਿਆਦਾ ਵਧੀਆ ਹੋਵੇਗੀ, ਜੇ ਅਨਾਜ ਤੇ ਹੋਰ ਜ਼ਰੂਰੀ ਵਸਤਾਂ ਦੀ ਅਜਿਹੀ ਸਹਾਇਤਾ ਦੀ ਸਪਲਾਈ ਸਮੁੰਦਰੀ ਰਸਤੇ ਇਰਾਨੀ ਬੰਦਰਗਾਹ ਚਾਬਹਾਰ ਰਾਹੀਂ ਭੇਜ ਕੇ ਅਫ਼ਗ਼ਾਨਿਸਤਾਨ ਨੂੰ ਮੁਹੱਈਆ ਕਰਵਾਈ ਜਾਵੇ। ਉਂਝ ਭਾਰਤ ਦੇ ਅਫ਼ਗ਼ਾਨ ਮਿੱਤਰ ਇਸ ਗੱਲੋਂ ਦੁਖੀ ਹਨ ਕਿ ਅਜਿਹੇ ਬਜ਼ੁਰਗ ਅਫ਼ਗ਼ਾਨਾਂ ਜਿਨ੍ਹਾਂ ਨੂੰ ਭਾਰਤ ਵਿਚ ਜ਼ਿੰਦਗੀ-ਬਚਾਉ ਇਲਾਜ ਲਈ ਵੀਜ਼ੇ ਦੀ ਲੋੜ ਹੈ, ਨੂੰ ਵੀ ਵੀਜ਼ੇ ਨਹੀਂ ਦਿੱਤੇ ਜਾ ਰਹੇ। ਇਸ ਮਾਮਲੇ ਨੂੰ ਚੌਕਸ ਰਹਿ ਕੇ ਹਾਂਦਰੂ ਢੰਗ ਨਾਲ ਹੱਲ ਕਰਨਾ ਚਾਹੀਦਾ ਹੈ। ਇਸ ਦੌਰਾਨ ਤਾਲਿਬਾਨ ਦੇ ਸਿਖਰਲੇ ਆਗੂ ਹੈਬਤੁੱਲਾ ਅਖ਼ੁੰਦਜ਼ਾਦਾ ਅਤੇ ਆਈਐੱਸਆਈ ਦੇ ਪਸੰਦੀਦਾ ਤਾਲਿਬਾਨ ਆਗੂ ਸਿਰਾਜੁਦੀਨ ਹੱਕਾਨੀ ਦਰਮਿਆਨ ਮਤਭੇਦ ਵਧ ਰਹੇ ਹਨ। ਹੁਣ ਇਸ ਗੱਲ ਦੇ ਵੀ ਸੰਕੇਤ ਮਿਲ ਰਹੇ ਹਨ ਕਿ ਪਾਕਿਸਤਾਨ ਤੇ ਤਾਲਿਬਾਨ ਦਰਮਿਆਨ ਵਿਵਾਦ ਦੋਵਾਂ ਮੁਲਕਾਂ ਨੂੰ ਵੰਡਦੀ ਪੂਰੀ ਸਰਹੱਦ ਜਿਸ ਨੂੰ ਡੂਰੰਡ ਲਕੀਰ ਵੀ ਆਖਿਆ ਜਾਂਦਾ ਹੈ, ਦੇ ਆਰ-ਪਾਰ ਭੜਕ ਸਕਦਾ ਹੈ।

ਜਨਰਲ ਮੁਸ਼ੱਰਫ਼ ਦੀ ਮੌਤ ਨੇ ਉਨ੍ਹਾਂ ਦੇ ਰਾਸ਼ਟਰਪਤੀ ਵਜੋਂ ਕਾਰਜਕਾਲ ਦੌਰਾਨ ਜੋ ਕੁਝ ਵਾਪਰਿਆ, ਉਸ ਵਿਚ ਦੁਬਾਰਾ ਦਿਲਚਸਪੀ ਜਗਾ ਦਿੱਤੀ ਹੈ। ਮੁਸ਼ੱਰਫ਼ ਦੀ ਆਈਸੀ 814 ਦੇ ਅਗਵਾ ਦੀ ਘਟਨਾ ਦੌਰਾਨ ਤਾਲਿਬਾਨ ਨਾਲ ਪੂਰੀ ਗੰਢ-ਤੁੱਪ ਸੀ ਪਰ ਵਕਤ ਬੀਤਣ ਨਾਲ ਉਨ੍ਹਾਂ ਦਾ ਭਾਰਤ ਪ੍ਰਤੀ ਰਵੱਈਆ ਬਦਲ ਗਿਆ, ਖ਼ਾਸਕਰ 2005 ਵਿਚ ਉਨ੍ਹਾਂ ਦੀ ਭਾਰਤ ਫੇਰੀ ਤੋਂ ਬਾਅਦ। ਸਿੱਟਾ ਦੋਵਾਂ ਮੁਲਕਾਂ ਦੇ ਵਿਸ਼ੇਸ਼ ਏਲਚੀਆਂ ਦਰਮਿਆਨ ਜੰਮੂ ਕਸ਼ਮੀਰ ਦੇ ਮੁੱਦੇ ਉਤੇ 'ਪਰਦੇ ਪਿਛਲੀ' ਗੱਲਬਾਤ ਦੇ ਰੂਪ ਵਿਚ ਨਿਕਲਿਆ। ਇਸ ਗੱਲਬਾਤ ਵਿਚ ਭਾਰਤੀ ਵਫ਼ਦ ਦੀ ਅਗਵਾਈ ਮਰਹੂਮ ਸਤਿੰਦਰ ਲਾਂਬਾ ਨੇ ਕੀਤੀ ਜਿਹੜੇ ਇਸ ਤੋਂ ਪਹਿਲਾਂ ਪਾਕਿਸਤਾਨ ਵਿਚ ਭਾਰਤ ਦੇ ਹਾਈ ਕਮਿਸ਼ਨਰ ਰਹਿ ਚੁੱਕੇ ਸਨ। ਭਾਰਤ ਨੇ ਅਜਿਹੇ ਕਿਸੇ ਵੀ ਅਮਲ ਨੂੰ ਸਾਫ਼ ਤੌਰ 'ਤੇ ਖ਼ਾਰਜ ਕਰ ਦਿੱਤਾ ਜਿਸ ਵਿਚ ਦਹਿਸ਼ਤ-ਗਰਦੀ ਦੇ ਖ਼ਾਤਮੇ ਅਤੇ ਦੋਵਾਂ ਧਿਰਾਂ ਵੱਲੋਂ ਮੌਜੂਦਾ ਸਰਹੱਦਾਂ ਦੀ ਪਵਿੱਤਰਤਾ ਨੂੰ ਤਸਲੀਮ ਕੀਤੇ ਜਾਣ ਦੀ ਗਾਰੰਟੀ ਸ਼ਾਮਲ ਨਹੀਂ ਸੀ। ਉਦੋਂ ਸਾਬਕਾ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਨੇ ਆਖਿਆ ਸੀ: "ਸਰਹੱਦਾਂ ਮੁੜ ਨਹੀਂ ਵਾਹੀਆਂ ਜਾ ਸਕਦੀਆਂ।" ਉਸ ਸਮੇਂ ਦੋਵਾਂ ਮੁਲਕਾਂ ਦਰਮਿਆਨ ਜੰਮੂ ਕਸ਼ਮੀਰ ਬਾਰੇ ਹੋਈ ਦੱਸੀ ਜਾਂਦੀ ਵਿਆਪਕ ਸਹਿਮਤੀ ਦੇ ਹੱਕ ਵਿਚ ਪਾਕਿਸਤਾਨ ਦੇ ਸਾਬਕਾ ਵਿਦੇਸ਼ ਮੰਤਰੀ ਖ਼ੁਰਸ਼ੀਦ ਕਸੂਰੀ ਸਮੇਤ ਉਥੋਂ ਦੀਆਂ ਕਈ ਨਾਮੀ ਹਸਤੀਆਂ ਨੇ ਜ਼ੋਰਦਾਰ ਬਿਆਨ ਦਿੱਤੇ ਸਨ ਪਰ ਇਸ ਗੱਲਬਾਤ ਦੇ ਵਿਸ਼ਾ-ਵਸਤੂ ਬਾਰੇ ਭਾਰਤ ਵੱਲੋਂ ਕੋਈ ਟਿੱਪਣੀ ਨਹੀਂ ਸੀ ਕੀਤੀ ਗਈ।

ਉਂਝ ਅਜਿਹੀਆਂ ਰਿਪੋਰਟਾਂ ਹਨ ਕਿ ਇਸ ਦੌਰਾਨ ਸਹਿਮਤੀ ਇਸ ਧਾਰਨਾ ਤਹਿਤ ਬਣੀ ਸੀ ਕਿ ਪਾਕਿ-ਸਤਾਨ ਵੱਲੋਂ ਦਹਿਸ਼ਤਗਰਦੀ ਨੂੰ ਸ਼ਹਿ ਦੇਣੀ ਬੰਦੀ ਕੀਤੀ ਜਾਵੇਗੀ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵੱਲੋਂ 2016 ਵਿਚ ਲਾਹੌਰ ਵਿਚ ਉਦੋਂ ਦੇ ਪਾਕਿਸਤਾਨੀ ਵਜ਼ੀਰੇ-ਆਜ਼ਮ ਨਵਾਜ਼ ਸ਼ਰੀਫ਼ ਦੇ ਪਰਿਵਾਰਕ ਵਿਆਹ ਸਮਾਗਮ ਵਿਚ ਸ਼ਿਰਕਤ ਕੀਤੇ ਜਾਣ ਤੋਂ ਉਮੀਦ ਜਾਗੀ ਸੀ ਕਿ ਇਸ ਨਾਲ ਦੁ-ਵੱਲੇ ਮੁੱਦਿਆਂ ਦੇ ਹੱਲ ਤੇ ਦਹਿਸ਼ਤ-ਗਰਦੀ ਦੇ ਖ਼ਾਤਮੇ ਵੱਲ ਪੇਸ਼ਕਦਮੀ ਦੀ ਸੰਭਾਵਨਾ ਬਣੇਗੀ। ਇਹ ਉਮੀਦਾਂ ਉਦੋਂ ਟੁੱਟ ਗਈਆਂ ਜਦੋਂ ਆਈਐੱਸਆਈ ਦੀ ਸ਼ਹਿ ਪ੍ਰਾਪਤ ਜੈਸ਼-ਏ-ਮੁਹੰਮਦ ਦੇ ਦਹਿਸ਼ਤਗਰਦਾਂ ਨੇ 14 ਫਰਵਰੀ, 2019 ਨੂੰ ਪੁਲਵਾਮਾ ਵਿਚ ਸੀਆਰਪੀਐੱਫ ਦੇ ਕਾਫ਼ਲੇ ਉਤੇ ਹਮਲਾ ਕੀਤਾ ਜਿਸ ਵਿਚ 40 ਭਾਰਤੀ ਸਲਾਮਤੀ ਜਵਾਨਾਂ ਦੀ ਜਾਨ ਜਾਂਦੀ ਰਹੀ। ਇਸ ਫ਼ਿਦਾਈਨ ਹਮਲੇ ਵਿਚ ਇਸ ਲਈ ਜ਼ਿੰਮੇਵਾਰ ਦਹਿਸ਼ਤਗਰਦ ਵੀ ਮਾਰਿਆ ਗਿਆ ਅਤੇ ਇਸ ਤੋਂ ਬਾਅਦ ਭਾਰਤ ਤੇ ਪਾਕਿਸਤਾਨ ਦਰਮਿਆਨ ਭਾਰੀ ਤਣਾਅ ਪੈਦਾ ਹੋ ਗਿਆ। ਭਾਰਤ ਨੇ 26 ਫਰਵਰੀ, 2019 ਨੂੰ ਅਸਲ ਕੰਟਰੋਲ ਲਕੀਰ ਤੋਂ ਪਾਰ ਮਕਬੂਜ਼ਾ ਕਸ਼ਮੀਰ ਵਿਚ ਬਾਲਾਕੋਟ ਵਿਚ ਜੈਸ਼-ਏ-ਮੁਹੰਮਦ ਦੇ ਸਿਖਲਾਈ ਕੈਂਪਾਂ ਉਤੇ ਹਵਾਈ ਹਮਲਾ ਕਰ ਕੇ ਆਪਣੇ ਸੁਰੱਖਿਆ ਜਵਾਨਾਂ ਉਤੇ ਹੋਏ ਅਜਿਹੇ ਮਾਰੂ ਹਮਲਿਆਂ ਖ਼ਿਲਾਫ਼ ਜਵਾਬੀ ਕਾਰਵਾਈ ਨੂੰ ਅੰਜਾਮ ਦਿੱਤਾ।

ਇਸ ਸਾਰੇ ਹਾਲਾਤ ਦੌਰਾਨ ਭਾਰਤ ਦੀ ਪਾਕਿਸਤਾਨ ਨਾਲ ਨੇੜ ਭਵਿੱਖ ਵਿਚ ਕੋਈ ਸਾਰਥਕ ਗੱਲਬਾਤ ਹੋਣ ਦੇ ਬਹੁਤੇ ਆਸਾਰ ਨਹੀਂ।

ਇਹ ਦੇਖਣਾ ਬਾਕੀ ਹੈ ਕਿ ਕੀ ਪਾਕਿਸਤਾਨ ਅਤੀਤ ਵਿਚ ਹੋਈ 'ਪਰਦੇ ਪਿਛਲੀ' ਗੱਲਬਾਤ ਦੌਰਾਨ ਬਣੀ ਸਹਿਮਤੀ ਦਾ ਪਾਲਣ ਕਰਦਾ ਹੈ ਜਾਂ ਨਹੀਂ। ਇਸ ਤੋਂ ਇਲਾਵਾ ਇਸ ਸਮੇਂ ਪਾਕਿਸਤਾਨ ਦਾ ਸਾਰਾ ਧਿਆਨ ਦੀਵਾਲੀਏਪਣ ਤੋਂ ਬਚਣ ਉਤੇ ਲੱਗਾ ਹੋਇਆ ਹੈ ਅਤੇ ਉਹ ਪੂਰੀ ਤਰ੍ਹਾਂ ਆਈਐੱਮਐੱਫ ਨਾਲ ਹੋਈ ਹਾਲੀਆ ਗੱਲਬਾਤ ਨੂੰ ਤਵੱਜੋ ਦੇ ਰਿਹਾ ਹੈ। ਪਾਕਿਸਤਾਨ ਨੂੰ ਇਸ ਕੰਗਾਲੀ ਤੋਂ ਬਚਾਉਣ ਲਈ ਸੰਸਾਰ ਬੈਂਕ ਤੇ ਏਸ਼ੀਆਈ ਵਿਕਾਸ ਬੈਂਕ ਵਰਗੇ ਕੌਮਾਂਤਰੀ ਵਿੱਤੀ ਅਦਾਰਿਆਂ ਅਤੇ ਤੇਲ ਦੇ ਭੰਡਾਰਾਂ ਵਾਲੇ ਅਮੀਰ ਅਰਬ ਮੁਲਕਾਂ ਵੱਲੋਂ ਮੁੜ ਅੱਗੇ ਆਉਣ ਤੋਂ ਪਹਿਲਾਂ ਇਸਲਾਮਾਬਾਦ ਨੂੰ ਕੁਝ ਬਹੁਤ ਹੀ ਸਖ਼ਤ ਸ਼ਰਤਾਂ ਮਨਜ਼ੂਰ ਕਰਨ ਲਈ ਮਜਬੂਰ ਹੋਣਾ ਪਿਆ ਹੈ।

# ਪੰਜਾਬ ਦੇ ਬੁਨਿਆਦੀ ਮਸਲਿਆਂ ਦਾ ਹੱਲ ਜ਼ਰੂਰੀ

(ਸਫਾ 9 ਦੀ ਬਾਕੀ)

ਜਨਤਾ ਪਾਰਟੀ ਆਪਣੀ ਸ਼ਾਖ ਗੁਆ ਚੁੱਕੀਆਂ ਹਨ। ਇਹ ਵੀ ਹਕੀਕਤ ਹੈ ਕਿ ਉਪਰੋਕਤ ਵਰਤਾਰੇ ਦੇ ਬਾਵਜੂਦ ਪੰਜਾਬ ਫਿਰਕੂ ਦੰਗਿਆਂ ਤੋਂ ਬਚਿਆ ਹੋਇਆ ਹੈ। ਇਸ ਦਾ ਸਿਹਰਾ ਪੰਜਾਬੀਆਂ ਸਿਰ ਬੱਝਦਾ ਹੈ।

ਪੰਜਾਬ ਦੇ ਮੌਜੂਦਾ ਹਾਲਾਤ ਜਿਸ ਵਿਚ ਅੰਮ੍ਰਿਤਪਾਲ ਸਿੰਘ ਦਾ 'ਵਾਰਿਸ ਪੰਜਾਬ ਦੇ' ਦੇ ਨੇਤਾ ਵਜੋਂ ਉਭਾਰ ਅਤੇ ਕੁਝ ਦਿਨ ਪਹਿਲਾਂ ਅਜਨਾਲਾ ਵਿਚ ਅਣਸੁਖਾਵੀਂ ਘਟਨਾ ਨੂੰ ਉਪਰੋਕਤ ਪ੍ਰਸੰਗ ਵਿਚ ਰੱਖ ਕੇ ਦੇਖਣ ਦੀ ਲੋੜ ਹੈ। ਕਦੀ ਕਦੀ ਤਾਂ ਜਾਪਦਾ ਹੈ ਕਿ ਸਿਆਸੀ ਨੇਤਾ ਅਤੇ ਹੋਰ ਮੌਕਾਪ੍ਰਸਤ ਅਨਸਰ ਧਰਮ ਨੂੰ ਸਿਆਸੀ ਹਥਿਆਰ ਤੋਂ ਬਿਨਾ ਹੋਰ ਕੁਝ ਵੀ ਨਹੀਂ ਸਮਝਦੇ। ਬੰਦੀ ਸਿੰਘਾਂ ਨੂੰ ਸਜ਼ਾਵਾਂ ਭੁਗਤਣ ਦੇ ਬਾਵਜੂਦ ਰਿਹਾਅ ਨਾ ਕੀਤਾ ਜਾਣਾ ਵੀ ਅਜਿਹੀਆਂ ਤਾਕਤਾਂ ਦੇ ਹੱਥ ਵਿਚ ਇੱਕ ਹੋਰ ਮਸਲਾ ਦੇਣਾ ਹੈ। ਨੌਜੁਆਨਾਂ ਦੇ ਮਨਾਂ ਵਿਚ ਵੀ ਉਨ੍ਹਾਂ ਨੂੰ ਇਨਸਾਫ਼ ਨਾ ਦਿੱਤੇ ਜਾਣ ਦੀ ਧਾਰਨਾ ਉਨ੍ਹਾਂ ਨੂੰ ਅਜਿਹੇ ਵਰਤਾਰੇ ਵੱਲ ਖਿੱਚਦੀ ਹੈ। ਅਜਿਹੇ ਵਰਤਾਰੇ ਦੌਰਾਨ ਕੁਦਰਤੀ ਗੱਲ ਹੈ ਕਿ ਮਾਨਸਿਕ ਪੀੜ ਝੱਲ ਰਹੇ ਲੋਕ ਕਾਨੂੰਨ ਆਪਣੇ ਹੱਥ ਵਿਚ ਲੈਣਗੇ ਅਤੇ ਮੌਕਾਪ੍ਰਸਤ ਤੇ ਆਪੂੰ ਬਣੇ ਨੇਤਾਵਾਂ ਦੇ ਹੱਥਾਂ ਵਿਚ ਖੇਡਣਗੇ। ਡੇਰਾਵਾਦ ਅਤੇ ਬਾਬਾਵਾਦ ਵੀ ਪੰਜਾਬ ਵਿਚ ਸਮਾਜਿਕ ਅਤੇ ਧਾਰਮਿਕ ਵੰਡੀਆਂ ਪਾਉਣ ਅਤੇ ਆਪਣੀ ਪ੍ਰਭੂਸੱਤਾ ਕਾਇਮ ਰੱਖਣ ਵਿਚ ਕਿਸੇ ਨਾਲੋਂ ਘੱਟ ਨਹੀਂ। ਤਰਕ ਦੀ ਥਾਂ ਅੰਧ-ਵਿਸ਼ਵਾਸ ਲੈ ਰਿਹਾ ਹੈ।

ਪੰਜਾਬ ਦਾ ਇੱਕ ਹੋਰ ਦੁਖਾਂਤ ਇਹ ਹੈ ਕਿ ਇਥੋਂ ਦੀਆਂ ਸਿਆਸੀ ਪਾਰਟੀਆਂ ਨੇ ਪੰਜਾਬ ਪ੍ਰਤੀ ਸੁਹਿਰਦਤਾ ਨਾਲ ਜ਼ਿੰਮੇਵਾਰੀ ਨਿਭਾਉਣ ਦੀ ਬਜਾਇ ਬੁਨਿਆਦੀ ਮਸਲਿਆਂ ਵੱਲ ਧਿਆਨ ਦੇਣ ਦੀ ਥਾਂ ਆਪਣੇ ਸੌੜੇ ਸਿਆਸੀ ਤੇ ਆਰਥਿਕ ਮੁਫ਼ਾਦਾਂ ਵੱਲ ਹੀ ਜ਼ਿਆਦਾ ਧਿਆਨ ਦਿੱਤਾ ਹੈ। ਜੱਗ ਜ਼ਾਹਿਰ ਹੈ ਕਿ ਸਿਆਸੀ ਪਾਰਟੀਆਂ ਰਾਜ ਸੱਤਾ ਹਥਿਆਉਣ ਅਤੇ ਸੱਤਾ ਕਾਇਮ ਰੱਖਣ ਲਈ ਕਿਸੇ ਵੀ ਹੱਦ ਤੱਕ ਅਨੈਤਿਕ ਕਾਰਵਾਈ ਕਰ ਸਕਦੀਆਂ ਹਨ। ਇਹ ਲੋਕ ਸਮਾਜਿਕ-ਸੱਭਿਆਚਾਰਕ ਗਿਰਾਵਟ ਅਤੇ ਗਿਰਦੀ ਜਾ ਰਹੀ ਆਰਥਿਕਤਾ ਵੱਲ ਧਿਆਨ ਦੇਣ ਦੀ ਬਜਾਇ ਸੱਤਾ ਪ੍ਰਾਪਤੀ ਅਤੇ ਸੱਤਾ ਮਾਣਨ ਵਿਚ ਮਸਤ ਰਹਿੰਦੇ ਹਨ। ਪੰਜਾਬ ਦੇ ਦਾਨਿਸ਼ਵਰ ਵੀ ਬਣਦੀ ਜ਼ਿੰਮੇਵਾਰੀ ਨਿਭਾਉਣ ਤੋਂ ਕੰਨੀ ਕਤਰਾਉਂਦੇ ਜਾਪਦੇ ਹਨ। ਹਰ ਕੋਈ ਚੁੱਪ ਰਹਿਣ ਵਿਚ ਹੀ ਭਲਾ ਸਮਝਦਾ ਹੈ।

ਆਰਥਿਕਤਾ ਦੀ ਹਾਲਤ ਇਹ ਹੈ ਕਿ ਪਿਛਲੇ ਚਾਰ ਦਹਾਕਿਆਂ ਤੋਂ ਪੰਜਾਬ ਦੀ ਵਿਕਾਸ ਦਰ ਨਾ ਕੇਵਲ ਕੌਮੀ ਔਸਤ ਤੋਂ ਥੱਲੇ ਰਹੀ ਸਗੋਂ ਹੁਣ 17 ਮੁੱਖ ਰਾਜਾਂ ਵਿਚੋਂ ਵੀ ਸਭ ਤੋਂ ਥੱਲੇ ਹੈ। ਪ੍ਰਤੀ ਵਿਅਕਤੀ ਆਮਦਨ ਪੱਖੋਂ 28 ਰਾਜਾਂ ਵਿਚੋਂ ਪੰਜਾਬ ਦਾ 19ਵਾਂ ਨੰਬਰ ਹੈ। ਸਰਕਾਰੀ ਖਜ਼ਾਨੇ ਵਿਚ ਆਉਣ ਵਾਲੇ ਪੈਸੇ ਦਾ ਮਹੱਤਵਪੂਰਨ ਹਿੱਸਾ ਹਰ ਸਾਲ ਸਿਆਸੀ ਨੇਤਾਵਾਂ, ਅਫਸਰਸ਼ਾਹੀ, ਟੈਕਸ ਦੇਣ ਵਾਲੇ ਵਪਾਰੀਆਂ ਅਤੇ ਉਦਯੋਗਪਤੀਆਂ ਦੀਆਂ ਜੇਬਾਂ ਵਿਚ ਜਾ ਰਿਹਾ ਹੈ ਪਰ ਕਰਜ਼ੇ ਦਾ ਭਾਰ ਵਧ ਰਿਹਾ ਹੈ। ਸਰਕਾਰ ਹੋਰ ਕਰਜ਼ਾ ਲੈ ਕੇ ਰੋਜ਼ਮੱਰਾ ਦਾ ਕੰਮ ਚਲਾ ਰਹੀ ਹੈ। ਪੰਜਾਬ ਵਿਚ ਬੇਰੁਜ਼ਗਾਰੀ ਦੀ ਦਰ ਭਾਰਤ ਦੇ ਬਹੁਗਿਣਤੀ ਸੂਬਿਆਂ ਤੋਂ ਜ਼ਿਆਦਾ ਹੈ। ਨੌਜੁਆਨਾਂ ਵਿਚ ਬੇਰੁਜ਼ਗਾਰੀ ਦੀ ਦਰ ਚਰਮ ਸੀਮਾ 'ਤੇ ਹੈ। ਕੁਝ ਅੰਦਾਜ਼ਿਆਂ ਮੁਤਾਬਿਕ ਪੰਜਾਬ ਵਿਚ 20 ਤੋਂ 25 ਲੱਖ ਤੱਕ ਲੋਕ ਖਾਸਕਰ ਨੌਜੁਆਨ ਬੇਰੁਜ਼ਗਾਰ ਜਾਂ ਅਰਧ ਬੇਰੁਜ਼ਗਾਰ ਹਨ। ਬਹੁਤ ਸਾਰੇ ਬਾਰੁਜ਼ਗਾਰ ਹੁੰਦੇ ਹੋਏ ਵੀ ਗਰੀਬੀ ਅੰਦਰ ਰਹਿ ਰਹੇ ਹਨ ਅਤੇ ਬੁਨਿਆਦੀ ਸਹੂਲਤਾਂ ਤੋਂ ਵਾਂਝੇ ਹਨ।

ਸੂਬੇ ਵਿਚ ਨਿਵੇਸ਼ ਦੀ ਬਹੁਤ ਜ਼ਿਆਦਾ ਘਾਟ ਹੈ। ਸਰਕਾਰ ਪਾਸ ਨਿਵੇਸ ਲਈ ਵਿਤੀ ਸਾਧਨ ਨਹੀਂ ਅਤੇ ਹਾਲਾਤ ਸਾਜ਼ਗਾਰ ਨਾ ਹੋਣ ਕਰ ਕੇ ਨਵਾਂ ਨਿੱਜੀ ਨਿਵੇਸ਼ ਵੀ ਬਹੁਤ ਥੋੜ੍ਹਾ ਹੈ। ਫਲਸਰੂਪ, ਲੋੜੀਂਦਾ ਸਨਅਤੀ ਵਿਕਾਸ ਨਹੀਂ ਹੋ ਰਿਹਾ, ਰੁਜ਼ਗਾਰ ਦੇ ਨਵੇਂ ਮੌਕੇ ਪੈਦਾ ਨਹੀਂ ਹੋ ਰਹੇ। ਵੱਡੀ ਗਿਣਤੀ ਨੌਜੁਆਨ ਮਜਬੂਰਨ ਵਿਦੇਸ਼ ਜਾ ਰਹੇ ਹਨ। ਰੁਜ਼ਗਾਰ ਦੇ ਮੌਕਿਆਂ ਦੀ ਘਾਟ ਅਤੇ ਨਸ਼ਿਆਂ ਦੀ ਬਹੁਤਾਤ ਕਾਰਨ ਨੌਜੁਆਨ ਘੋਰ ਨਿਰਾਸ਼ਾ ਦੇ ਦੌਰ ਵਿਚੋਂ ਗੁਜ਼ਰ ਰਹੇ ਹਨ। ਬੇਇਨਸਾਫੀ ਦੇ ਅਨੁਭਵ ਅਤੇ ਗੰਭੀਰ ਬੇਰੁਜ਼ਗਾਰੀ ਵਰਗੇ ਹਾਲਾਤ ਵਿਚ ਕੁਝ ਨੌਜੁਆਨਾਂ ਵਲੋਂ ਖਾਲਿਸਤਾਨ ਵਰਗੀਆਂ ਲਹਿਰਾਂ ਨੂੰ ਸਮਰਥਨ ਦੇਣਾ ਕੁਦਰਤੀ ਵਰਤਾਰਾ ਹੈ।

Zee foods llc

ਜ਼ੀ ਫੂਡ ਐਲ. ਐਲ. ਸੀ. ਵੱਲੋਂ
ਹਰ ਕਿਸਮ ਦੇ ਸਵਾਦ ਅਤੇ ਫਲੇਵਰ ਵਿਚ
ਕੁਲਫੀਆਂ ਅਤੇ ਆਈਸਕ੍ਰੀਮ



ਹਰ ਤਰ੍ਹਾਂ ਦੇ ਛੋਟੇ-ਵੱਡੇ ਪੈਕਟਾਂ ਵਿਚ ਮਿਲ ਸਕਦੀਆਂ ਹਨ
ਸੰਪਰਕ ਕਰੋ- ਅਕਰਮ ਖਾਨ (ਜਲੰਧਰ ਵਾਲੇ)
1 (510) 453-1757

# ਸਿੱਖ ਪੰਚਾਇਤ ਦੀ ਸਲੇਟ
# SIKH PANCHAYAT SLATE

## ਗੁਰਦੁਆਰਾ ਸਾਹਿਬ ਫਰੀਮੌਂਟ ਵਿਚ ਆਪਸੀ ਸਦਭਾਵਨਾ ਵਾਲਾ ਧਾਰਮਿਕ ਮਾਹੌਲ ਬਣਾਉਣ ਲਈ ਅਤੇ ਸੁਚੱਜਾ ਪ੍ਰਬੰਧ ਚਲਾਉਣ ਲਈ ਅਗਾਂਹ ਵਧੂ ਸੋਚ ਵਾਲੇ ਪੜ੍ਹੇ ਲਿਖੇ

# ਨਿਸ਼ਕਾਮ ਸੇਵਕਾਂ ਨੂੰ ਸੇਵਾ ਦਾ ਮੌਕਾ ਦਿਓ ਜੀ


ਭਾਈ ਸਾਹਿਬ ਹਰਪ੍ਰੀਤ ਸਿੰਘ ਬੈਂਸ
Harpreet Singh Bains


ਭਾਈ ਸਾਹਿਬ ਜਸਪ੍ਰੀਤ ਸਿੰਘ ਅਟਵਾਲ (ਡਾ.)
Dr. Jaspreet Singh Atwal


ਬੀਬੀ ਸੁਰਿੰਦਰਜੀਤ ਕੌਰ
Surinderjit Kaur


ਭਾਈ ਸਾਹਿਬ ਰਾਜਿੰਦਰ ਸਿੰਘ ਰਾਜਾ
Rajinder Singh Raja


ਭਾਈ ਸਾਹਿਬ ਜਸਵੰਤ ਸਿੰਘ
Jaswant Singh

### ਭਾਈ ਸਾਹਿਬ ਹਰਪ੍ਰੀਤ ਸਿੰਘ ਬੈਂਸ

ਦਾਸ ਕੈਲੀਫੋਰਨੀਆ ਵਿਚ ਹੀ ਵੱਡਾ ਹੋਇਆ ਅਤੇ CalPoly ਤੋਂ BSEE ਕੀਤੀ ਸੀ। 1992 ਤੋਂ ਮੈਂ ਬੇ ਏਰੀਆ ਵਿਚ ਰਹਿ ਰਿਹਾ ਹਾਂ ਅਤੇ ਫਰੀਮਾਂਟ ਗੁਰੂ ਘਰ ਵਿਚ ਆਉਂਦਾ ਹਾਂ। ਮੈਂ ਸਿਲੀਕਾਨ ਵੈਲੀ ਵਿਚ ਪਿਛਲੇ 28 ਸਾਲਾਂ ਤੋਂ ਡੀਜਾਈਨ ਇੰਜੀਨੀਅਰ ਦੇ ਤੌਰ ਤੇ ਕੰਮ ਕਰਦਾ ਹਾਂ ਜਿਨਾਂ ਵਿਚੋਂ ਦਸ ਕੁ ਸਾਲ Cisco Systems ਵਿਚ ਕੰਮ ਕੀਤਾ ਸੀ। ੨੦੧੫ ਤੋਂ ਮੈਂ Pure Storage ਵਿਚ ਆਰ ਡੀ ਦੇ ਮੈਨੇਜਰ ਦੇ ਤੌਰ ਉਤੇ ਕੰਮ ਕਰਦਾ ਆ ਰਿਹਾ ਹਾਂ। ਮੈਨੂੰ 2006 ਵਿਚ ਫਰੀਮਾਂਟ ਗੁਰੂ ਘਰ ਦੀ ਪ੍ਰਬੰਧਕ ਕਮੇਟੀ ਵਿਚ ਸੇਵਾ ਕਰਨ ਦਾ ਮੌਕਾ ਮਿਲਿਆ ਸੀ ਜਿਸ ਸਮੇਂ ਮੈਂ ਸਿੱਖ ਧਰਮ ਬਾਰੇ ਦੂਸਰਿਆ ਭਾਈਚਾਰਿਆਂ ਵਿਚ ਜਾਗਰੂਕਤਾ ਪੈਦਾ ਕਰਨ ਦੇ ਪ੍ਰੋਜੈਕਟ ਵਿਚ ਭਾਗ ਲਿਆ ਸੀ। ਮੈਂ ਸਿੱਖੀ ਸਿਧਾਂਤਾਂ ਨੂੰ ਪਿਆਰ ਕਰਦਾ ਹਾਂ ਅਤੇ ਸੰਗਤਾਂ ਅਤੇ ਨੌਜਵਾਨਾਂ ਲਈ ਭਾਵ ਪੂਰਤ ਪ੍ਰੋਗਰਾਮ ਚਾਲੂ ਕਰਨ ਦਾ ਹਾਮੀ ਹਾਂ। ਮੈਂ ਨੌਜਵਾਨਾਂ ਦੀਆਂ ਗਤੀ ਵਿਧੀਆ ਵਿਚ ਭਾਗ ਲੈਂਦਾ ਹਾਂ ਅਤੇ ਅਸੀਂ ਇਹ ਯਕੀਨੀ ਬਣਾਵਾਂਗੇ ਕਿ ਗੁਰੂ ਘਰ ਦੇ ਹਰ ਵਰਗ ਨੂੰ ਗੁਰਦੁਆਰਾ ਸਾਹਿਬ ਦੀਆਂ ਵਧੀਆ ਸੇਵਾਵਾਂ ਪ੍ਰਾਪਤ ਹੋਣ। ਸਾਡਾ ਉਦੇਸ਼ ਕੰਮ ਸਿੱਖ ਭਾਈਚਾਰੇ ਦਾ ਆਪਸੀ ਮੇਲ ਮਿਲਾਪ ਵਧਾ ਕੇ ਗੁਰਦੁਆਰਾ ਸਾਹਿਬ ਵਿਚ ਸੁਖਾਵਾਂ ਮਾਹੌਲ ਸਿਰਜਣ ਅਤੇ ਚੱਲ ਰਹੇ ਪ੍ਰੋਜੈਕਟਾਂ ਨੂੰ ਨੇਪਰੇ ਚਾੜਨ ਦਾ ਹੈ।

### ਭਾਈ ਸਾਹਿਬ ਜਸਪ੍ਰੀਤ ਸਿੰਘ ਅਟਵਾਲ (ਡਾਕਟਰ)

ਦਾਸ ਦਾ ਪਿਛੋਕੜ ਇਲੈਕਟਰਿਕ ਇੰਜਨੀਅਰਿੰਗ ਅਤੇ ਫਾਰਮੇਸੀ ਦਾ ਹੈ ਅਤੇ ਮੈਂ ਬਤੌਰ Pharmacist ਕੰਮ ਕਰਦਾ ਹਾਂ। ਮੈਂ 2009 ਤੋਂ ਗੁਰੂ ਘਰ ਫਰੀਮਾਂਟ ਦਾ ਮੈਂਬਰ ਹਾਂ। ਮੈਂ ਖਾਲਸਾ ਸਕੂਲ ਵਿਚ ਸੇਵਾ ਕੀਤੀ ਹੈ ਅਤੇ ਗੁਰਦੁਆਰਾ ਸਾਹਿਬ ਦੀ ਸਟੇਜ ਕਮੇਟੀ ਦਾ ਮੈਂਬਰ ਵੀ ਰਹਿ ਚੁਕਾ ਹਾਂ। ਮੈਂ ਬਰਕਲੇ ਯੂਨੀਵਰਸਿਟੀ ਦੇ ਵਿਦਿਆਰਥੀਆਂ ਨੂੰ ਨਾਲ ਲੈ ਕੇ ਮੁਫਤ ਫਲੂ ਸ਼ਾਟ (Flu Shot) ਦੀ ਸੇਵਾ ਕਰਦਾ ਹਾਂ। ਭਗਤ ਪੂਰਨ ਸਿੰਘ ਹੈਲਥ ਇਨੀਸ਼ਿਅਟਿਵ ਸੰਸਥਾ ਨਾਲ ਮਿਲ ਕੇ ਗੁਰਦਵਾਰਾ ਸਾਹਿਬ ਵਿੱਚ ਹੈਲਥ ਕੈਂਪ ਵੀ ਲਗਵਾਏ ਹਨ। ਭਾਈਚਾਰੇ ਦੇ ਹੋਰ ਪ੍ਰੋਜੈਕਟਾਂ ਵਿਚ ਵੀ ਭਾਗ ਲੈਂਦਾ ਹਾਂ ਜਿਵੇਂ ਕਿ ਸੈਨ ਫਰਾਂਸਿਸਕੋ ਦੇ Glide Memorial Church ਵਿਚ ਲੋੜਵੰਦਾ ਨੂੰ ਖਾਣਾ ਦੇਣਾ ਆਦਿ। ਮੈਂ ਗੁਰਦਵਾਰਾ ਸਾਹਿਬ ਵਿਚ ਸ਼ਾਤੀ ਭਰਪੂਰ ਅਤੇ ਪ੍ਰਸਪਰ ਪਿਆਰ ਅਤੇ ਮਿਲਵਰਤਨ ਦਾ ਮਾਹੌਲ ਪੈਦਾ ਕਰਨ ਲਈ ਵਚਨਬੱਧ ਹਾਂ।

### ਬੀਬੀ ਸੁਰਿੰਦਰਜੀਤ ਕੌਰ

ਮੈ ਸੁਰਿੰਦਰਜੀਤ ਕੌਰ ਪਿਛਲੇ 30 ਸਾਲਾਂ ਤੋਂ ਬੇਅ ਏਰੀਏ ਦੀ ਵਸਨੀਕ ਹਾਂ। ਸੈਨਹੋਜ਼ੇ ਸਟੇਟ ਯੂਨੀਵਰਸਿਟੀ ਤੋਂ ਮਾਸਟਰ ਡਿਗਰੀ ਪ੍ਰਾਪਤ ਕਰਨ ਉਪਰੰਤ ਪਿਛਲੇ 24 ਸਾਲਾਂ ਤੋਂ ਪਬਲਿਕ ਸਕੂਲ ਵਿੱਚ ਅਧਿਆਪਕਾ ਦੇ ਤੌਰ ਤੇ ਸੇਵਾ ਨਿਭਾ ਰਹੀ ਹਾਂ। ਖ਼ਾਲਸਾ ਪੰਥ ਦੀ ਚੜ੍ਹਦੀ ਕਲਾ ਅਤੇ ਪ੍ਰਭੂਸੱਤਾ ਲਈ ਕੰਮ ਕਰਨ ਦੀ ਲਗਨ ਹੈ। ਸੁਪਰੀਮ ਕੌਂਸਲ ਵਿੱਚ ਚੁਣੇ ਜਾਣ ਮਗਰੋਂ, ਬੱਚਿਆਂ ਨੂੰ ਸਿੱਖੀ ਨਾਲ ਜੋੜਨਾ ਉਹਨਾਂ ਵਿੱਚ ਸੇਵਾ ਭਾਵਨਾ ਪੈਦਾ ਕਰਨੀ ਅਤੇ ਔਰਤਾਂ ਵਿੱਚ ਪੰਥਕ ਜਜ਼ਬਾ ਪੈਦਾ ਕਰਕੇ ਕਮਿਊਨਿਟੀ ਅਤੇ ਕੌਮੀ ਕਾਰਜਾਂ ਲਈ ਪ੍ਰੇਰਿਤ ਕਰਨਾ ਮੇਰਾ ਮੁੱਖ ਉਦੇਸ਼ ਹੋਵੇਗਾ।

### ਭਾਈ ਸਾਹਿਬ ਰਾਜਿੰਦਰ ਸਿੰਘ ਰਾਜਾ

ਦਾਸ ਬੇ ਏਰੀਆ ਵਿਚ 2002 ਤੋਂ ਰਹਿ ਰਿਹਾ ਹੈ ਅਤੇ ਟਰਾਂਸਪੋਰਟੇਸ਼ਨ ਦਾ ਕਾਰੋਬਾਰ ਕਰਦਾ ਹੈ। ਮੈਂ ਲੰਗਰ ਅਤੇ ਕਾਰ ਪਾਰਕਿੰਗ ਵਿਚ ਸੇਵਾ ਕਰਦਾ ਰਿਹਾ ਹਾਂ ਅਤੇ ਸਿੱਖ ਨੌਜਵਾਨ ਨੂੰ ਦਸਤਾਰ ਸਜਾਉਣ ਦੀ ਸਿਖਲਾਈ ਦੇਣ ਦੇ ਉਦਮ ਵਿਚ ਵੀ ਹਿੱਸਾ ਲੈਂਦਾ ਹਾਂ। ਪਿਛਲੇ ਸਾਲਾਂ ਵਿਚ ਦਾਸ ਨੇ ਸੈਨ ਫਰਾਂਸਿਸਕੋ ਵਿਚ ਨਗਰ ਕੀਰਤਨ ਵਿਚ ਵੀ ਸੇਵਾਦਾਰ ਦੀ ਡਿਊਟੀ ਨਿਭਾਈ ਸੀ। ਦਾਸ ਜਵਾਨ ਬੱਚਿਆਂ ਲਈ ਨਵੇਂ ਪ੍ਰੋਗਰਾਮ ਲਿਆਉਣ ਵਿਚ ਦਿਲਚਸਪੀ ਰੱਖਦਾ ਹੈ ਅਤੇ ਭਾਈਚਾਰੇ ਦੇ ਸਾਰੇ ਵਰਗਾਂ ਨਾਲ ਰਲ ਕੇ ਸੇਵਾ ਕਰਨ ਵਿਚ ਯਕੀਨ ਰੱਕਦਾ ਹੈ। ਦਾਸ ਦੂਸਰੇ ਨੌਜਵਾਨਾਂ ਨੂੰ ਗੁਰੂ ਘਰ ਵਿਚ ਸੇਵਾ ਕਰਨ ਲਈ ਉਤਸ਼ਾਹਿਤ ਕਰਦਾ ਰਹੇਗਾ।

### ਭਾਈ ਸਾਹਿਬ ਜਸਵੰਤ ਸਿੰਘ

ਦਾਸ ਜਸਵੰਤ ਸਿੰਘ ਪਿਛਲੇ 25 ਸਾਲਾਂ ਤੋਂ ਬੇਅ ਏਰੀਏ ਵਿੱਚ ਆਪਣੇ ਪਰਿਵਾਰ ਸਮੇਤ ਰਹਿ ਰਿਹਾ ਹਾਂ ਇਕਨਾਓਮਿਕਸ ਦੀ ਬੈਚੁਲਰ ਡਿਗਰੀ ਕੀਤੀ ਹੋਈ ਹੈ ਆਪਣਾ ਕਾਰੋਬਾਰ ਕਰਦਾ ਹੋਇਆ ਅਕਾਲ ਪੁਰਖ ਦੀ ਰਹਿਮਤ ਸਦਕਾ ਪੰਥਕ ਕਾਰਜਾਂ ਅਤੇ ਗੁਰਦੁਆਰਾ ਸਾਹਿਬ ਦੀਆਂ ਸੇਵਾਵਾਂ ਵਿੱਚ ਯੋਗਦਾਨ ਪਾਉਂਦਾ ਰਿਹਾ ਹਾਂ ਪਿਛਲੇ ਅਰਸੇ ਤੋ ਗੁਰਦੁਆਰਾ ਸਾਹਿਬ ਦੀ ਫਾਈਨੈਂਸ ਕਮੇਟੀ ਵਿੱਚ ਸੇਵਾ ਕਰਦਿਆ ਹੋਇਆ ਬੱਚਿਆਂ ਦੇ ਪ੍ਰੋਗਰਾਮਾਂ ਵਿੱਚ ਸ਼ਾਮਲ ਹੁੰਦਾ ਹੋਇਆ ਉਹਨਾਂ ਨੂੰ ਸਿੱਖੀ ਵੱਲ ਪ੍ਰੇਰਿਤ ਕਰਨ ਤੇ ਉਨ੍ਹਾਂ ਵਿੱਚ ਪੰਥਕ ਜਜ਼ਬਾ ਪੈਦਾ ਕਰਨ ਲਈ ਹਮੇਸ਼ਾ ਯਤਨਸ਼ੀਲ ਰਿਹਾ ਹਾਂ ਸੁਪਰੀਮ ਕੌਂਸਲ ਲਈ ਚੁਣੇ ਜਾਣ ਮਗਰੋ ਦਿੱਲੀ ਇੱਛਾ ਹੈ ਕਿ ਕੌਮ ਦੇ ਸੁਨਿਹਿਰੀ ਭਵਿੱਖ ਲਈ ਆਪਣੇ ਇਸੇ ਮਿਸ਼ਨ ਤੇ ਹੋਰ ਦ੍ਰਿੜਤਾ ਨਾਲ ਕੰਮ ਕਰਦਾ ਰਹਾਂ।



**ਯਾਦ ਰੱਖਣਾ 12 ਮਾਰਚ 2023 ਨੂੰ ਆਪਣੀ ਵੋਟ ਸਿੱਖ ਪੰਚਾਇਤ ਦੇ ਉਮੀਦਵਾਰਾਂ ਨੂੰ ਹੀ ਪਾਉਣੀ ਜੀ।**

**WE NEED YOUR VOTE & SUPPORT IN GURDWARA SAHIB FREMONT SUPREME COUNCIL ELECTIONS ON MARCH 12, 2023**

# Moon Indian Cuisine

## 510-780-9233

ਰੈਸਟੋਰੈਂਟ ਤੋਂ ਖਾਣਾ ਪੈਕ ਕਰਵਾ ਕੇ ਵੀ ਲੈ ਜਾ ਸਕਦੇ ਹੋ,
ਕੇਟਰਿੰਗ ਵੇਲੇ ਤੰਦੂਰ ਦਾ ਇੰਤਜ਼ਾਮ ਹੈ, ਕੇਟਰਿੰਗ ਵਾਸਤੇ ਕਾਲ ਕਰੋ ਜੀ

* 100 ਬੰਦਿਆਂ ਤੋਂ ਲੈ ਕੇ ਵੱਡੀ ਤੋਂ ਵੱਡੀ ਪਾਰਟੀ ਤੱਕ
* ਗੁਰੂ ਘਰਾਂ ਵਿਚ ਕੇਟਰਿੰਗ ਲਈ 10 ਪ੍ਰਤੀਸ਼ਤ ਤੱਕ ਛੋਟ
* ਬਹੁਤ ਹੀ ਤਜ਼ਰਬੇਕਾਰ ਕੁੱਕ

**Fish Pakora**

ਮੱਛੀ ਪਕੌੜੇ ਬਣਾਉਣ ਦੇ ਮਾਹਿਰ
ਲੱਡੂ, ਜਲੇਬੀ, ਬਰਫੀ, ਗੁਲਾਬ ਜਾਮੁਨ ਤੇ ਵਿਆਹ
ਸ਼ਾਦੀ ਮੌਕੇ ਸਭ ਤਰ੍ਹਾਂ ਦੀ ਮਠਿਆਈ ਤਿਆਰ ਕਰਦੇ
ਹਨ। ਘੱਟ ਕੀਮਤ 'ਤੇ ਲੈ ਸਕਦੇ ਹੋ।


Paul 510-978-7170

Over 30 Years Experience in Restaurant & Catering Business

## ਮੂਨ ਇੰਡੀਅਨ ਕੁਜ਼ੀਨ (ਹੇਵਰਡ)

600 West Harder Rd. Hayward, CA 94544
Phone (510)780-9233 Fax (510) 780-9812
www.moonindiancuisine.net



New Introducing Chaat Corner

# Raja

King of Sweets Now Presents

Come and Enjoy Mouth Watering Chaat All Day





ਹੁਣ ਸ਼ੂਗਰ ਦੇ ਮਰੀਜ਼ਾਂ ਵਾਸਤੇ ਵੀ ਹਰ ਤਰ੍ਹਾਂ ਦੀ ਮਿਠਾਈ ਲੈ ਸਕਦੇ ਹੋ

- BHEL PAPDI CHAAT
- FALUDA KULFI
- GOL GAPPE (PANI PURI)
- KHASTA KACHORI

## RAJA SWEETS & INDIAN CUISINE

31583 Alvarado Blvd. Union City, CA 94587


**Phone : (510) 489-9100**



# FAIRWAY BODY SHOP

ਹਰ ਤਰ੍ਹਾਂ ਦੀਆਂ ਗੱਡੀਆਂ ਕਾਰਾਂ ਦੀ ਡੈਂਟਿੰਗ ਤੇ ਪੇਂਟਿੰਗ ਲਈ ਬਹੁਤ ਹੀ ਤਸੱਲੀਬਖ਼ਸ਼ ਤੇ ਤਜਰਬੇਕਾਰ
ਐਸਟੀਮੇਟ ਜਾਂ ਕੰਮ ਕਰਾਉਣ ਲਈ ਫੋਨ ਕਰੋ, ਹਫਤੇ ਦੇ 6 ਦਿਨ ਖੁੱਲ੍ਹਾ ਰਹਿੰਦਾ ਹੈ

ਸੋਮਵਾਰ ਤੋਂ ਸ਼ਨਿਚਰਵਾਰ ਤੱਕ-ਸਵੇਰੇ 8 ਵਜੇ ਤੋਂ 6 ਵਜੇ ਤੱਕ


Gurdial Aujla


Darshan Aujla
510-750-6116

1421 Industrial Parkway West #C
Hayward, CA 94644

510-538-2983




# Kash Fabrics

37 ਸਾਲ ਤੋਂ ਤੁਹਾਡੀ ਸੇਵਾ ਵਿਚ

**ਸਾਡੀ ਵਿਸ਼ੇਸਤਾ**

1.Wedding Lehngas
2.Mens wear-shervani
3.Kurte Pajame
4. Sharara Suits.
5.Patiala. Suits.
6. pression stove jewelery
7. kids wear
8. Turbans (paggan). 80 colors

1. ਵਿਆਹ ਦੇ ਲਹਿੰਗੇ
2. ਪੁਰਸ਼ਾਂ ਦੇ ਪਹਿਨਣ ਵਾਲੀ ਸ਼ੇਰਵਾਨੀ
3. ਕੁੜਤੇ ਪਜਾਮੇ
4. ਸ਼ਰਾਰਾ ਸੂਟ
5. ਪਟਿਆਲਾ ਸੂਟ
6. ਗਹਿਣੇ
7. ਬੱਚਿਆਂ ਦੇ ਕੱਪੜੇ
80 ਰੰਗਾਂ ਵਿਚ ਪੱਗਾਂ




Kashmir Singh Dhugga
Gurjeet kaur Dhugga
kashfabrics@gmail.com

## KASH FABRICS

29576 Mission Blvd
Hayward,CA 94544
510-538-1138



Cosmetic & Family Dentistry

UPPAL DENTAL CARE

50 % Discount for Cash Patients

INVISALIGN

Call for Details
Straighten Teeth Without Wires

FREE TEETH WHITENING WITH PAID EXAM, X-RAY & CLEANING.
YOUR INSURANCE USUALLY COVER THESE SERVICES



Charanjit S Uppal D.D.S.

- Laser Treatment
- Lumineers/Veneers
- Dentures & Partials
- Root Canals
- Bad Breath
- Cosmetic Dentistry
- Crowns & Bridges
- Tooth Extraction
- Gum Treatment

Strictly Maintained Sterilization Standards
Most Insurance Plans Accepted

1191 W Tennyson Rd. # 4, Hayward. (CA) 94544
510-786-1780

1750 CLEAR LAKE AVE Milpitas, CA 95035
408-942-4400

www.uppaldental.com




Quick Lube & Smog

We rent U-HAUL

OIL CHANGE & SMOG CHECK STATION

SUKHWINDER BHELLA

gogibhella@gmail.com

691 W. Tennyson Rd
Hayward, CA 94544

PH 510-757-6775
FAX 510-292-0330

TASTE OF INDIA

specialist- Gurh Dee Barfee, Gurh Diyaan Jalebian

32 ਸਾਲ ਤੋਂ ਕੈਲੇਫੋਰਨੀਆ ਦਾ ਸਭ ਤੋਂ ਪਹਿਲਾ ਤੇ ਵਧੀਆ ਰੈਸਟੋਰੈਂਟ

ਗੁੜ ਦੀ ਬਰਫੀ, ਫਿੱਕਾ ਕਲਾਕੰਦ
ਗੁੜ ਦੀਆਂ ਜਲੇਬੀਆਂ, ਇਮਰਤੀ

ਬਿਲਕੁਲ ਨਵੀਂ ਦਿੱਖ ਦੇ ਨਾਲ ਸਜਾਇਆ ਰੈਸਟੋਰੈਂਟ




lunch buffet everyday
fresh jalebian every day

DEVINDER SINGH PABLA (OWNER)
510-791-1316

ਛੋਟੇ-ਵੱਡੇ ਹਰ ਕਿਸਮ ਦੇ ਪ੍ਰੋਗਰਾਮ ਲਈ ਕੇਟਰਿੰਗ ਦਾ ਸਪੈਸ਼ਲ ਪ੍ਰਬੰਧ

5144 MOWRY AVE (ON FARWELL DR)
FREMONT, CA 94538
510-773-8810



PREET FABRICS & APPLIANCE

ਅਸੀਂ ਹੋਲਸੇਲ ਅਤੇ ਰੀਟੇਲ ਵਿਚ ਨਵੇਂ ਡਿਜ਼ਾਇਨਾਂ ਦੇ ਸੂਟ, ਜਿਊਲਰੀ,ਫੈਸ਼ਨ ਦਾ ਹੋਰ ਸਮਾਨ, ਵਿਆਹ ਲਈ ਲਹਿੰਗੇ ਅਤੇ ਮੁੰਡਿਆਂ ਲਈ ਵਿਆਹ ਵਾਸਤੇ ਸ਼ੇਰਵਾਨੀ ਅਤੇ ਹੁਣੇ ਨਵੇਂ ਚੱਲੇ ਡਿਜ਼ਾਇਨਾਂ ਦੇ ਕੱਪੜੇ ਵੀ ਰੱਖਦੇ ਹਾਂ।
ਸਾਡੇ ਕੋਲ ਕਲਗੀ, ਸਿਹਰਾ, ਚੂੜਾ, ਹਾਰ, ਜਾਗੋ, ਰੁਮਾਲੇ ਤੇ ਹੋਰ ਵਿਆਹ ਦਾ ਸਮਾਨ ਵੀ ਮਿਲਦਾ ਹੈ।



YOUR ONE-STOP CENTER BOTH FABRICS & APPLIANCES

APPLIANCES & LUGGAGE CROSS, PARKER PENS, OSTER BLENDERS

Watches (Seiko, Citizen & Swistar)
Shavers & Trimmers
Cellular Phones

Onkar Singh Saini

5156 Mowry AVE. Fremont. CA 94538
Tel- 510-797-7111

# ਸਾਥੋਂ ਬਾਬਾ ਖੋਹ ਲਿਆ ਸਾਡਾ ਨਨਕਾਣਾ !




Balbir Singh M.A.
Tel : 510-938-7771

**ਪੰਜਵੀ ਕਿਸ਼ਤ**

ਇਸ ਘਰ 'ਚ ਸ. ਬੂਟਾ ਸਿੰਘ ਦਿਓਲ ਦੇ ਪੰਜੇ ਪੁੱਤਰ ਰਹਿੰਦੇ ਸਨ। ਬਾਅਦ 'ਚ 1947 ਵਿਚ ਇਹ ਪਰਿਵਾਰ 4 ਭਰਾਵਾਂ, ਦੋ ਭੈਣਾਂ ਸਮੇਤ ਪੰਜਾਬ ਦੇ ਪਿੰਡ ਹਰੀਪੁਰ (ਆਦਮਪੁਰ) ਨੇੜੇ ਆ ਕੇ ਬੈਠ ਗਏ। ਉਹਨਾਂ ਦੇ ਘਰਾਂ 'ਚੋਂ ਤਿੰਨ-ਚਾਰ ਟੱਬਰ ਉੱਠ ਕੇ ਨਵਾਂ ਪਿੰਡ ਬਣਾ ਲਿਆ ਖਿੱਚੀਪੁਰ ਤੇ ਨਾਲ ਹੀ ਵੱਸ ਗਿਆ ਪਿੰਡ ਨਾਰੰਗਪੁਰ।

ਕਿਉਂਕਿ ਇਹ ਲੋਕ ਧਨੂੰਆਣਾ (ਲਾਇਲਪੁਰ) ਤੋਂ ਉਠ ਕੇ ਆਏ ਸਨ, ਇਹਨਾਂ ਇੱਧਰ ਹਰੀਪੁਰ ਪਿੰਡ ਨੂੰ ਨਾਲ ਜੋੜ ਕੇ ਪੁਰਾਣੇ (ਪਿੰਡ ਧਨੂੰਆਣਾ ਨੂੰ ਨਾਲ ਜੋੜਕੇ) ਹਰੀਪੁਰ ਧਨੂੰਆਣੀ ਕਹਿਣਾ ਸ਼ੁਰੂ ਕਰ ਦਿੱਤਾ। ਤਕਰੀਬਨ ਤਿੰਨਾਂ ਪਿੰਡਾਂ ਦਾ ਜੱਟ ਬਿਰਾਦਰੀ ਦਾ ਗੋਤਰ (ਦਿਓਲ ਜੱਟ ਹੀ ਹੈ)।

ਸ. ਬੂਟਾ ਸਿੰਘ ਦੇ ਇਕ ਪੁੱਤਰ ਸ. ਵਰਿਆਮ ਸਿੰਘ ਦਿਓਲ ਜੋ 21 ਫਰਵਰੀ 1921 ਨੂੰ ਨਨਕਾਣਾ ਸਾਹਿਬ ਵਿਖੇ ਸ਼ਹੀਦੀ ਮੋਰਚਾ ਲੱਗਾ ਸੀ, ਉਸ ਵਿਚ 26 ਸਾਲਾ ਸ. ਵਰਿਆਮ ਸਿੰਘ ਸ਼ਹੀਦ ਹੋ ਗਏ ਸਨ ਤੇ ਨਰਾਇਣ ਦਾਸ ਨੂੰ ਨਨਕਾਣਾ ਸਾਹਿਬ ਦੇ ਗੁਰਦੁਆਰਾ ਸਾਹਿਬ ਤੋਂ ਕੱਢਣ ਲਈ ਸ਼ਹੀਦੀਆਂ ਦਿੱਤੀਆਂ। ਉਥੇ 200 ਦੇ ਕਰੀਬ ਸਿੰਘ ਸ਼ਹੀਦ ਕਰ ਦਿੱਤੇ ਗਏ ਸਨ।



ਅਰਸ਼ਦ ਸਿਦੀਕੀ ਅਤੇ ਲੇਖਕ



ਜਨਾਬ ਆਰਿਫ ਹੁਸੈਨ (ਹੈੱਡਮਾਸਟਰ ਜੀ), ਜਨਾਬ ਸਾਹਜ਼ੇਬ ਸਾਹਿਬ, ਅਲੀ ਹੁਸੈਨ ਸਾਹਿਬ, ਜਨਾਬ ਅਬਦੁਲ ਹਦੀ ਸਾਹਿਬ, ਜਨਾਬ ਮੁਹੰਮਦ ਇਨਸਾਲ ਸਾਹਿਬ, ਜਨਾਬ ਆਤਿਫ ਸਾਹਿਬ, ਜਨਾਬ ਦਿਲਾਵਰ ਸਾਹਿਬ, ਜਨਾਬ ਸਾਹਿਬ, ਜਨਾਬ ਅਨਵਰ ਸਾਹਿਬ ਅਤੇ ਜਨਾਬ ਅਰਸ਼ਦ ਸਾਦਿਕ ਜੀ

headmaster-- janab Arif Hussain ji, Janab shahzeb saheb, Ali Hussain saheb, janab Abdul Hadi Sahib, janab Mohammed Iqbal Sahib, janab Atif Sahib, janab dilawar saheb, janab Sahib, janab Anwar saheb, Arshad saddique



Nankan Sahib on Feb 21,1921 Massacre by Narayan Daas
And Angeetha sahib on Feb 23,1921 for 200 shaheed sikh to clemate.
seen pic Dhanvaad Sahit by Dr Hari Singh Student of Amritsar medical college.

ਖੈਰ ਮੁਦਸਰ ਕਿਊਮ ਘਰ ਤੋਂ ਅਗਲੀ ਗਲੀ 'ਚ ਮੈਨੂੰ 1047 ਤੋਂ ਪਹਿਲਾਂ ਦੇ ਉਸ ਗੁਰੂ ਘਰ 'ਚ ਲੈ ਗਿਆ ਜੋ ਗੁਰੂ ਘਰ 60-7 ਸਾਲ ਤੋਂ ਬਾਅਦ ਮੈਂ ਜਾ ਕੇ ਖੋਲ੍ਹਿਆ, ਪੁਰਾਣਾ ਦਰਵਾਜ਼ਾ ਤੇ ਸਾਰੇ ਗੁੰਬਦ ਵੀ ਪੁਰਾਣੇ ਹੀ ਸਨ। ਉਸ ਗੁਰੂ ਘਰ 'ਚ ਨਾ ਗੁਰੂ ਗ੍ਰੰਥ ਸਾਹਿਬ ਸਨ ਨਾ ਕੁਝ ਹੋਰ। ਸ਼ਾਇਦ ਕਿਧਰੇ ਜ਼ਮਾਨੇ 'ਚ ਸਭ ਕੁਝ ਨਨਕਾਣਾ ਸਾਹਿਬ ਵਿਖੇ ਪਹੁੰਚਾ ਦਿੱਤਾ ਗਿਆ ਹੋਵੇਗਾ। ਮੈਂ ਧਨੂੰਆਣਾ 'ਚ ਰਹਿ ਕੇ ਗਏ ਉਹਨਾਂ ਸਿੱਖ ਪਰਿਵਾਰਾਂ ਨੂੰ ਬੇਨਤੀ ਕਰਦਾ ਹਾਂ ਕਿ ਉਸ ਗੁਰੂ ਘਰ ਨੂੰ ਘੱਟੋ-ਘੱਟ ਰੰਗ-ਰੋਗਨ ਹੀ ਕਰਾ ਦਿੱਤਾ ਜਾਵੇ ਤਾਂ ਕਿ ਸਿੱਖਾਂ ਦੀ ਅਰਦਾਸ ਪੂਰੀ ਹੋ ਸਕੇ, ਜਿਸ 'ਚ ਅਸੀਂ ਕਹਿੰਦੇ ਹਾਂ ਕਿ ''ਜਿਨ੍ਹਾਂ ਜਿਨ੍ਹਾਂ ਗੁਰਦੁਆਰਿਆਂ ਨੂੰ ਪੰਥ ਤੋਂ ਵਿਛੋੜਿਆ ਗਿਆ, ਉਹਨਾਂ ਦੀ ਸੇਵਾ ਸੰਭਾਲ ਦਾ ਦਾਨ ਖਾਲਸਾ ਜੀ ਨੂੰ ਬਖਸ਼ੋ ਜੀ''। ਵਾਹਿਗੁਰੂ ਇਹ ਖੁਦ ਹੀ ਕਿਸੇ ਸਿੰਘ ਕੋਲੋਂ ਕੰਮ ਕਰਵਾ ਲਵੇਗਾ।

ਉਸੇ ਹੀ ਪਿੰਡ 'ਚ ਇਕ ਮਸਜਿਦ ਵੀ ਹੈ ਜੋ 1947 ਤੋਂ ਪਹਿਲਾਂ ਦੀ ਬਣੀ ਹੋਈ ਹੈ। ਉਸ ਮਸਜਿਦ ਦੇ ਮੌਲਵੀ ਨੂੰ ਮੈਂ ਕੁਝ ਹਜ਼ਾਰ ਰੁਪਿਆ ਦੇ ਕੇ ਸ਼ਹੀਦ ਹੋਏ ਸਿੰਘਾਂ ਦੀ ਅਰਦਾਸ ਕਰਨ ਲਈ ਬੇਨਤੀ ਕੀਤੀ। ਮੌਲਵੀ ਸਾਹਿਬ ਲਾਊਡ ਸਪੀਕਰ ਤੇ ਸਾਰ ਪਿੰਡ ਨੂੰ ਸੁਣਾ ਕੇ ਅਰਦਾਸ ਕੀਤੀ।

ਅਸੀਂ ਤਾਹਿਬ ਸਈਅਦ ਸਾਹਿਬ 'ਤੇ ਮਦਸਰ ਸਾਹਿਬ ਨਾਲ ਪਿੰਡ ਦੇ ਹਾਈ ਸਕੂਲ ਨੂੰ ਵੇਖਣ ਲਈ ਅਗਲੀ ਗਲੀ 'ਚ ਚਲੇ ਗਏ।

ਪਿੰਡ 'ਚ 100 ਕੁ ਘਰ ਮਸਾਂ ਹੀ ਹੋਵੇਗਾ ਪਰ ਪਿੰਡ ਦੇ ਦੁਆਲੇ ਅੰਬ ਦੇ ਬਾਗ ਅਤੇ ਅਮਰੂਦਾਂ ਦੇ ਬਾਗ ਬਹੁਤ ਹਨ। ਮੇਰੀ ਸੱਸ ਮਾਤਾ ਵੀ ਦੱਸਦੀ ਹੁੰਦੀ ਏ ਕਿ ਧਨੂੰਆਣਾ 'ਚ ਇਹਨਾਂ ਦੇ ਸਹੁਰਿਆਂ ਦੇ ਜ਼ਮੀਨ ਤੇ ਬਾਗ ਬਹੁਤ ਸਨ। ਸ਼ਾਇਦ ਪੰਜਾਂ ਭਰਾਵਾਂ ਕੋਲ ਦੋ ਤਿੰਨ ਮੁਰੱਬੇ ਜ਼ਮੀਨ ਸੀ। ਜਿਹੜੀ ਚੜ੍ਹਦੇ ਪੰਜਾਬ ਆ ਕੇ ਉਨੀ ਨਹੀਂ ਮਿਲੀ, ਸ਼ਾਇਦ ਮਸਾਂ ਇਕ ਡੇਢ ਮੁਰੱਬਾ ਹੀ ਮਿਲ ਸਕਿਆ।

ਅਸੀਂ ਸਕੂਲ 'ਚ ਉਹ ਕਮਰੇ ਲੱਭਣ ਦੀ ਕੋਸ਼ਿਸ਼ ਕਰਨ ਲੱਗੇ, ਜਿਹਨਾਂ 'ਚ ਕਿਸੇ ਵੇਲੇ ਮੇਰੇ ਸਹੁਰਾ ਸਾਹਿਬ ਪੰਜਵੀਂ ਤੱਕ ਪੜ੍ਹਦੇ ਰਹੇ ਸਨ। ਸ. ਅਮਰ ਸਿੰਘ ਦਿਓਲ ਉਥੋਂ ਪੰਜਵੀਂ ਪੜ੍ਹ ਕੇ ਫਿਰ ਜੜ੍ਹਾਂਵਾਲਾ ਤਹਿਸੀਲ ਜਾਂ ਲਾਇਲਪੁਰ ਦਸਵੀਂ ਕਰਨ ਲਈ ਜਾਂਦੇ ਰਹੇ ਹੋਣਗੇ। ਸਾਡੇ ਸਹੁਰਾ ਸਾਹਿਬ ਦੇ ਸਕੂਲ 'ਚ ਸਾਨੂੰ ਜਨਾਬ ਅਰਸ਼ਦ ਜੀ (ਅਰਸ਼ਦ ਸਿਦੀਕੀ) ਮਿਲੇ, ਜਿਹਨਾਂ ਸਕੂਲ ਦੇ ਬਾਰੇ 'ਚ ਦੱਸਿਆ। ਤੇ ਉਸ ਸਕੂਲ ਦੇ ਸਾਰੇ ਮਾਸਟਰ ਜੀ ਸਾਹਿਬਾਨ ਤੇ ਹੈੱਡ ਮਾਸਟਰ ਜੀ ਦੇ ਬਾਰੇ ਵਿਚ ਵੀ ਦੱਸਿਆ ਤੇ ਮਿਲਾਇਆ। ਜਿਹਨਾਂ 'ਚ ਜਨਾਬ ਆਰਿਫ ਹੁਸੈਨ (ਹੈੱਡਮਾਸਟਰ ਜੀ), ਜਨਾਬ ਸਾਹਜ਼ੇਬ, ਸਾਹਿਬ ਅਲੀ ਹੁਸੈਨ ਸਾਹਿਬ, ਜਨਾਬ ਅਬਦੁਲ ਹਦੀ ਸਾਹਿਬ, ਜਨਾਬ ਮੁਹੰਮਦ ਇਨਸਾਲ ਸਾਹਿਬ, ਜਨਾਬ ਆਤਿਫ ਸਾਹਿਬ, ਜਨਾਬ ਦਿਲਾਵਰ ਸਾਹਿਬ, ਜਨਾਬ ਸਾਹਿਬ, ਜਨਾਬ ਅਨਵਰ ਸਾਹਿਬ ਅਤ ਜਨਾਬ ਅਰਸ਼ਦ ਸਾਦਿਕ ਜੀ ਬਾਰੇ ਜਾਣਕਾਰੀ ਦਿੱਤੀ।

ਸਕੂਲ 1947 ਤੱਕ ਪੰਜਵੀਂ ਤੱਕ ਸੀ, ਪਰ ਹੁਣ 10ਵੀਂ ਤੱਕ ਹੈ। ਤੇ ਉਸ ਸਕੂਲ ਦੇ ਬੱਚਿਆਂ ਨੇ ਆ ਕੇ ਬੜੀ ਹੀ ਗਰਮਜੋਸ਼ੀ ਨਾਲ ਸਲਾਮ ਦੁਆ ਕਰਕੇ ਜਦੋਂ ਇਹ ਪੁੱਛਿਆ ਕਿ ਸਰਦਾਰ ਸਾਹਿਬ ਸਿੱਧੂ ਮੂਸੇਵਾਲੇ ਨੂੰ ਕਿਸਨੇ ਮਾਰਿਆ ਹਾਲੇ ਪਤਾ ਕਿਉਂ ਨਹੀਂ ਲੱਗਾ। ਮੈਂ ਇਹੀ ਕਿਹਾ ਬੇਟਾ ਜੀ ਅਸੀਂ ਅਮਰੀਕਾ ਤੋਂ ਆਏ ਹਾਂ, ਸਾਨੂੰ ਕੋਈ ਜਾਣਕਾਰੀ ਨਹੀਂ ਹੈ ਕਿ ਇਹ ਕਿਵੇਂ ਹੋਇਆ। ਇਕ ਹੋਰ ਹਾਈ ਸਕੂਲ ਦੇ ਵਿਦਿਆਰਥੀ ਨੇ ਕਿਹਾ ''ਸਰਦਾਰ ਸਾਹਿਬ ਮੈਂ ਪੁੱਛਣਾ ਚਾਹੁੰਦਾ ਹਾਂ ਕਿ ਇੰਡੀਆ ਵਿਚੋਂ ਹਜ਼ਾਰਾਂ ਲੱਖਾਂ ਲੜਕੇ-ਲੜਕੀਆਂ ਆਈਲੈਟਸ ਕਰਕੇ ਬਾਹਰ ਜਾ ਰਹੇ ਹਨ, ਕੈਨੇਡਾ, ਇੰਗਲੈਂਡ ਤੇ ਹੋਰ ਮੁਲਕਾਂ 'ਚ। ਸਾਡੇ ਦੇਸ਼ 'ਚੋਂ ਇਵੇਂ ਨਹੀਂ ਹੋ ਰਿਹਾ।''

ਮੈਂ ਉਸ ਬੇਟੇ ਵੱਲ ਵੇਖ ਕੇ ਬਹੁਤ ਹੀ ਠਠੰਬਰ ਗਿਆ ਤੇ ਜਵਾਬ ਦਿੱਤਾ ''ਤੁਹਾਡੇ ਸਕੂਲ 'ਚ ਕਿੰਨੇ ਕੰਪਿਊਟਰ ਹਨ ਤੇ ਤੁਹਾਡੇ 'ਚ ਕਿੰਨੇ ਬੱਚੇ ਹਨ ਜੋ ਰੋਜ਼ਾਨਾ ਕੁਝ ਨਾ ਕੁਝ ਪੜ੍ਹਦੇ ਹਨ ਜਾਂ ਕੁਝ ਨਵਾਂ ਸਿੱਖਦੇ ਹਨ।''

ਉਸ ਵਿਦਿਆਰਥੀ ਨੇ ਕਿਹਾ, ਜੀ ਸਾਡੇ ਇੱਥੇ ਕੰਪਿਊਟਰ ਕੁਝ ਹਨ ਪਰ ਚਲਦੇ ਨਹੀਂ। ਮੈਂ ਉਨ੍ਹਾਂ ਦੇ ਮਾਸਟਰ ਸਾਹਿਬਾਨ ਨੂੰ ਕਿਹਾ, ਜੇ ਬੱਚੇ ਕੰਪਿਊਟਰ ਤੇ ਕੁਝ ਸਿੱਖਣਗੇ ਤਾਂ ਹੀ ਕੁਝ ਬਣ ਸਕਣਗੇ। ਅੱਜਕਲ੍ਹ ਜ਼ਮਾਨਾ ਪੜ੍ਹਾਈ ਦੇ ਨਾਲ-ਨਾਲ ਆਪਣੇ ਆਪ ਨੂੰ ਦੁਨੀਆਂ ਦੇ ਨਾਲ-ਨਾਲ ਚੱਲਣ ਦਾ ਹੈ। ਇਹਨਾਂ ਬੱਚਿਆਂ ਲਈ ਕੰਪਿਊਟਰ ਬਹੁਤ ਜ਼ਰੂਰੀ ਹੈ ਤਾਂ ਹੀ ਇਨ੍ਹਾਂ ਦੀ ਪੜ੍ਹਾਈ ਅੱਜਕਲ੍ਹ ਦੇ ਸਮੇਂ ਅਨੁਸਾਰ ਮੰਨੀ ਜਾਵੇਗੀ, ਨਹੀਂ ਤਾਂ ਇਹ ਨਵੇਂ ਜ਼ਮਾਨੇ ਦੇ ਬੱਚੇ ਪਿੱਛੇ ਰਹਿ ਜਾਣਗੇ ਤੇ ਇਸੇ ਤਾਕੀਦ ਨਾਲ ਉਨ੍ਹਾਂ ਦੀ ਮਦਦ ਕਰਨ ਦਾ ਵੀ ਵਾਅਦਾ ਕੀਤਾ।

ਸਕੂਲ ਮਗਰੋਂ ਅਸੀਂ ਉਸ ਪਿੰਡ ਵਾਸੀਆਂ ਤੋਂ ਇਜਾਜ਼ਤ ਲੈ ਕੇ ਵਾਪਸ ਲਾਹੌਰ ਵੱਲ ਮੁੜਨ ਲਈ ਚੱਲ ਪਏ ਤੇ ਜਨਾਬ ਤਾਹਿਰ ਸਈਅਦ ਹੁਣਾਂ ਤੋਂ ਜੁਦਾ ਹੋਣ ਤੋਂ ਪਹਿਲਾਂ ਉਹਨਾਂ ਨੇ ਮੇਰੀ ਸੱਸ ਮਾਤਾ, ਮੇਰੀ ਸੁਪਤਨੀ ਤੇ ਉਹਨਾਂ ਦੀ ਅੱਸੀ ਦੀ ਲੜਕੀ, ਜਿਸਨੇ ਸਾਨੂੰ ਪਿੰਡ ਲੱਭਣ 'ਚ ਮਦਦ ਕੀਤੀ ਸੀ, ਲਈ ਇਕ-ਇਕ ਕੀਮਤੀ ਸੂਟ ਤੇ ਮੇਰੇ ਵਾਸਤੇ ਬਹੁਤ ਹੀ ਕੀਮਤੀ ਲੋਈ ਦਿੱਤੀ ਜੋ ਮੈਂ ਅੱਜਕਲ੍ਹ ਅਕਸਰ ਠੰਡ ਤੋਂ ਬਚਣ ਲਈ ਆਪਣੇ ਦੁਆਲੇ ਲਪੇਟ ਕੇ ਬੈਠਦਾ ਹਾਂ। ਆਪਣੇ ਸਾਰੇ ਦੋਸਤਾਂ ਨੂੰ ਵਿਖਾ ਦਿੰਦਾ ਹਾਂ ਕਿ ਇਹ ਮੇਰੇ ਲਹਿੰਦੇ ਪੰਜਾਬ ਦੇ ਭਰਾਵਾਂ ਵੱਲੋਂ ਪਿਆਰ ਸਹਿਤ ਦਿੱਤਾ ਹੋਇਆ ਤੋਹਫ਼ਾ ਹੈ।



ਜਨਾਬ ਤਾਹਿਰ ਸਈਅਦ (ਅਟਾਰਨੀ ਅਤੇ ਜਾਣੀ-ਪਛਾਣੀ ਸ਼ਖਸੀਅਤ),
ਜਨਾਬ ਮਦਸਰ ਕਿਊਮ (ਨੰਬਰਦਾਰ), ਜਨਾਬ ਮਲਿਕ ਖਾਲਿਦ (ਡੀ. ਆਈ. ਜੀ. ਰਿਟਾ)

ਨਹਿਰ ਦੇ ਨਾਲ ਅਸੀਂ ਵਾਪਸ ਆ ਕੇ ਫਿਰ ਜੜ੍ਹਾਂਵਾਲਾ ਤੋਂ ਲਾਹੌਰ ਵਾਲੀ ਮੋਟਰ ਵੇਅ ਤੇ ਚੱਲ ਪਏ।

ਮੈਂ ਸਾਰੀ ਵਾਟ ਇਹੀ ਸੋਚਦਾ ਆਇਆ ਕਿ ਯਾਰੋ 75 ਸਾਲ ਬਾਅਦ ਵੀ ਇਹ ਲੋਕ ਉਥੇ ਹੀ ਉਵੇਂ ਦਾ ਹੀ ਪਿਆਰ ਵਿਖਾ ਰਹੇ ਹਨ, ਬਲਕਿ ਇਹਨਾਂ ਸੱਜਣਾਂ ਨੇ ਸਾਨੂੰ ਪ੍ਰਾਹੁਣਾਚਾਰੀ ਅਜਿਹੀ ਕਰਵਾਈ ਕਿ ਅੱਜ ਉਹਨਾਂ ਦੇ ਦੇਣਦਾਰ ਬਣ ਗਏ। ਮੈਨੂੰ ਨਹੀਂ ਲੱਗਦਾ ਕਿ ਅਸੀਂ ਜਾਂ ਚੜ੍ਹਦੇ ਪੰਜਾਬ 'ਚ ਇਹਨਾਂ ਲਹਿੰਦੇ ਪੰਜਾਬ ਦੇ ਲੋਕਾਂ ਨੂੰ ਇੰਨਾ ਪਿਆਰ ਦੇ ਸਕਦੇ ਹੋਈਏ। ਚੜ੍ਹਦੇ ਪੰਜਾਬ 'ਚ ਤਾਂ ਆਪੋਧਾਪੀ ਪਈ ਹੋਈ ਕਿ ਇਹ ਕਹਿੰਦਾ ਹੈ, ਮੈਂ ਹੀ ਮੈਂ ਹਾਂ, ਦੂਸਰਾ ਕਹਿੰਦਾ ਮੈਂ ਹੀ ਮੈਂ ਹਾਂ। ਬੱਸ ਇਸੇ 'ਚ ਆਪਣੀ ਜ਼ਿੰਦਗੀ ਦੇ ਕੀਮਤੀ ਪਲ ਗਵਾ ਰਹੇ ਹਨ, ਭਰਾਤਰੀ ਭਾਵ ਹੈ ਨਹੀਂ ਤੇ ਸਭ ਇਕ-ਦੂਜੇ ਤੋਂ ਮੋਹਰੀ ਹੋ ਕੇ ਇਹ ਕਹਿਣਾ ਦਗਾ ਹੋਇਆ ਕਿ ਮੇਰੇ ਤੋਂ ਉਪਰ ਕੋਈ।

ਤੇ ਲਹਿੰਦੇ ਪੰਜਾਬ ਦੇ ਲੋਕਾਂ ਨੇ ਜੋ ਵੀ ਮਿਲਿਆ, ਕਿਧਰੇ ਵੀ ਜਿਧਰੇ ਸਾਨੂੰ ਸਰਦਾਰਾਂ ਨੂੰ ਇੰਨੀ ਚੰਗੀ ਤਰ੍ਹਾਂ ਮਿਲੇ ਕਿ ਉਹਨਾਂ ਨੇ ਸਾਡੇ ਪੈਰਾਂ ਥੱਲੇ ਆਪਣੀਆਂ ਤਲੀਆਂ (ਹੱਥਾਂ ਦੀਆਂ) ਵਿਛਾ ਦਿੱਤੀਆਂ।

ਇਹ ਮੁੱਲ ਕਿਵੇਂ ਮੁੜ ਸਕਦਾ ਹੈ? ਆਪਣੇ ਦਿਲਾਂ 'ਚ ਮੁੜ 75 ਸਾਲ ਪਹਿਲਾਂ ਵਾਲਾ ਪਿਆਰ ਪਾ ਕੇ, ਨਾ ਕਿ ਕੁੜੱਤਣ ਦੀਆਂ ਹੋਰ ਵਾੜਾਂ ਲਾ ਕੇ ਜਿਸ 'ਚ ਫਸ ਕੇ ਬੰਦਾ ਮਰੇਗਾ, ਨਾ ਕਿ ਪਿਆਰ ਵਾਜਾਂ ਮਾਰੇਗਾ। ਸਾਡੇ ਬਜ਼ੁਰਗ ਮਰਦੇ ਦਮ ਤੱਕ ਕਹਿੰਦੇ ਰਹੇ ਕਿ ਸਾਨੂੰ ਸਿਆਸਤਦਾਨਾਂ ਨੇ ਇਕੱਲੇ-ਇਕੱਲੇ ਕਰ ਦਿੱਤਾ, ਨਹੀਂ ਤਾਂ ਅਸੀਂ ਖੁਸ਼ਹਾਲ ਹੁੰਦੇ।

ਪੰਜਾਬ ਨੂੰ ਦੋ ਟੋਟਿਆਂ ਕਰਕੇ, ਉਨ੍ਹਾਂ ਨੇ ਆਪਣੀ ਕਮੀਨੀ ਸੋਚ ਦਾ ਨਮੂਨਾ ਪੇਸ਼ ਕੀਤਾ।

ਅਸੀਂ ਇਕ-ਦੂਜੇ ਦਾ ਖੂਨ ਪੀ ਕੇ ਹੁਣ ਡੈਂਬਰੀ ਹੋਈ ਬਿੱਲੀ ਝਾਕ ਕਰ ਰਹੇ ਹਾਂ ਪਰ ਅੰਦਰੋਂ ਜਦ ਮੇਰੇ ਵਰਗੇ ਉਥੇ ਜਾ ਕੇ ਆਉਂਦੇ ਹਨ, ਜਿੱਥੇ ਉਹਨਾਂ ਦੇ ਪਿਓ-ਦਾਦੇ ਰਹਿੰਦੇ ਸਨ। ਫਿਰ ਸਾਡੇ ਨਾਲ ਦੇ ਵੀ ਲੁਕ-ਲੁਕ ਵਿਉਂਤਾਂ ਬਣਾਉਂਦੇ ਹਨ, ਨਾਲੇ ਰੋਂਦੇ ਹਨ, ਆਪਣੇ ਪੁਰਖਿਆਂ ਦੀ ਧਰਤੀ ਵੇਖਣ ਨੂੰ। ਕਿਸੇ ਦੇ ਕਹੇ ਦਾ ਯਕੀਨ ਕਰੋ ਇਕ ਵਾਰ ਆਪ ਜਾ ਕੇ ਆਵੋ। ਉਹ ਮੁਸਲਿਮ ਜਾਂ ਕੋਈ ਵੀ ਲਹਿੰਦੇ ਪੰਜਾਬ ਦਾ ਵਾਸੀ ਤੁਹਾਨੂੰ ਅੱਡੀਆਂ ਚੁੱਕ ਚੁੱਕ ਕੇ ਉਡੀਕ ਰਿਹਾ ਹੈ ਤਾਂ ਕਿ ਮੋਹ ਦੀਆਂ ਤੰਦਾਂ ਫਿਰ ਪੈ ਸਕਣ।




Govt high school Dhanuana Rb 91 chak (Faislabaad)

(ਚਲਦਾ)




# ਮਨ ਦੀ ਤੰਦਰੁਸਤੀ ਨਾਲ ਜੁੜੀ ਹੈ ਸਰੀਰ ਦੀ ਤੰਦਰੁਸਤੀ



ਮਨੁੱਖ ਆਪਣੇ ਸਰੀਰ ਨੂੰ ਨਿਰੋਗ ਰੱਖਣ ਲਈ ਕਈ ਤਰ੍ਹਾਂ ਦੇ ਉਪਰਾਲੇ ਕਰਦਾ ਹੈ। ਵਧੀਆ ਖੁਰਾਕ ਲੈਂਦਾ ਹੈ, ਕਸਰਤ ਕਰਦਾ ਹੈ ਤੇ ਸਰੀਰਕ ਸੁੰਦਰਤਾ ਵਧਾਉਣ ਲਈ ਸੌ ਤਰ੍ਹਾਂ ਦੇ ਹੋਰ ਓਹੜ-ਪੋਹੜ ਕਰਦਾ ਹੈ। ਜਿਸ ਤਰ੍ਹਾਂ ਸਰੀਰ ਨੂੰ ਨਿਰੋਗ ਰੱਖਣ ਲਈ ਵਧੀਆ ਖੁਰਾਕ ਦੀ ਜ਼ਰੂਰਤ ਹੁੰਦੀ ਹੈ, ਉਸੇ ਤਰ੍ਹਾਂ ਮਨ ਨੂੰ ਤੰਦਰੁਸਤ ਰੱਖਣ ਵਾਸਤੇ ਚੰਗੀ ਖੁਰਾਕ ਦੀ ਲੋੜ ਹੁੰਦੀ ਹੈ। ਜੇ ਮਨੁੱਖ ਮਾਨਸਿਕ ਤੌਰ 'ਤੇ ਰਿਸ਼ਟ-ਪੁਸ਼ਟ ਹੋਵੇਗਾ ਤਾਂ ਹੀ ਉਹ ਸਰੀਰਕ ਪੱਖੋਂ ਤੰਦਰੁਸਤ ਰਹਿ ਸਕਦਾ ਹੈ। ਕਿਸੇ ਵੀ ਮਨੁੱਖ ਦੀ ਮਨੋਦਸ਼ਾ ਨੂੰ ਉਸ ਦਾ ਚਿਹਰਾ ਬਿਆਨ ਕਰ ਦਿੰਦਾ ਹੈ। ਜੇ ਕਿਸੇ ਵਿਅਕਤੀ ਦਾ ਮਨ ਉਦਾਸ ਹੁੰਦਾ ਹੈ ਤਾਂ ਉਸ ਦਾ ਚਿਹਰਾ ਵੀ ਮੁਰਝਾ ਜਾਂਦਾ ਹੈ। ਜੇ ਕਿਸੇ ਵਿਅਕਤੀ ਦਾ ਮਨ ਖ਼ੁਸ਼ ਹੋਵੇ ਤਾਂ ਉਸ ਦਾ ਚਿਹਰਾ ਵੀ ਖਿੜਿਆ-ਖਿੜਿਆ ਦਿਸਦਾ ਹੈ। ਇਸ ਤਰ੍ਹਾਂ ਸਾਰਿਆਂ ਨੂੰ ਸਰੀਰ ਦੇ ਨਾਲ-ਨਾਲ ਮਨ ਦਾ ਵੀ ਧਿਆਨ ਰੱਖਣਾ ਜ਼ਰੂਰੀ ਹੈ।

ਪਦਾਰਥਵਾਦੀ ਯੁੱਗ ਹੋਣ ਕਰਕੇ ਮਨੁੱਖ ਆਪਣੀਆਂ ਲੋੜਾਂ ਪੂਰੀਆਂ ਕਰਨ ਲਈ ਦਿਨ ਭਰ ਮਿਹਨਤ ਕਰਦਾ ਹੈ। ਸਵੇਰ ਤੋਂ ਸ਼ਾਮ ਤਕ ਭੱਜ-ਦੌੜ ਵਾਲੀ ਜ਼ਿੰਦਗੀ ਵਿਚ ਮਨੁੱਖ ਨੇ ਆਪਣੇ ਸਰੀਰ ਨੂੰ ਮਸ਼ੀਨ ਹੀ ਬਣਾ ਲਿਆ ਹੈ। ਜਿੰਨੀ ਤੇਜ਼ੀ ਨਾਲ ਸਰੀਰ ਰੂਪੀ ਮਸ਼ੀਨ ਚੱਲਦੀ ਹੈ, ਓਨੀ ਹੀ ਤੇਜ਼ੀ ਨਾਲ ਉਸ ਵਿਚ ਬੈਠਾ ਮਨ ਦੌੜ ਰਿਹਾ ਹੁੰਦਾ ਹੈ। ਸਰੀਰ ਤੇ ਮਨ ਦੀ ਤੇਜ਼ ਰਫ਼ਤਾਰੀ ਕਾਰਨ ਮਨੁੱਖ ਅੰਦਰ ਮਾਨਸਿਕ ਤਣਾਓ ਵੱਧਦਾ ਜਾ ਰਿਹਾ ਹੈ, ਜਿਸ ਕਰਕੇ ਉਹ ਡਿਪਰੈਸ਼ਨ ਜਿਹੀਆਂ ਭਿਆਨਕ ਬਿਮਾਰੀਆਂ ਦਾ ਸ਼ਿਕਾਰ ਹੋ ਜਾਂਦਾ ਹੈ। ਅੱਜ-ਕੱਲ੍ਹ ਡਿਪਰੈਸ਼ਨ ਵਰਗੀਆਂ ਬਿਮਾਰੀਆਂ ਮਨੁੱਖ ਲਈ ਘਾਤਕ ਸਿੱਧ ਹੁੰਦੀਆਂ ਹਨ। ਮਨ ਨੂੰ ਤੰਦਰੁਸਤ ਰੱਖਣ ਲਈ ਮਨੁੱਖ ਨੂੰ ਕੀ ਕਰਨਾ ਚਾਹੀਦਾ ਹੈ, ਇਸ ਬਾਰੇ ਵਿਚਾਰ ਕਰਦੇ ਹਾਂ।

ਸਰੀਰ ਵਾਂਗ ਮਨ ਨੂੰ ਵੀ ਕਸਰਤ ਦੀ ਲੋੜ ਹੁੰਦੀ ਹੈ। ਮਨ ਦੀ ਕਸਰਤ ਕਰਨ ਲਈ ਹਰ ਸਮੇਂ ਉਸ ਨੂੰ ਜਾਗਰੂਕ ਰੱਖਣਾ ਪੈਂਦਾ ਹੈ। ਆਪਣੇ ਅੰਦਰ ਪੈਦਾ ਹੋਣ ਵਾਲੇ ਨਾਂਹ-ਪੱਖੀ ਵਿਚਾਰਾਂ ਨੂੰ ਦੂਰ ਕਰਨ ਲਈ ਹਾਂ-ਪੱਖੀ ਸੋਚ ਪੈਦਾ ਕਰਨੀ ਚਾਹੀਦੀ ਹੈ। ਵਾਰ-ਵਾਰ ਹਾਂ-ਪੱਖੀ ਦ੍ਰਿਸ਼ਟੀਕੋਣ ਤੇ ਚਿੰਤਨ ਦਾ ਅਭਿਆਸ ਕਰ ਕੇ ਨਾਂਹ-ਪੱਖੀ ਵਿਚਾਰਾਂ ਨੂੰ ਦੂਰ ਕਰਨਾ ਹੀ ਮਨ ਦੀ ਵਧੀਆ ਕਸਰਤ ਹੈ, ਜਿਸ ਨਾਲ ਮਨ ਦਾ ਸੰਤੁਲਨ ਬਣਿਆ ਰਹਿੰਦਾ ਹੈ। ਇਸ ਤਰ੍ਹਾਂ ਕਰਨ ਨਾਲ ਮਨ ਖ਼ੁਸ਼ ਤੇ ਤੰਦਰੁਸਤ ਰਹਿੰਦਾ ਹੈ। ਚੰਗਾ ਸੋਚਣਾ, ਚੰਗਾ ਬੋਲਣਾ ਤੇ ਚੰਗਾ ਸੁਣਨਾ ਹਾਂ-ਪੱਖੀ ਗੁਣ ਹੀ ਹੁੰਦੇ ਹਨ।

ਮਨੁੱਖ ਨੂੰ ਨਿਮਰਤਾ ਭਰਪੂਰ ਬਣਨ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ। ਮਨੁੱਖ ਨੂੰ ਆਪਣੇ ਅੰਦਰੋਂ ਈਰਖਾ, ਸਾੜਾ, ਗੁੱਸਾ, ਬਦਲਾਖੋਰੀ, ਕਰੋਧ ਆਦਿ ਭਾਵਨਾਵਾਂ ਦੂਰ ਕਰਨੀਆਂ ਚਾਹੀਦੀਆਂ ਹਨ। ਇਹ ਉਹ ਬੁਰਾਈਆਂ ਹੁੰਦੀਆਂ ਹਨ, ਜੋ ਮਨੁੱਖ ਨੂੰ ਅੰਦਰੋਂ-ਅੰਦਰੀ ਘੁਣ ਵਾਂਗ ਖਾਂਦੀਆਂ ਹਨ। ਅੰਦਰੋਂ ਖਿਝੇ-ਸੜੇ ਮਨੁੱਖ ਦਾ ਮਨ ਕਦੇ ਵੀ ਤੰਦਰੁਸਤ ਨਹੀਂ ਹੋ ਸਕਦਾ। ਕੋਸ਼ਿਸ਼ ਕੀਤੀ ਜਾਵੇ ਕਿ ਤਣਾਓ ਪੈਦਾ ਕਰਨ ਵਾਲੀਆਂ ਗੱਲਾਂ ਨੂੰ ਹਲਕੇ ਵਿਚ ਲਿਆ ਜਾਵੇ। ਨਿੱਕੀ ਜਿਹੀ ਗੱਲ ਨੂੰ ਲੰਮਾ ਖਿੱਚਣ ਨਾਲ ਮਨੁੱਖ ਖ਼ੁਦ ਤਾਂ ਤਣਾਅ ਦੀ ਸਥਿਤੀ ਵਿਚ ਆਉਂਦਾ ਹੀ ਹੈ, ਨਾਲ ਆਪਣੇ ਆਲੇ-ਦੁਆਲੇ ਦਾ ਵਾਤਾਵਰਨ ਵੀ ਤਣਾਅ ਭਰਪੂਰ ਕਰ ਦਿੰਦਾ ਹੈ।

ਬੀਤੇ ਦੀਆਂ ਮਾੜੀਆਂ ਗੱਲਾਂ ਨਾ ਕਰੋ ਯਾਦ- ਆਪਣੇ ਮਨ ਦੀ ਸਥਿਤੀ ਨੂੰ ਠੀਕ ਰੱਖਣ ਲਈ ਕਿਸੇ ਵੀ ਵਿਅਕਤੀ ਨੂੰ ਬੀਤੇ ਸਮੇਂ ਵਿਚ ਵਾਪਰੀਆਂ ਅਜਿਹੀਆਂ ਘਟਨਾਵਾਂ ਨੂੰ ਵਾਰ-ਵਾਰ ਯਾਦ ਨਹੀਂ ਕਰਨਾ ਚਾਹੀਦਾ, ਜੋ ਉਸ ਨੂੰ ਦੁੱਖ ਦਿੰਦੀਆਂ ਹੋਣ, ਜਿਵੇਂ ਕਿਸੇ ਨੂੰ ਮਾੜਾ ਬੋਲਣਾ, ਲੜਾਈ, ਕਿਸੇ ਨੂੰ ਧੋਖਾ ਦੇਣਾ ਆਦਿ। ਆਪਣੇ ਮਨ ਨੂੰ ਤੰਦਰੁਸਤ ਰੱਖਣ ਵਾਸਤੇ ਮਨੁੱਖ ਨੂੰ ਬੀਤੇ ਸਮੇਂ ਦੇ ਬੁਰੇ ਅਨੁਭਵਾਂ ਨੂੰ ਭੁਲਾ ਕੇ ਅੱਗੇ ਵਧੀਆ ਦੀ ਉਮੀਦ ਨਾਲ ਵਧਦੇ ਰਹਿਣਾ ਚਾਹੀਦਾ ਹੈ। ਮਨ ਦੀ ਅਵਸਥਾ ਠੀਕ ਰੱਖਣ ਲਈ ਜੇ ਇਨ੍ਹਾਂ ਗੱਲਾਂ ਨੂੰ ਧਿਆਨ 'ਚ ਰੱਖਿਆ ਜਾਵੇ ਤਾਂ ਹੀ ਮਨੁੱਖ ਤਣਾਓ ਭਰਪੂਰ ਮਾਹੌਲ ਤੋਂ ਦੂਰ ਹੋ ਸਕਦਾ ਹੈ ਤੇ ਖ਼ੁਸ਼ ਰਹਿ ਸਕਦਾ ਹੈ।

ਪੌਸ਼ਟਿਕ ਖ਼ੁਰਾਕ ਦੀ ਜ਼ਰੂਰਤ- ਮਨ ਨੂੰ ਵੀ ਸਰੀਰ ਵਾਂਗ ਪੌਸ਼ਟਿਕ ਖ਼ੁਰਾਕ ਦੀ ਜ਼ਰੂਰਤ ਹੁੰਦੀ ਹੈ। ਮਨ ਦੀ ਪੌਸ਼ਟਿਕ ਖ਼ੁਰਾਕ ਉਸ ਦੇ ਸ਼ੁੱਧ ਵਿਚਾਰ ਹੁੰਦੇ ਹਨ। ਮਨੁੱਖ ਦੇ ਮਨ ਅੰਦਰ ਜਿਹੋ ਜਿਹੇ ਵਿਚਾਰ ਪੈਦਾ ਹੁੰਦੇ ਹਨ, ਉਸੇ ਤਰ੍ਹਾਂ ਦਾ ਉਹ ਆਪਣੇ ਆਲੇ-ਦੁਆਲੇ ਦਾ ਵਾਤਾਵਰਨ ਸਿਰਜ ਰਿਹਾ ਹੁੰਦਾ ਹੈ। ਜੇ ਕੋਈ ਵਿਅਕਤੀ ਚੰਗੇ ਵਿਚਾਰਾਂ ਦਾ ਧਾਰਨੀ ਹੋਵੇਗਾ ਤਾਂ ਉਹ ਸਹਿਜੇ ਹੀ ਮਾਨਸਿਕ ਤੌਰ 'ਤੇ ਰਿਸ਼ਟ-ਪੁਸ਼ਟ ਰਹਿ ਸਕੇਗਾ। ਆਪਣੇ ਮਨ ਅੰਦਰ ਵਧੀਆ ਵਿਚਾਰ ਪੈਦਾ ਕਰਨ ਲਈ ਚੰਗੀਆਂ ਸ਼ਖ਼ਸੀਅਤਾਂ ਬਾਰੇ ਪੜ੍ਹਨਾ ਜਾਂ ਸੁਣਨਾ, ਟੀਵੀ ਉੱਪਰ ਪ੍ਰੇਰਨਾਦਾਇਕ ਪ੍ਰੋਗਰਾਮ ਵੇਖਣਾ ਅਤੇ ਵਧੀਆ ਕੰਮ ਕਰਨ ਦੀ ਆਦਤ ਪਾਓ। ਇਸ ਤਰ੍ਹਾਂ ਕਰਨ ਨਾਲ ਜ਼ਿੰਦਗੀ ਨੂੰ ਸਹੀ ਸੇਧ ਮਿਲਦੀ ਹੈ। ਮਨੁੱਖ ਨੂੰ ਪ੍ਰੇਰਨਾ ਮਿਲਦੀ ਹੈ ਤੇ ਮਨ ਕੁਝ ਚੰਗਾ ਕਰਨ ਲਈ ਤਿਆਰ ਹੁੰਦਾ ਹੈ।

# ਹਾਈ ਬਲੱਡ ਪ੍ਰੈਸ਼ਰ ਲਈ ਵਰਦਾਨ ਨੇ ਪਿਆਜ਼ ਦੇ ਛਿਲਕੇ

ਖ਼ਰਾਬ ਰੁਟੀਨ, ਗਲਤ ਖਾਣ-ਪੀਣ ਅਤੇ ਤਣਾਅ ਕਾਰਨ ਹਾਈ ਬਲੱਡ ਪ੍ਰੈਸ਼ਰ ਦੀ ਸਮੱਸਿਆ ਹੁੰਦੀ ਹੈ। ਹਾਈ ਬਲੱਡ ਪ੍ਰੈਸ਼ਰ ਵਧਣ ਨਾਲ ਦਿਲ ਦੀਆਂ ਬਿਮਾਰੀਆਂ ਦਾ ਖ਼ਤਰਾ ਵੀ ਵੱਧ ਜਾਂਦਾ ਹੈ। ਇਸ ਦੇ ਲਈ ਹਾਈ ਬੀਪੀ ਨੂੰ ਕੰਟਰੋਲ 'ਚ ਰੱਖਣਾ ਜ਼ਰੂਰੀ ਹੈ। ਸਿਹਤ ਮਾਹਿਰਾਂ ਅਨੁਸਾਰ ਸਰੀਰ ਵਿੱਚ ਜ਼ਿਆਦਾ ਤਣਾਅ ਅਤੇ ਸੋਡੀਅਮ ਦੇ ਅਸੰਤੁਲਨ ਕਾਰਨ ਬਲੱਡ ਪ੍ਰੈਸ਼ਰ ਵਧਣ ਲੱਗਦਾ ਹੈ। ਬਲੱਡ ਪ੍ਰੈਸ਼ਰ ਨੂੰ ਕੰਟਰੋਲ ਕਰਨ ਲਈ ਪੋਟਾਸ਼ੀਅਮ ਨਾਲ ਭਰਪੂਰ ਚੀਜ਼ਾਂ ਨੂੰ ਡਾਈਟ 'ਚ ਸ਼ਾਮਲ ਕਰੋ। ਪੋਟਾਸ਼ੀਅਮ ਸਰੀਰ ਵਿੱਚ ਸੋਡੀਅਮ ਨੂੰ ਸੰਤੁਲਿਤ ਕਰਦਾ ਹੈ। ਨਾਲ ਹੀ, ਰੋਜ਼ਾਨਾ ਕਸਰਤ ਕਰੋ। ਇਸ



ਤੋਂ ਇਲਾਵਾ ਪਿਆਜ਼ ਦੇ ਛਿਲਕੇ ਹਾਈ ਬੀਪੀ ਨੂੰ ਕੰਟਰੋਲ ਕਰਨ 'ਚ ਵੀ ਮਦਦਗਾਰ ਹੁੰਦੇ ਹਨ। ਕਈ ਖੋਜਾਂ ਵਿੱਚ ਦਾਅਵਾ ਕੀਤਾ ਗਿਆ ਹੈ ਕਿ ਪਿਆਜ਼ ਦਾ ਛਿਲਕਾ ਹਾਈ ਬੀਪੀ ਨੂੰ ਕੰਟਰੋਲ ਕਰਨ ਵਿੱਚ ਮਦਦ ਕਰਦਾ ਹੈ। ਜੇਕਰ ਤੁਸੀਂ ਵੀ ਹਾਈ ਬੀਪੀ ਦੇ ਮਰੀਜ਼ ਹੋ ਅਤੇ ਵਧਦੇ ਬੀਪੀ ਨੂੰ ਕੰਟਰੋਲ ਕਰਨਾ ਚਾਹੁੰਦੇ ਹੋ ਤਾਂ ਤੁਸੀਂ ਪਿਆਜ਼ ਦੇ ਛਿਲਕੇ ਦਾ ਸੇਵਨ ਕਰ ਸਕਦੇ ਹੋ। ਆਓ ਜਾਣਦੇ ਹਾਂ ਇਸ ਬਾਰੇ ਸਭ ਕੁਝ -

ਪਿਆਜ਼- ਪਿਆਜ਼ ਦੀ ਵਰਤੋਂ ਸੁਆਦ ਨੂੰ ਵਧਾਉਣ ਲਈ ਕੀਤੀ ਜਾਂਦੀ ਹੈ। ਇਸ 'ਚ ਜ਼ਰੂਰੀ ਪੋਸ਼ਕ ਤੱਤ ਆਇਰਨ, ਫਾਈਬਰ, ਫੋਲੇਟ ਪੋਟਾਸ਼ੀਅਮ, ਵਿਟਾਮਿਨ ਏ, ਬੀ6, ਬੀ-ਕੰਪਲੈਕਸ ਪਾਏ ਜਾਂਦੇ ਹਨ। ਇਸ ਦੇ ਨਾਲ ਹੀ ਇਸ ਵਿੱਚ ਐਂਟੀਆਕਸੀਡੈਂਟ, ਐਂਟੀ-ਇੰਫਲੇਮੇਟਰੀ, ਐਂਟੀ-ਐਲਰਜੀ ਅਤੇ ਐਂਟੀ-ਕਾਰਸੀਨੋਜੇਨਿਕ ਗੁਣ ਵੀ ਹੁੰਦੇ ਹਨ, ਜੋ ਵੱਖ-ਵੱਖ ਤਰ੍ਹਾਂ ਦੀਆਂ ਬਿਮਾਰੀਆਂ ਵਿੱਚ ਫਾਇਦੇਮੰਦ ਹੁੰਦੇ ਹਨ। ਖ਼ਾਸ ਤੌਰ 'ਤੇ ਪਿਆਜ਼ ਦੀਆਂ ਪੱਤੀਆਂ ਅਤੇ ਛਿਲਕਿਆਂ 'ਚ ਪਾਇਆ ਜਾਣ ਵਾਲਾ ਜ਼ਰੂਰੀ ਪੋਟਾਸ਼ੀਅਮ ਹਾਈ ਬਲੱਡ ਪ੍ਰੈਸ਼ਰ ਨੂੰ ਕੰਟਰੋਲ ਕਰਨ 'ਚ ਮਦਦਗਾਰ ਹੁੰਦਾ ਹੈ। ਇਸ ਦੇ ਲਈ ਹਾਈ ਬੀਪੀ ਦੇ ਮਰੀਜ਼ਾਂ ਨੂੰ ਪਿਆਜ਼ ਦਾ ਸੇਵਨ ਜ਼ਰੂਰ ਕਰਨਾ ਚਾਹੀਦਾ ਹੈ।

ਹਾਈ ਬਲੱਡ ਪ੍ਰੈਸ਼ਰ ਦੇ ਮਰੀਜ਼ ਪਿਆਜ਼ ਦੇ ਛਿਲਕੇ ਦਾ ਕਾੜ੍ਹਾ ਜਾਂ ਚਾਹ ਬਣਾ ਕੇ ਸੇਵਨ ਕਰ ਸਕਦੇ ਹਨ। ਇਸ ਦੇ ਲਈ ਪਿਆਜ਼ ਦੇ ਛਿਲਕੇ ਨੂੰ ਇੱਕ ਗਲਾਸ ਪਾਣੀ ਵਿੱਚ ਚੰਗੀ ਤਰ੍ਹਾਂ ਉਬਾਲੋ। ਜਦੋਂ ਇਹ ਉਬਲ ਜਾਵੇ ਤਾਂ ਸ਼ਹਿਦ ਮਿਲਾ ਕੇ ਇਸ ਦਾ ਸੇਵਨ ਕੀਤਾ ਜਾ ਸਕਦਾ ਹੈ। ਤੁਸੀਂ ਪਿਆਜ਼ ਦੇ ਛਿਲਕਿਆਂ ਨੂੰ ਮਿਲਾ ਕੇ ਵੀ ਗ੍ਰੀਨ ਟੀ ਦਾ ਸੇਵਨ ਕਰ ਸਕਦੇ ਹੋ। ਇਸ ਦਾ ਫਾਇਦਾ ਵੀ ਹੋਵੇਗਾ। ਹਾਲਾਂਕਿ, ਮਾਤਰਾ ਬਾਰੇ ਡਾਕਟਰ ਨਾਲ ਸਲਾਹ ਕਰੋ।

# ਸਮਾਂ ਨਹੀਂ ਤਾਂ ਵੀ ਥੋੜੀ ਕਸਰਤ ਲਾਜ਼ਮੀ ਕਰੋ

ਰੋਜ਼ਾਨਾ ਕਸਰਤ ਜਾਂ ਕਿਸੇ ਵੀ ਤਰ੍ਹਾਂ ਦੀ ਸਰੀਰਕ ਗਤੀਵਿਧੀ ਸਾਡੀ ਸਿਹਤ ਨੂੰ ਬਣਾਈ ਰੱਖਣ ਲਈ ਬਹੁਤ ਜ਼ਰੂਰੀ ਹੈ। ਸਿਹਤ ਮਾਹਿਰ ਖ਼ਤਰਨਾਕ ਬਿਮਾਰੀਆਂ ਤੋਂ ਬਚਣ ਅਤੇ ਲੰਬੀ ਉਮਰ ਲਈ ਜੀਵਨਸ਼ੈਲੀ ਵਿਚ ਕਸਰਤ ਨੂੰ ਸ਼ਾਮਲ ਕਰਨ ਦੀ ਸਲਾਹ ਵੀ ਦਿੰਦੇ ਹਨ। ਹਾਲ ਹੀ 'ਚ ਹੋਈ ਇਕ ਖੋਜ 'ਚ ਹੈਰਾਨ ਕਰਨ ਵਾਲਾ ਖੁਲਾਸਾ ਹੋਇਆ ਹੈ। ਇਹ ਪਾਇਆ ਗਿਆ ਕਿ ਰੋਜ਼ਾਨਾ ਸਿਰਫ 11 ਮਿੰਟ ਵੀ ਕਸਰਤ ਕਰਨ ਨਾਲ ਦਿਲ ਦੀਆਂ ਬਿਮਾਰੀਆਂ, ਸਟ੍ਰੋਕ ਤੇ ਕਈ ਤਰ੍ਹਾਂ ਦੇ ਕੈਂਸਰ ਦੇ ਜੋਖ਼ਮ ਘਟਾਏ ਜਾ ਸਕਦੇ ਹਨ। ਇਸ ਵਰਕਆਊਟ 'ਚ ਤੁਸੀਂ ਵਾਕ, ਡਾਂਸ, ਸਾਈਕਲ ਚਲਾਉਣਾ, ਟੈਨਿਸ ਖੇਡਣਾ ਜਾਂ ਫਿਰ ਹਾਈਕਿੰਗ ਸ਼ਾਮਲ ਹੈ, ਜੋ ਜਾਨਲੇਵਾ ਬਿਮਾਰੀਆਂ ਦਾ ਖ਼ਤਰਾ ਘਟਾ ਸਕਦੇ ਹਨ। ਬ੍ਰਿਟੇਨ ਦੀ ਕੈਂਬਰਿਜ ਯੂਨੀਵਰਸਿਟੀ ਦੇ ਖੋਜਕਾਰਾਂ ਨੇ ਪਾਇਆ ਕਿ ਹਫ਼ਤੇ ਵਿਚ ਘੱਟੋ-ਘੱਟ 150 ਮਿੰਟ ਸਰੀਰਕ ਗਤੀਵਿਧੀ ਕਰਨੀ ਚਾਹੀਦੀ ਹੈ, ਭਾਵ ਰੋਜ਼ਾਨਾ 20-22 ਮਿੰਟ। ਇਸ ਵਿੱਚੋਂ, ਜੇਕਰ ਤੁਸੀਂ 11 ਮਿੰਟ ਦੀ ਮੱਧਮ ਤੀਬਰਤਾ ਵਾਲੀ ਕਸਰਤ ਕਰਦੇ ਹੋ ਤਾਂ ਤੁਸੀਂ ਸਮੇਂ ਤੋਂ ਪਹਿਲਾਂ ਮੌਤ ਤੋਂ ਬਚ ਸਕਦੇ ਹੋ।

ਐਮਆਰਸੀ ਐਪੀਡੇਮੀਓਲੋਜੀ ਯੂਨਿਟ ਤੋਂ ਸੋਰੇਨ ਬ੍ਰੇਜ ਨੇ ਕਿਹਾ: "ਜੇਕਰ ਇਕ ਦਿਨ ਵਿਚ 20 ਮਿੰਟ ਦੀ ਮੱਧਮ ਇੰਟੈਂਸਿਟੀ ਦਾ ਵਰਕਆਊਟ ਜ਼ਿਆਦਾ ਲਗਦਾ ਹੈ ਤਾਂ ਤੁਹਾਡੇ ਲਈ ਚੰਗੀ ਖ਼ਬਰ ਹੈ। ਰੋਜ਼ਾਨਾ 11 ਮਿੰਟ ਦੀ ਕਸਰਤ ਵੀ ਤੁਹਾਨੂੰ ਸਿਹਤਮੰਦ ਰੱਖਣ ਲਈ ਕੰਮ ਕਰ ਸਕਦੀ ਹੈ। ਇਸ ਨੂੰ ਨਾ ਕਰਨ ਨਾਲੋਂ ਕੁਝ ਗਤੀਵਿਧੀ ਕਰਨਾ ਬਿਹਤਰ ਹੈ, ਪਰ ਇਸਨੂੰ ਥੋੜ੍ਹੇ ਸਮੇਂ ਲਈ ਕਰੋ। ਰੋਜ਼ 11 ਮਿੰਟਾਂ ਤੋਂ ਸ਼ੁਰੂ ਕਰ ਕੇ ਤੁਸੀਂ ਹੌਲੀ-ਹੌਲੀ ਸਮਾਂ ਵਧਾ ਸਕਦੇ ਹੋ।'



**ਹਾਰਟ ਅਟੈਕ ਤੇ ਕੈਂਸਰ ਤੋਂ ਬਚਾਅ**

ਦਿਲ ਦੀਆਂ ਬਿਮਾਰੀਆਂ ਅਤੇ ਸਟ੍ਰੋਕ ਵਰਗੀਆਂ ਕਾਰਡੀਓਵੈਸਕੁਲਰ ਬਿਮਾਰੀਆਂ, ਦੁਨੀਆ ਭਰ ਵਿੱਚ ਮੌਤ ਦਾ ਸਭ ਤੋਂ ਵੱਡਾ ਕਾਰਨ ਬਣੀਆਂ ਹੋਈਆਂ ਹਨ। ਸਾਲ 2019 ਦੇ ਅੰਕੜਿਆਂ ਮੁਤਾਬਕ ਇਨ੍ਹਾਂ ਬਿਮਾਰੀਆਂ ਕਾਰਨ ਲਗਪਗ 18 ਕਰੋੜ ਮੌਤਾਂ ਹੋਈਆਂ ਸਨ। ਜਦੋਂ ਕਿ 2017 ਵਿੱਚ ਕੈਂਸਰ ਕਾਰਨ 96 ਲੱਖ ਲੋਕਾਂ ਦੀ ਮੌਤ ਹੋ ਗਈ ਸੀ। ਬ੍ਰਿਟਿਸ਼ ਜਰਨਲ ਆਫ਼ ਸਪੋਰਟਸ ਮੈਡੀਸਨ ਵਿਚ ਪ੍ਰਕਾਸ਼ਿਤ ਅਧਿਐਨ ਵਿਚ ਪਾਇਆ ਗਿਆ ਕਿ ਪ੍ਰਤੀ ਹਫ਼ਤੇ 75 ਮਿੰਟ ਦੀ ਮੱਧਮ ਗਤੀਵਿਧੀ ਦੀ ਐਕਟੀਵਿਟੀ ਦਿਲ ਦੀ ਬਿਮਾਰੀ ਦੇ ਵਿਕਾਸ ਦੇ ਜੋਖ਼ਮ ਨੂੰ 17 ਪ੍ਰਤੀਸ਼ਤ ਤੇ ਕੈਂਸਰ ਨੂੰ 7 ਪ੍ਰਤੀਸ਼ਤ ਤਕ ਘਟਾਉਣ ਲਈ ਕਾਫ਼ੀ ਹੈ। ਇਸ ਦੇ ਨਾਲ ਹੀ ਸਿਰ, ਗਰਦਨ, ਬਲੱਡ ਕੈਂਸਰ, ਸਕਿਨ ਕੈਂਸਰ ਤੇ ਗੈਸਟ੍ਰਿਕ ਕਾਰਡੀਆ ਕੈਂਸਰ ਦੇ ਖ਼ਤਰੇ ਨੂੰ ਲਗਪਗ 14 ਤੋਂ 26 ਫ਼ੀਸਦੀ ਤਕ ਘਟਾਇਆ ਜਾ ਸਕਦਾ ਹੈ।

**ਸਿਰਫ 11 ਮਿੰਟ ਕਾਫੀ**

ਫੇਫੜਿਆਂ, ਜਿਗਰ, ਐਂਡੋਮੈਟਰੀਅਲ, ਕੋਲਨ ਅਤੇ ਛਾਤੀ ਦੇ ਕੈਂਸਰ ਵਿਚ ਇਹ ਜੋਖ਼ਮ 3-11% ਤਕ ਘੱਟ ਜਾਂਦਾ ਹੈ। ਐਮਆਰਸੀ ਐਪੀਡੈਮਿਓਲੋਜੀ ਯੂਨਿਟ ਦੇ ਪ੍ਰੋਫੈਸਰ ਜੇਮਜ਼ ਵੁੱਡਕਾਕ ਨੇ ਕਿਹਾ: "ਅਸੀਂ ਜਾਣਦੇ ਹਾਂ ਕਿ ਪੈਦਲ ਚੱਲਣਾ ਜਾਂ ਸਾਈਕਲ ਚਲਾਉਣਾ ਸਾਡੀ ਸਿਹਤ ਲਈ ਚੰਗਾ ਹੈ, ਖ਼ਾਸ ਤੌਰ 'ਤੇ ਕਸਰਤ ਜਿਸ ਨਾਲ ਦਿਲ ਦੀ ਧੜਕਣ ਵਧਦੀ ਹੈ। ਇਹ ਸਿਹਤ ਨੂੰ ਵੀ ਲਾਭ ਪਹੁੰਚਾਉਂਦੀ ਹੈ ਤੇ ਕੈਂਸਰ ਦੇ ਜੋਖ਼ਮ ਨੂੰ ਘਟਾਉਂਦੀ ਹੈ। ਬੇਸ਼ਕ ਤੁਸੀਂ ਰੋਜ਼ ਸਿਰਫ਼ 10-11 ਮਿੰਟ ਹੀ ਕਿਉਂ ਨਾ ਵਰਕਆਊਟ ਕਰ ਰਹੇ ਹੋਵੋਂ।

# ਪਾਚਨ ਸ਼ਕਤੀ ਮਜ਼ਬੂਤ ਬਣਾਉਣ ਲਈ ਖਾਓ ਇਹ ਚੀਜਾਂ

ਕੀ ਤੁਹਾਡਾ ਪਾਚਣ ਤੰਤਰ ਠੀਕ ਨਹੀਂ ਹੈ, ਤੁਸੀਂ ਜੋ ਵੀ ਖਾਂਦੇ ਹੋ ਪਚਣ 'ਚ ਦਿੱਕਤ ਹੁੰਦੀ ਹੈ? ਕੀ ਤੁਸੀਂ ਜਾਣਦੇ ਹੋ ਪੇਟ ਦੀਆਂ ਸਮੱਸਿਆਵਾਂ ਕਿਉਂ ਹੁੰਦੀਆਂ ਹਨ? ਤੁਹਾਡੀਆਂ ਖਾਣ ਪੀਣ ਦੀਆਂ ਆਦਤਾਂ ਪਾਚਣ ਸ਼ਕਤੀ ਨੂੰ ਕਮਜ਼ੋਰ ਕਰਦੀਆਂ ਹਨ। ਫਾਈਬਰ ਨਾਲ ਭਰਪੂਰ ਭੋਜਨ ਜਿਵੇਂ ਕਿ ਸਾਬਤ ਅਨਾਜ, ਫਲ ਅਤੇ ਸਬਜ਼ੀਆਂ ਖਾਣਾ ਪਾਚਣ ਵਧਾਉਣ ਵਿਚ ਮਦਦ ਕਰ ਸਕਦਾ ਹੈ। ਪੇਟ ਦੀ ਬੇਅਰਾਮੀ ਤੋਂ ਲੈ ਕੇ ਦਰਦ, ਸੋਜ਼ਿਸ਼, ਗੈਸ, ਦਸਤ ਤੇ ਕਬਜ਼ ਤਕ ਦੇ ਲੱਛਣਾਂ ਦੇ ਨਾਲ ਲੋਕ ਅਕਸਰ ਪਾਚਣ ਸੰਬੰਧੀ ਸਮੱਸਿਆਵਾਂ ਤੋਂ ਪੀੜਤ ਹੁੰਦੇ ਹਨ।

ਮਾਹਿਰਾਂ ਅਨੁਸਾਰ ਇਹ ਭੋਜਨ ਪਾਚਣ ਲਈ ਬਹੁਤ ਜ਼ਰੂਰੀ ਹੁੰਦੇ ਹਨ- ਪ੍ਰੋਬਾਇਓਟਿਕਸ ਵਾਲੇ ਭੋਜਨ ਪੇਟ ਵਿਚ ਸਿਹਤਮੰਦ ਬੈਕਟੀਰੀਆ ਨੂੰ ਸੰਤੁਲਿਤ ਕਰਨ ਤੇ ਨੁਕਸਾਨਦੇਹ ਬੈਕਟੀਰੀਆ ਤੋਂ ਬਚਾਉਣ ਵਿਚ ਮਦਦ ਕਰਦੇ ਹਨ। ਇਨ੍ਹਾਂ ਭੋਜਨਾਂ ਨੂੰ ਡਾਈਟ 'ਚ ਸ਼ਾਮਲ ਕਰ ਕੇ ਕਈ ਬਿਮਾਰੀਆਂ ਤੋਂ ਬਚਿਆ ਜਾ ਸਕਦਾ ਹੈ। ਪੇਟ ਦੀਆਂ ਬਿਮਾਰੀਆਂ ਜਿਵੇਂ ਗੈਸ ਅਤੇ ਬਲੋਟਿੰਗ ਤੋਂ ਰਾਹਤ ਮਿਲ ਸਕਦੀ ਹੈ।

**ਸਾਬਤ ਅਨਾਜ-** ਜੌਂ, ਬਰਾਊਨ ਰਾਈਸ, ਕਵਿਨੋਆ, ਪੌਪਕੌਰਨ ਵਰਗੇ ਸਾਬਤ ਅਨਾਜ ਪਾਚਣ ਸ਼ਕਤੀ ਲਈ ਬਹੁਤ ਫਾਇਦੇਮੰਦ ਹੁੰਦੇ ਹਨ। ਇਨ੍ਹਾਂ ਵਿਚ ਪ੍ਰੀਬਾਇਓਟਿਕਸ ਹੁੰਦੇ ਹਨ ਭਾਵ ਇਹ ਭੋਜਨ ਚੰਗੇ ਬੈਕਟੀਰੀਆ ਨਾਲ ਭਰਪੂਰ ਹੁੰਦੇ ਹਨ। ਸਾਰਾ ਅਨਾਜ ਆਂਤੜੀਆਂ ਨੂੰ ਆਸਾਨ ਬਣਾਉਂਦਾ ਹੈ ਜਿਸ ਨਾਲ ਕਬਜ਼ ਤੋਂ ਰਾਹਤ ਮਿਲਦੀ ਹੈ।

ਫਲ ਖਾਣ ਨਾਲ ਪਾਚਨ ਕਿਰਿਆ ਦਰੁਸਤ ਰਹਿੰਦੀ ਹੈ

ਸੇਬ, ਨਾਸ਼ਪਾਤੀ, ਕੇਲਾ, ਪਪੀਤਾ ਤੁਹਾਡੇ ਪਾਚਣ ਲਈ ਸਭ ਤੋਂ ਵਧੀਆ ਫਲ ਹਨ। ਇਨ੍ਹਾਂ 'ਚ ਫਾਈਬਰ ਕਾਫੀ ਮਾਤਰਾ 'ਚ ਪਾਇਆ ਜਾਂਦਾ ਹੈ। ਉਹ ਹੋਰ ਵਿਟਾਮਿਨਸ ਤੇ ਖਣਿਜਾਂ ਨਾਲ ਭਰਪੂਰ ਹੁੰਦੇ ਹਨ ਜੋ ਪਾਚਣ ਵਿਚ ਮਦਦ ਕਰਦੇ ਹਨ। ਫਲਾਂ ਦਾ ਨਿਯਮਤ ਸੇਵਨ ਮਲ ਤਿਆਗਣ ਦੀ ਕਿਰਿਆ 'ਚ ਮਦਦ ਕਰਦਾ ਹੈ।

ਪਾਚਣ ਤੰਤਰ ਨੂੰ ਖ਼ਰਾਬ ਕਰਦੀਆਂ ਹਨ ਇਹ ਚੀਜ਼ਾਂ...

**ਆਇਲੀ ਫੂਡ-** ਤਲੇ ਹੋਏ ਭੋਜਨ ਵਿਚ ਫਾਈਬਰ ਦੀ ਮਾਤਰਾ ਘੱਟ ਹੁੰਦੀ ਹੈ। ਇਹ ਦਸਤ ਦਾ ਕਾਰਨ ਬਣ ਸਕਦਾ ਹੈ। ਜੇਕਰ ਤੁਸੀਂ ਜ਼ਿਆਦਾ ਤੇਲ ਵਾਲਾ ਭੋਜਨ ਖਾਂਦੇ ਹੋ ਤਾਂ ਤੁਹਾਡੀ ਅੰਤੜੀ ਪ੍ਰਭਾਵਿਤ ਹੋ ਸਕਦੀ ਹੈ।

**ਪ੍ਰੋਸੈਸਡ ਭੋਜਨ-** ਪ੍ਰੋਸੈਸਡ ਫੂਡ ਵਿਚ ਪੌਸ਼ਟਿਕ ਤੱਤਾਂ ਦੀ ਘਾਟ ਹੁੰਦੀ ਹੈ। ਇਨ੍ਹਾਂ ਵਿਚ ਜ਼ਿਆਦਾ ਖੰਡ ਤੇ ਘੱਟ ਫਾਈਬਰ ਹੁੰਦੇ ਹਨ। ਇਸ ਨਾਲ ਕਬਜ਼ ਅਤੇ ਹੋਰ ਪਾਚਣ ਸਮੱਸਿਆਵਾਂ ਹੋ ਸਕਦੀਆਂ ਹਨ।

**ਆਰਟੀਫਿਸ਼ੀਅਲ ਸਵੀਟਨਰ-** ਆਰਟੀਫਿਸ਼ੀਅਲ ਸਵੀਟਨਰ ਦੇ ਕੜਵੱਲ ਤੇ ਦਸਤ ਦਾ ਕਾਰਨ ਬਣ ਸਕਦੇ ਹਨ।

**ਸ਼ਰਾਬ-** ਅਲਕੋਹਲ ਦਾ ਸੇਵਨ ਪਾਚਣ ਪ੍ਰਣਾਲੀ ਸਬੰਧੀ ਸਮੱਸਿਆਵਾਂ ਪੈਦਾ ਕਰ ਸਕਦਾ ਹੈ। ਜੇਕਰ ਤੁਸੀਂ ਪਾਚਣ ਕਿਰਿਆ ਨੂੰ ਠੀਕ ਰੱਖਣਾ ਚਾਹੁੰਦੇ ਹੋ ਤਾਂ ਸ਼ਰਾਬ ਪੀਣ ਤੋਂ ਪਰਹੇਜ਼ ਕਰੋ।

### ਖੇਡ ਰਤਨ ਐਵਾਰਡ ਮਿਲਣ ’ਤੇ ਵਧਾਈਆਂ

# ਖੇਡਾਂ ਨੂੰ ਕਲਮ ਰਾਹੀਂ ਆਮ ਜਨ ਤੱਕ ਪਹੁੰਚਾਉਣ ਵਾਲੇ ਪ੍ਰਿੰਸੀਪਲ ਸਰਵਣ ਸਿੰਘ

**ਨਵਦੀਪ ਸਿੰਘ ਗਿੱਲ**

ਪੰਜਾਬੀ ਖੇਡ ਸਾਹਿਤ ਦੇ ਮੋਹੜੀ ਗੱਡ ਪ੍ਰਿੰਸੀਪਲ ਸਰਵਣ ਸਿੰਘ ਨੂੰ 5 ਮਾਰਚ ਨੂੰ ਦੋਆਬੇ ਦੀਆਂ ਓਲੰਪਿਕਸ ਆਖੀਆਂ ਜਾਂਦੀਆਂ ਪੁਰੇਵਾਲ ਖੇਡਾਂ ਉਤੇ ਖੇਡ ਰਤਨ ਪੁਰਸਕਾਰ ਨਾਲ ਸਨਮਾਨਿਆ ਜਾ ਰਿਹਾ ਹੈ। ਪ੍ਰਿੰਸੀਪਲ ਸਰਵਣ ਸਿੰਘ ਨੂੰ ਕੋਈ ਵਾਰਤਕ ਦਾ ਉਚਾ ਬੁਰਜ ਆਖਦਾ ਹੈ, ਕੋਈ ਖੇਡ ਲਿਖਾਰੀਆਂ ਦਾ ਓਲੰਪੀਅਨ। ਕੋਈ ਪੰਜਾਬੀ ਸਾਹਿਤ ਦਾ ‘ਸਰਵਣ ਪੁੱਤ’ ਆਖਦਾ, ਕੋਈ ਪੰਜਾਬੀ ਖੇਡ ਸਾਹਿਤ ਦਾ ਬਾਬਾ ਬੋਹੜ। ਖੇਡਾਂ ਤੇ ਖਿਡਾਰੀਆਂ ਦੇ ਮਾਰਗ ਦਰਸ਼ਕ ਰਹੇ ਸਾਬਕਾ ਡੀਜੀਪੀ ਰਾਜਦੀਪ ਸਿੰਘ ਗਿੱਲ ਉਨ੍ਹਾਂ ਨੂੰ ਪੰਜਾਬੀਆਂ ਦਾ ਸ਼ੇਕਸਪੀਅਰ ਕਹਿ ਕੇ ਵਡਿਆਇਆ। 83 ਵਰ੍ਹਿਆਂ ਦੇ ਪ੍ਰਿੰਸੀਪਲ ਸਰਵਣ ਸਿੰਘ ਪਿਛਲੇ 63 ਵਰ੍ਹਿਆਂ ਤੋਂ ਖੇਡਾਂ ਅਤੇ ਖਿਡਾਰੀਆਂ ਬਾਰੇ ਲਿਖ ਰਹੇ ਹਨ। ਉਹ ਕਿਤਾਬਾਂ ਦਾ ਅਰਧ ਸੈਂਕੜਾ ਪਾਰ ਕਰ ਚੁੱਕੇ ਹਨ। ਸਾਹਿਤਕਾਰਾਂ ਤੇ ਸਿਆਸਤਦਾਨਾਂ ਬਾਰੇ ਲਿਖਦਿਆਂ ਵੀ ਉਨ੍ਹਾਂ ਦੀ ਤੁਲਨਾ ਖਿਡਾਰੀਆਂ ਤੇ ਖੇਡਾਂ ਨਾਲ ਕਰ ਦਿੰਦੇ ਹਨ। ਉਨ੍ਹਾਂ ਦੀ ਹਰ ਗੱਲ ਵਿਚ ਖੇਡਾਂ ਸਿੱਧੇ ਜਾਂ ਅਸਿੱਧੇ ਤੌਰ ਉਤੇ ਸ਼ਾਮਲ ਹੋ ਜਾਂਦੀਆਂ ਹਨ। ਪਿਛਲੇ ਦਿਨੀਂ ਹਾਕੀ ਓਲੰਪੀਅਨ ਬ੍ਰਿਗੇਡੀਅਰ ਹਰਚਰਨ ਸਿੰਘ ਨੂੰ ਮਿਲਣ ਦਾ ਸਬਬ ਬਣਿਆ ਤਾਂ ਉਨ੍ਹਾਂ ਦੱਸਿਆ ਕਿ ਉਨ੍ਹਾਂ ਨੂੰ ਯਾਦ ਹੈ, 1968 ’ਚ ਸਰਵਣ ਸਿੰਘ ਨੇ ਲਿਖਿਆ ਸੀ: 68 ਕਿਲੋ ਭਾਰ ਵਾਲਾ ਹਰਚਰਨ 68 ਦੀ ਓਲੰਪਿਕ ਦੀ ਤਿਆਰੀ ਕਰ ਰਿਹਾ ਹੈ।

ਉਨ੍ਹਾਂ ਦੇ ਲਿਖੇ ਫਿਕਰੇ ਦਹਾਕਿਆਂ ਤੱਕ ਯਾਦ ਰਹਿੰਦੇ ਹਨ।

ਸਰਵਣ ਸਿੰਘ ਦੀ ਖਿੱਚ ਭਰਪੂਰ ਵਾਰਤਕ ਸ਼ੈਲੀ ਉਨ੍ਹਾਂ ਦੀ ਲੇਖਣੀ ਦੇ ਹਿੱਟ ਹੋਣ ਦਾ ਮੁੱਖ ਕਾਰਨ ਹੈ। ਉਨ੍ਹਾਂ ਦੀ ਲੇਖਣੀ ਅਤੇ ਰਹਿਣੀ ਬਹਿਣੀ ਵਿਚ ਮੜਕ, ਰੜਕ ਤੇ ਬੜ੍ਹਕ ਜਵਾਨਾਂ ਵਾਲੀ ਹੈ। ਹਰ ਸਾਲ ਨਵੀਂ ਕਿਤਾਬ ਆ ਜਾਂਦੀ ਹੈ। ਰੋਜ਼ਾਨਾ ਅੱਠ ਘੰਟੇ ਪੜ੍ਹਨ ਅਤੇ ਲਿਖਣ ਵਿਚ ਗੁਜ਼ਾਰਦੇ ਹਨ ਅਤੇ ਅੱਠ ਕਿਲੋਮੀਟਰ ਸੈਰ ਕਰਦੇ ਹਨ। ਕੈਨੇਡਾ ਹੋਣ ਤਾਂ ਤੈਰਾਕੀ ਪੂਲ ਵਿਚ ਤਾਰੀਆਂ ਲਾ ਲੈਂਦੇ ਹਨ। ਖੇਡ ਲਿਖਾਰੀਆਂ ਦੇ ਭੀਸ਼ਮ ਪਿਤਾਮਾ ਸਰਵਣ ਸਿੰਘ ਦੇ ਜੀਵਨ ਉਤੇ ਝਾਤ ਮਾਰੀਏ ਤਾਂ ਖੇਡਾਂ ਬਾਰੇ ਲੇਖਣੀ ਤੋਂ ਬਿਨਾ ਵੀ ਉਨ੍ਹਾਂ ਦਾ ਜੀਵਨ ਪਿੰਡਾਂ, ਕਿਸਾਨਾਂ, ਖੇਤੀਬਾੜੀ, ਸਿੱਖਿਆ, ਸਾਹਿਤ, ਸੱਭਿਆਚਾਰ ਖੇਤਰ ਦੇ ਲੋਕਾਂ ਲਈ ਵੀ ਚਾਨਣ ਮੁਨਾਰਾ ਹੈ।

ਸਰਵਣ ਸਿੰਘ ਸਹੀ ਮਾਇਨਿਆਂ ਵਿਚ ਪਿੰਡਾਂ ਦੀ ਪੈਦਾਇਸ਼ ਹਨ। ਬਰਨਾਲਾ ਤੇ ਮੋਗਾ ਜ਼ਿਲ੍ਹਿਆਂ ਦੀ ਹੱਦ ਨਾਲ ਲੱਗਦੇ ਲੁਧਿਆਣਾ ਜ਼ਿਲੇ ਦੇ ਪਿੰਡ ਚਕਰ ਤੋਂ ਉਠ ਕੇ ਪੜ੍ਹਨ ਲਈ ਨਵੀਂ ਦਿੱਲੀ ਚਲੇ ਗਏ ਅਤੇ ਉਥੇ ਹੀ ਪੰਜਾਬੀ ਪੜ੍ਹਾਉਣ ਲੱਗ ਪਏ। ਪ੍ਰਸਿੱਧ ਲੇਖਕ ਜਸਵੰਤ ਸਿੰਘ ਕੰਵਲ ਨੇ ਤਾਅਨਾ ਮਾਰਿਆ, “ਜੇ ਪਿੰਡਾਂ ਦੇ ਪੜ੍ਹਿਆਂ ਨੇ ਪਿੰਡਾਂ ਵਿਚ ਪੜ੍ਹਾਉਣਾ ਹੀ ਨਹੀਂ ਤਾਂ ਪਿੰਡਾਂ ਵਾਲਿਆਂ ਨੂੰ ਆਪਣੇ ਨਿਆਣੇ ਨਹੀਂ ਪੜ੍ਹਾਉਣੇ ਚਾਹੀਦੇ।” ਦੁਨੀਆ ਅੱਗੇ ਵਧਣ ਲਈ ਜੁਗਾੜ ਲਾਉਂਦੀ ਹੈ ਪਰ ਸਰਵਣ ਸਿੰਘ ਨੇ ਨਵੀਂ ਦਿੱਲੀ ਠੁੱਕ ਬੱਝਣ ਤੋਂ ਬਾਅਦ ਵੀ ਪਿੰਡਾਂ ਵੱਲ ਚਾਲੇ ਪਾ ਦਿੱਤੇ। ਉਹ ਢੁੱਡੀਕੇ ਆ ਗਏ ਅਤੇ ਸਰਕਾਰੀ ਕਾਲਜ ਵਿਚ ਪੰਜਾਬੀ ਪੜ੍ਹਾਉਣ ਲੱਗੇ। ਕਰੀਬ ਤਿੰਨ ਦਹਾਕੇ ਵਿਚ ਇਸ ਕਾਲਜ ਨੂੰ ਪੇਂਡੂ ਕਾਲਜਾਂ ਦਾ ਮੋਹਰੀ ਬਣਾ ਦਿੱਤਾ। ਪ੍ਰਸਿੱਧ ਅਰਥ ਸ਼ਾਸਤਰੀ ਸਰਦਾਰਾ ਸਿੰਘ ਜੌਹਲ ਦੀ ਪ੍ਰੇਰਨਾ ਨਾਲ ਉਨ੍ਹਾਂ ਨਵਾਂਸ਼ਹਿਰ ਜ਼ਿਲ੍ਹੇ ਦੇ ਪਿੰਡ ਮੁਕੰਦਪੁਰ ਵਿਚ ਨਵੇਂ ਖੁੱਲ੍ਹੇ ਅਮਰਦੀਪ ਸਿੰਘ ਸ਼ੇਰਗਿੱਲ ਮੈਮੋਰੀਅਲ ਕਾਲਜ ਵਿਚ ਪ੍ਰਿੰਸੀਪਲ ਵਜੋਂ ਸੇਵਾਵਾਂ ਨਿਭਾਈਆਂ। ਪੇਂਡੂ ਵਿਦਿਆਰਥੀਆਂ ਲਈ ਇਹ ਕਾਲਜ ਨਵੀਂ ਆਸ ਦੀ ਕਿਰਨ ਬਣਿਆ।

ਆਪਣੇ ਮੁੱਢਲੇ ਦੌਰ ਵਿਚ ਉਨ੍ਹਾਂ ਕਹਾਣੀਆਂ ਲਿਖੀਆਂ। ਕਹਾਣੀਆਂ ਲਿਖਣਾ ਜਾਰੀ ਰੱਖਦੇ ਤਾਂ ਅੱਜ ਉਨ੍ਹਾਂ ਦੀ ਗਿਣਤੀ ਚੋਟੀ ਦੇ ਕਹਾਣੀਕਾਰਾਂ ਵਿਚ ਹੁੰਦੀ। ਗਿਣਤੀ ਹੁਣ ਵੀ ਚੋਟੀ ਦੇ ਵਾਰਤਕ ਲਿਖਣ ਵਾਲਿਆਂ ਵਿਚ ਹੁੰਦੀ ਹੈ। ਵੈਸੇ ਉਨ੍ਹਾਂ ਕਹਾਣੀਆਂ, ਰੇਖਾ ਚਿੱਤਰ, ਸਫ਼ਰਨਾਮੇ, ਹਾਸ ਵਿਅੰਗ, ਜੀਵਨੀਆਂ, ਸਵੈ-ਜੀਵਨੀ ਤੇ ਪੇਂਡੂ ਜੀਵਨ ਬਾਰੇ ਫੁਟਕਲ ਲੇਖ ਵੀ ਲਿਖੇ ਹਨ। ਕਿਸਾਨੀ, ਸਹਾਇਕ ਧੰਦਿਆਂ, ਪਿੰਡ ਦੀਆਂ ਸੱਥਾਂ ਬਾਰੇ ਲਿਖੇ ਲੇਖ ਵੀ ਉਨ੍ਹਾਂ ਦੇ ਖੇਤੀ ਵਿਗਿਆਨੀ ਤੋਂ ਘੱਟ ਨਹੀਂ ਹੁੰਦੇ। ਪ੍ਰਿੰਸੀਪਲ ਸਰਵਣ ਸਿੰਘ ਨੇ ਆਪਣੀ ਪਹਿਲੀ ਪੁਸਤਕ ‘ਪੰਜਾਬ ਦੇ ਉੱਘੇ ਖਿਡਾਰੀ’ ਦੀ ਭੂਮਿਕਾ ਪਹੁ-ਫੁਟਾਲਾ ਦੇ ਸਿਰਲੇਖ ਹੇਠ ਬੰਨ੍ਹੀ ਸੀ। ਇਸ ਦੀਆਂ ਅੰਤਲੀਆਂ ਸਤਰਾਂ ਸਨ, “ਮੇਰੀ ਤਕੜਾ ਖਿਡਾਰੀ ਬਣਨ ਦੀ ਰੀਝ ਸੀ ਜੋ ਪੂਰੀ ਨਹੀਂ ਹੋਈ। ਜੋ ਕੁਝ ਮੈਂ ਸਰੀਰ ਨਾਲ ਨਹੀਂ ਕਰ ਸਕਿਆ, ਉਹ ਕੁਝ ਕਲਮ ਨਾਲ ਕਰਨ ਦੀ ਕੋਸ਼ਿਸ਼ ਕਰ ਰਿਹਾਂ।... ਹੱਥਲੀ ਪੁਸਤਕ ਮੇਰੀ ਲਿਖਤ ਦਾ ਪਹੁ-ਫੁਟਾਲਾ ਹੈ ਤੇ ਇਹ ਮੈਂ ਉਨ੍ਹਾਂ ਮਾਵਾਂ ਨੂੰ ਸਮਰਪਣ ਕਰਦਾ ਹਾਂ ਜਿਨ੍ਹਾਂ ਪੀੜਾਂ ਜਰ ਕੇ ਯੋਧੇ ਖਿਡਾਰੀ ਜਨਮੇ ਹਨ।”

ਸਰਵਣ ਸਿੰਘ ਨੂੰ ਭਾਸ਼ਾ ਵਿਭਾਗ ਪੰਜਾਬ ਦਾ ਸ਼੍ਰੋਮਣੀ ਪੰਜਾਬੀ ਲੇਖਕ ਪੁਰਸਕਾਰ, ਪੰਜਾਬੀ ਸਾਹਿਤ ਅਕੈਡਮੀ ਦਾ ਕਰਤਾਰ ਸਿੰਘ ਧਾਲੀਵਾਲ ਐਵਾਰਡ, ਪੰਜਾਬੀ ਸੱਥ ਲਾਂਬੜਾ ਦਾ ਸੱਯਦ ਵਾਰਿਸ ਸ਼ਾਹ ਐਵਾਰਡ, ਸਪੋਰਟਸ ਅਥਾਰਟੀ ਆਫ ਇੰਡੀਆ ਦਾ ਖੇਡ ਸਾਹਿਤ ਦਾ ਨੈਸ਼ਨਲ



ਐਵਾਰਡ, ਕਮਲਜੀਤ ਖੇਡਾਂ ਦੌਰਾਨ ਸੁਰਜੀਤ ਯਾਦਗਾਰੀ ਐਵਾਰਡ, ਕਿਲ੍ਹਾ ਰਾਏਪੁਰ ਖੇਡਾਂ ਦੌਰਾਨ ਸਨਮਾਨ, ਪੁਰੇਵਾਲ ਖੇਡ ਮੇਲੇ ਉਤੇ ਲਾਈਫ ਟਾਈਮ ਅਚੀਵਮੈਂਟ ਐਵਾਰਡ ਦਿੰਦਿਆਂ ਗੁਰਜ ਨਾਲ ਸਨਮਾਨਤ ਕੀਤਾ ਗਿਆ। ਇਸ ਤੋਂ ਇਲਾਵਾ ਸਾਹਿਤ ਸਭਾਵਾਂ ਤੇ ਖੇਡ ਮੇਲਿਆਂ ਦੌਰਾਨ ਉਨ੍ਹਾਂ ਨੂੰ ਅਨੇਕਾਂ ਮਾਣ-ਸਨਮਾਨ ਮਿਲੇ ਹਨ। ਆਪਣੇ ਅਧਿਆਪਨ ਦੇ ਸਫਰ ਦੌਰਾਨ ਉਹ ਗੁਰੂ ਨਾਨਕ ਦੇਵ ਯੂਨੀਵਰਸਿਟੀ ਦੀ ਸੈਨੇਟ ਤੇ ਸਿੰਡੀਕੇਟ ਅਤੇ ਪੰਜਾਬ ਸਕੂਲ ਸਿੱਖਿਆ ਬੋਰਡ ਦੇ ਮੈਂਬਰ ਵੀ ਰਹੇ।

ਸਰਵਣ ਸਿੰਘ ਦੀਆਂ ਲਿਖਤਾਂ ਵਿਚ ਪੰਜਾਬੀ ਦੀਆਂ ਉਪ ਭਾਸ਼ਾਵਾਂ ਦੀ ਭਰਮਾਰ ਹੈ। ਉਨ੍ਹਾਂ ਦੇ ਪਾਠਕ ਚਾਹੇ ਮਲਵਈ ਹੋਣ ਜਾਂ ਮਝੈਲ ਜਾਂ ਫੇਰ ਦੋਆਬੀਏ ਤੇ ਪੁਆਧੀ, ਸਭ ਨੂੰ ਉਨ੍ਹਾਂ ਦੀਆਂ ਲਿਖਤਾਂ ਨਾਲ ਅਪਣੱਤ ਮਹਿਸੂਸ ਹੁੰਦੀ ਹੈ।

ਸਰਵਣ ਸਿੰਘ ਖਿਡਾਰੀ ਨਾਲ ਜੁੜੇ ਸਾਰੇ ਜੀਵਨ ਵੇਰਵੇ ਅਜਿਹੇ ਤਰੀਕੇ ਨਾਲ ਪੇਸ਼ ਕਰਦੇ ਹਨ ਕਿ ਖਿਡਾਰੀ ਦਾ ਪਿਛੋਕੜ, ਉਹਦੀ ਮਾਨਸਿਕਤਾ ਤੇ ਉਹਦਾ ਵਿਹਾਰ ਸਜਿੰਦ ਰੂਪ ਵਿਚ ਉਭਰ ਕੇ ਸਾਹਮਣੇ ਆ ਜਾਂਦਾ ਹੈ। ਜਦੋਂ ਉਹ ਮਿਲਖਾ ਸਿੰਘ ਨੂੰ ਦੌੜਦਿਆਂ ਦਿਖਾਉਂਦੇ ਹਨ ਤਾਂ ਸ਼ਬਦਾਂ ਤੇ ਵਾਕਾਂ ਨੂੰ ਅਜਿਹੀ ਕਲਾਤਮਕਤਾ ਨਾਲ ਪਰੋ ਦਿੰਦੇ ਹਨ ਕਿ ਪਾਠਕ ਖ਼ੁਦ ਮਿਲਖਾ ਸਿੰਘ ਨਾਲ ਸਾਹੋ-ਸਾਹ ਹੋਇਆ ਦੌੜਦਾ ਹੈ। ਇਹ ਭਾਵੇਂ ਧਰਤੀ ਧੱਕ ਵਾਲਾ ਪਰਵੀਨ ਕੁਮਾਰ ਹੋਵੇ, ਮੁੜ੍ਹਕੇ ਦੇ ਮੋਤੀ ਗੁਰਬਚਨ ਸਿੰਘ ਰੰਧਾਵਾ ਤੇ ਭਾਵੇਂ ਅੱਗ ਦੀ ਨਾਲ ਜਾਂ ਅਲਸੀ ਦਾ ਫੁੱਲ ਦੇ ਨਾਇਕ ਮਹਿੰਦਰ ਸਿੰਘ ਗਿੱਲ ਜਾਂ ਫੇਰ ਪ੍ਰਦੁੱਮਣ ਸਿੰਘ, ਉਹ ਆਪਣੀ ਵਾਰਤਕ ਦੀ ਜਾਦੂਗਰੀ ਨਾਲ ਸ਼ਬਦਾਂ ਦਾ ਅਜਿਹਾ ਜਾਲ ਬੁਣਦੇ ਹਨ ਕਿ ਕੋਈ ਵੀ ਪਾਠਕ ਉਨ੍ਹਾਂ ਦਾ ਪੂਰਾ ਲੇਖ ਪੜ੍ਹੇ ਬਿਨਾ ਇਸ ਜਾਲ ਵਿਚੋਂ ਨਿਕਲ ਨਹੀਂ ਸਕਦਾ।

ਸਰਵਣ ਸਿੰਘ ਸਾਇਬੇਰੀਅਨ ਕੂੰਜਾਂ ਵਾਂਗ ਹੁਣ ਜਦੋਂ ਸਿਆਲਾਂ ਦੀ ਰੁੱਤੇ ਕੈਨੇਡਾ ਤੋਂ ਭਾਰਤ ਚਾਰ ਮਹੀਨਿਆਂ ਲਈ ਆਉਂਦੇ ਹਨ ਤਾਂ ਮੁਕੰਦਪੁਰ ਹੀ ਰਹਿੰਦੇ ਹਨ। ਪੰਜਾਬ ਦੇ ਕੋਨੇ ਕੋਨੇ ਵਿਚ ਘੁੰਮਦੇ ਫਿਰਦੇ ਹਨ। ਉਨ੍ਹਾਂ ਦਾ ਵੱਡਾ ਪੁੱਤਰ ਜਗਵਿੰਦਰ ਸਿੰਘ ਮੁਕੰਦਪੁਰ ਹੀ ਰਹਿੰਦਾ ਹੈ ਜੋ ਅਮਰਦੀਪ ਕਾਲਜ ਵਿਚ ਪੰਜਾਬੀ ਪੜ੍ਹਾਉਂਦਾ ਹੈ। ਛੋਟਾ ਪੁੱਤਰ ਗੁਰਵਿੰਦਰ ਸਿੰਘ ਕੈਨੇਡਾ ਰਹਿੰਦਾ ਹੈ। ਪਿੰਡਾਂ ਵਿਚ ਘੁੰਮਦਿਆਂ ਝੋਨੇ ਦੇ ਖੇਤ ਦੇਖ ਕੇ ਉਨ੍ਹਾਂ ਧਰਤੀ ਹੇਠਲੇ ਪਾਣੀ ਨੂੰ ਸਾਂਭਣ ਦਾ ਹੋਕਾ ਦਿੰਦਾ ਲੇਖ ਲਿਖਿਆ। ਉਨ੍ਹਾਂ ਦੀ ਤੰਦਰੁਸਤੀ ਦਾ ਰਾਜ਼ ਪੇਂਡੂ ਰਹਿਣੀ-ਬਹਿਣੀ ਤੇ ਸਾਦਾ ਜੀਵਨ ਹੈ। **(ਧੰਨਵਾਦ ਸਹਿਤ)**

# ਦੂਜੀ ਵਿਸ਼ਵ ਜੰਗ ਦੇ 100 ਸਾਲਾ ਪੰਜਾਬੀ ਫੌਜੀ ਦਾ ਬ੍ਰਿਟੇਨ ਨੇ ਸਨਮਾਨ ਕੀਤਾ

"ਟੈਕ ਪੋਸਟ, ਲੋਡ ਕਰ ਦਿਓ, ਜਿਵੇਂ ਹੀ ਫਾਇਰ ਕਰਨ ਦਾ ਆਰਡਰ ਮਿਲਦਾ, ਅਸੀਂ ਫਾਇਰ ਕਰਨਾ ਹੁੰਦਾ ਸੀ। ਬਹੁਤ ਜ਼ੋਰ ਦੀ ਆਵਾਜ਼ ਹੁੰਦੀ ਸੀ। ਕਰਨਲ ਸਾਹਿਬ ਨੇ ਸਾਨੂੰ ਸ਼ਾਬਾਸ਼ੀ ਦਿੱਤੀ ਤੇ ਕਿਹਾ ਕਿ ਯੂਨਿਟ ਬਹੁਤ ਚੰਗੀ ਹੈ। ਇਸ ਯੂਨਿਟ ਨੂੰ ਜਿੱਥੇ ਵੀ ਪੋਸਟ ਕਰੋ, ਇਹ ਦੁਸ਼ਮਣ ਨੂੰ ਮਾਰ ਸੁੱਟੇਗੀ।" ਇਨ੍ਹਾਂ ਸ਼ਬਦਾਂ ਨੂੰ ਸਾਡੇ ਨਾਲ ਸਾਂਝਾ ਕੀਤਾ ਉਮਰ ਹਯਾਤ ਨੇ, ਜੋ ਦੂਜੇ ਵਿਸ਼ਵ ਯੁੱਧ ’ਚ ਹਿਸਾ ਲੈਣ ਵਾਲੇ ਲਾਂਸ ਨਾਇਕ ਸਨ। ਉਮਰ ਹਯਾਤ ਨੇ 1914 ਵਿੱਚ ਦੂਜੀ ਵਿਸ਼ਵ ਜੰਗ ਲੜੀ ਸੀ। ਇਸ ਵੇਲੇ ਉਹ ਪਾਕਿਸਤਾਨ ਦੇ ਸੂਬਾ ਪੰਜਾਬ ਦੇ ਤਲਾਗੰਗ ਜ਼ਿਲ੍ਹੇ ਦੇ ਪਿੰਡ ਢੇਰਮੋਂਡ ਵਿੱਚ ਰਹਿ ਰਹੇ ਹਨ।

ਉਮਰ ਹਯਾਤ ਨੇ ਜੰਗ ਦੀਆਂ ਯਾਦਾਂ ਨੂੰ ਸਾਡੇ ਨਾਲ ਸਾਂਝਾ ਕੀਤਾ। ਉਮਰ ਹਯਾਤ ਨੇ ਇਸ ਦੌਰਾਨ ਜੋ ਵੀ ਬਿਆਨ ਕੀਤਾ, ਉਹ ਕੁਝ ਇਸ ਤਰ੍ਹਾਂ ਸੀ- ਜਦੋਂ ਲੜਾਈ ਲੱਗੀ ਤਾਂ ਮੇਰੇ ਪਿਤਾ ਨੇ ਮੈਨੂੰ ਆਖਿਆ ਮੈਂ 1914 ਦੀ ਜੰਗ ਲੜੀ ਹੈ। ਹੁਣ ਯੁੱਧ ਸ਼ੁਰੂ ਹੋ ਗਿਆ ਹੈ ਤਾਂ ਤੈਨੂੰ ਮੁਲਕ ਲਈ ਕੁਰਬਾਨੀ ਦੇਣੀ ਹੋਵੇਗੀ। ਸਾਲ 1941 ’ਚ ਗ੍ਰੇਟ ਬ੍ਰਿਟੇਨ ਨੇ ਜਪਾਨ ਖ਼ਿਲਾਫ਼ ਜੰਗ ਲੜੀ। ਉਸ ਦੌਰਾਨ ਮੈਂ 7 ਸਾਲ ਅਤੇ 87 ਦਿਨਾਂ ਤੱਕ ਜੰਗ ਵਿੱਚ ਰਿਹਾ ਸੀ। ਅਸੀਂ ਕਲਕੱਤੇ ਦੀ ਹਿਫ਼ਾਜ਼ਤ ਕੀਤੀ ਸੀ। ਉਸ ਤੋਂ ਬਾਅਦ ਹੁਕਮ ਮਿਲਿਆ ਕਿ ਬਰਮਾ ਵਾਲੇ ਪਾਸੇ ਜ਼ਬਰਦਸਤ ਜੰਗ ਹੋ ਰਹੀ ਹੈ। ਫਿਰ ਅਸੀਂ ਉੱਥੇ ਹਾਰ ਗਏ।

ਸਾਨੂੰ ਆਦੇਸ਼ ਸੀ ਕਿ ਉੱਥੇ ਯੂਨਿਟ ’ਚ ਸ਼ਾਮਲ ਹੋਣ ਲਈ ਪਹੁੰਚੋ, ਅਸੀਂ ਉੱਥੇ ਪਹੁੰਚੇ ਅਤੇ ਚਾਰਜ ਲਿਆ। ਉਸ ਦੌਰਾਨ ਅਸੀਂ ਤਿੰਨ ਸਾਲਾਂ ਤੱਕ ਅਸਮ ਵਿੱਚ ਰਹੇ ਸੀ। ਉੱਥੇ ਜੰਗੀ ਜਹਾਜ਼ ਆਉਂਦੇ ਅਤੇ ਵਾਪਸ ਚਲੇ ਜਾਂਦੇ ਸਨ। ਅਸੀਂ ਕੋਸ਼ਿਸ਼ ਵਿੱਚ ਸੀ ਕਿ ਇੱਕ ਵਾਰ ਜਹਾਜ਼ ਨੂੰ ਨਿਸ਼ਾਨਾ ਬਣਾਈਏ ਪਰ ਸਾਨੂੰ ਤਾਂ ਪਤਾ ਨਹੀਂ ਲਗਦਾ ਸੀ। ਪਰ ਸਾਡੇ ਅਫ਼ਸਰ ਦੱਸਦੇ ਹੁੰਦੇ ਸਨ ਕਿ ਇੱਕ ਜਹਾਜ਼ ਕ੍ਰੈਸ਼ ਹੋ ਗਿਆ ਹੈ ਪਰ ਮੈਂ ਇਹ ਖ਼ੁਦ ਆਪਣੀ ਅੱਖੀਂ ਕਦੇ ਨਹੀਂ ਦੇਖਿਆ ਸੀ।

ਬ੍ਰਿਟਿਸ਼ ਹਾਈ ਕਮਿਸ਼ਨ, ਇਸਲਾਮਾਬਾਦ ਨੇ ਉਮਰ ਹਯਾਤ ਨੂੰ ਮੈਡਲਾਂ ਨਾਲ ਮੁੜ ਨਿਵਾਜਿਆ ਗਿਆ। ਉਨ੍ਹਾਂ ਨੂੰ 23 ਫਰਵਰੀ ਨੂੰ ਮੈਡਲ ਦਿੱਤੇ ਗਏ। ਪਿਛਲੇ ਸਾਲ ਯਾਦਗਾਰੀ ਦਿਵਸ ਮਨਾਉਣ ਲਈ ਬ੍ਰਿਟਿਸ਼ ਹਾਈ ਕਮਿਸ਼ਨ ਦੇ ਨੁਮਾਇੰਦਿਆਂ ਨੇ ਪਾਕਿਸਤਾਨ ਵਿੱਚ ਦੂਜੇ ਵਿਸ਼ਵ ਯੁੱਧ ਦੇ ਬਚੇ ਕੁਝ ਸਾਬਕਾ ਸੈਨਿਕਾਂ ਨਾਲ ਵਿਸ਼ੇਸ਼ ਮੁਲਾਕਾਤ ਕੀਤੀ ਸੀ। ਬ੍ਰਿਟਿਸ਼ ਹਾਈ ਕਮਿਸ਼ਨ ਨੇ ਕਿਹਾ, "ਇਹ ਉਨ੍ਹਾਂ ਦੀ ਹਿੰਮਤ ਅਤੇ ਕੁਰਬਾਨੀ ਸਦਕਾ ਹੀ ਹੈ ਕਿ ਅੱਜ ਅਸੀਂ ਇੱਥੋਂ ਤੱਕ ਪਹੁੰਚੇ ਹਾਂ।" "ਇਨ੍ਹਾਂ ਮੁਲਾਕਾਤਾਂ ਦੌਰਾਨ ਸਾਨੂੰ ਪਤਾ ਲੱਗਾ ਕਿ ਦੋ ਅਨੁਭਵੀ ਲਾਂਸ ਨਾਇਕ ਖ਼ਾਨ ਬਹਾਦੁਰ ਅਤੇ ਲਾਂਸ ਨਾਇਕ ਉਮਰ ਹਯਾਤ ਨੇ ਹੜ੍ਹਾਂ ਅਤੇ ਚੋਰੀ ਕਾਰਨ



ਆਪਣੇ ਯੁੱਧ ਮੈਡਲ ਗੁਆ ਲਏ ਹਨ।"

ਉਨ੍ਹਾਂ ਅੱਗੇ ਕਿਹਾ, "ਬ੍ਰਿਟਿਸ਼ ਹਾਈ ਕਮਿਸ਼ਨ ਨੇ ਇਨ੍ਹਾਂ ਸਾਬਕਾ ਸੈਨਿਕਾਂ ਦੇ ਗਵਾਏ ਮੈਡਲਾਂ ਨੂੰ ਬਦਲਣ ਦਾ ਫੈਸਲਾ ਕੀਤਾ।" ਉਮਰ ਹਯਾਤ ਨੂੰ ਦਿ ਬਰਮਾ ਸਟਾਰ, ਦਿ ਵਾਰ ਮੈਡਲ ਅਤੇ 1939-1945 ਸਟਾਰ ਮੈਡਲ ਮਿਲੇ ਹਨ। ਰਿਕਾਰਡ ਬੁੱਕ ਵਿੱਚ ਦਰਜ ਜਾਣਕਾਰੀ ਮੁਤਾਬਕ ਉਮਰ ਹਯਾਤ 16 ਮਾਰਚ 1941 ਨੂੰ ਬ੍ਰਿਟਿਸ਼ ਇੰਡੀਆਨ ਆਰਮੀ ਵਿੱਚ ਸ਼ਾਮਿਲ ਹੋਏ ਸਨ।

ਉਮਰ ਹਯਾਤ ਅੱਜ ਕੱਲ੍ਹ ਪਾਕਿਸਤਾਨ ਵਿੱਚ ਸੂਬਾ ਪੰਜਾਬ ਦੇ ਤਲਾਗੰਗ ਜ਼ਿਲ੍ਹੇ ਪਿੰਡ ਢੇਰਮੋਂਡ ਵਿੱਚ ਰਹਿ ਰਹੇ ਹਨ। ਉਨ੍ਹਾਂ ਦੀ ਪਤਨੀ ਦੀ ਸਾਲ 2020 ਵਿੱਚ ਦੇਹਾਂਤ ਹੋ ਗਿਆ ਸੀ। ਉਮਰ ਹਯਾਤ ਅਗਲੇ ਸਾਲ 100 ਸਾਲਾਂ ਦੇ ਹੋ ਜਾਣਗੇ। ਉਹ ਅਜੇ ਵੀ ਸਰਗਰਮ ਹਨ। ਪਰ ਉਹ ਕਹਿੰਦੇ ਹਨ ਕਿ ਜਦੋਂ ਉਹ ਤੁਰਦੇ ਹਨ ਤਾਂ ਥੱਕ ਜਾਂਦੇ ਹਨ। ਉਨ੍ਹਾਂ ਦੇ ਪੁੱਤਰ ਨੇ ਦੱਸਿਆ ਕਿ ਉਹ ਨੇੜਲੀ ਮਸਜਿਦ ਤੱਕ ਨਮਾਜ਼ ਅਦਾ ਕਰਨ ਲਈ ਜਾਂਦੇ ਹੁੰਦੇ ਸਨ ਪਰ ਕਮਜ਼ੋਰੀ ਕਰਕੇ ਉਨ੍ਹਾਂ ਜਾਣਾ ਛੱਡ ਦਿੱਤਾ ਹੈ। ਉਨ੍ਹਾਂ ਦੇ ਛੇ ਪੁੱਤਰ ਹਨ, ਪਾਕਿਸਤਾਨ ਦੇ ਪੰਜਾਬ ਅਤੇ ਸਿੰਧ ਇਲਾਕੇ ਵਿੱਚ ਵੱਖ-ਵੱਖ ਥਾਵਾਂ 'ਤੇ ਰਹਿੰਦੇ ਹਨ ਅਤੇ ਉਮਰ ਉਨ੍ਹਾਂ ਵਿੱਚ ਇੱਕ ਪੁੱਤਰ ਨਾਲ ਢੇਰਮੁੰਡ ਵਿੱਚ ਰਹਿੰਦੇ ਹਨ। ਉਨ੍ਹਾਂ ਦੇ ਪੁੱਤਰ ਦੱਸਦੇ ਹਨ ਕਿ ਉਨ੍ਹਾਂ ਦੇ ਪਿਤਾ ਇੱਕ ਸਖ਼ਤ ਫੌਜੀ ਸਨ, ਉਨ੍ਹਾਂ ਨੇ ਕਦੇ ਵੀ ਆਪਣੀ ਜੰਗ ਬਾਰੇ ਚਰਚਾ ਨਹੀਂ ਕੀਤੀ। ਉਨ੍ਹਾਂ ਦੇ ਇੱਕ 65 ਸਾਲਾ ਪੁੱਤਰ ਨੇ ਦੱਸਿਆ, "ਪਿਤਾ ਨੇ ਕਦੇ ਵੀ ਜੰਗ ਦੇ ਸਾਲਾਂ ਬਾਰੇ ਗੱਲ ਨਹੀਂ ਕੀਤੀ। ਅੱਜ ਤੱਕ ਮੇਰੇ ਭਰਾ ਹਮੇਸ਼ਾ ਪਿਤਾ ਤੋਂ ਡਰਦੇ ਸਨ।" ਉਨ੍ਹਾਂ ਨੇ ਕਿਹਾ, "ਮੈਂ 65 ਸਾਲ ਦੀ ਉਮਰ ਦੇ ਬਾਵਜੂਦ ਆਪਣੇ ਪਿਤਾ ਤੋਂ ਡਰਦਾ ਹਾਂ।"

### ਉਮਰ 107 ਰਾਜਪੂਤ ਰੈਜੀਮੈਂਟ ਦਾ ਹਿੱਸਾ ਸਨ

ਮੀਡੀਆ ਨਾਲ ਗੱਲ ਕਰਦਿਆਂ ਉਮਰ ਹਯਾਤ ਇੱਕ ਪਲੇਟ ਲੈ ਕੇ ਆਉਂਦੇ ਹਨ। ਜਿਸ ਬਾਰੇ ਉਹ ਦੱਸਦੇ ਹਨ ਕਿ ਇਹ ਪਲੇਟ 107 ਰਾਜਪੂਤ ਰੈਜੀਮੈਂਟ ਦੀ ਹੈ। ਪਲੇਟ ਹੱਥ ਵਿੱਚ ਫੜ੍ਹ ਕੇ ਉਮਰ ਅੱਗੇ ਕਹਿੰਦੇ ਹਨ, "ਇਹ ਕੈਮੋਫਲੇਜ ਰੰਗ ਦੀ ਸੀ ਕਿਉਂਕਿ ਇਹ ਚਮਕਦੀ ਸੀ, ਇਸ ਲਈ ਦੁਸ਼ਮਣ ਸਾਨੂੰ ਦੂਰ ਤੋਂ ਦੇਖ ਸਕਦੇ ਸੀ।" ਉਮਰ ਹਯਾਤ ਦੱਸਦੇ ਹਨ, "ਜਦੋਂ ਮੈਂ ਘਰ ਪਰਤਿਆ ਤਾਂ ਕੋਈ ਚੀਜ਼ ਨਹੀਂ ਮਿਲੀ। ਕੁੱਲ 660 ਰੁਪਏ ਮਿਲੇ ਅਤੇ ਜਿੱਤ ਦੇ ਦੋ ਮੈਡਲ ਮਿਲੇ ਸਨ। ਜਦੋਂ ਮੀਂਹ ਪਿਆ ਤਾਂ ਮੇਰਾ ਘਰ ਟੁੱਟ ਗਿਆ, ਮੇਰੇ ਮੈਡਲ ਮਿੱਟੀ ਦੇ ਭਾਂਡੇ ’ਚ ਰੱਖੇ ਹੁੰਦੇ ਸਨ।" "ਮੈਂ ਉਨ੍ਹਾਂ ਨੂੰ ਬਹੁਤ ਲੱਭਿਆ ਪਰ ਉਹ ਨਹੀਂ ਮਿਲੇ, ਉੱਥੇ ਦੋ ਮੈਡਲ ਰੱਖੇ ਸਨ।" ਉਮਰ ਹਯਾਤ ਯਾਦ ਕਰਦੇ ਹਨ ਕਿ ਜਦੋਂ ਬ੍ਰਿਟਿਸ਼ ਸਰਕਾਰ ਲੜਾਈ ’ਚ ਸ਼ਾਮਲ ਸਿਪਾਹੀਆਂ ਲਈ ਮਦਦ ਕਰਨੀ ਸ਼ੁਰੂ ਕੀਤੀ ਤਾਂ ਉਨ੍ਹਾਂ ਨੂੰ ਸਮਝ ਨਾ ਆਇਆ।

ਉਹ ਕਹਿੰਦੇ ਹਨ, "ਮੈਨੂੰ ਸਮਝ ਨਹੀਂ ਆਇਆ ਕਿ ਮੈਂ ਕੀ ਕਰਾਂ। ਜਦੋਂ ਸਮਝ ਆਇਆ ਤਾਂ ਮੈਂ ਦਰਖ਼ਾਸਤ ਦਿੱਤੀ ਕਿ ਮੈਨੂੰ 2020 ਤੋਂ 2022 ਤੱਕ ਕੁਝ ਪੈਸੇ ਮਿਲ ਗਏ ਹਨ।" "ਹੁਣ ਮੈਂ ਉਹ ਬਚੀ ਹੋਈ ਰਕਮ ਹਾਸਲ ਕਰਨ ਲਈ ਅਪੀਲ ਕਰਾਂਗਾ।" ਬ੍ਰਿਟਿਸ਼ ਹਾਈ ਕਮਿਸ਼ਨ ਦੇ ਹੈੱਡ ਆਫ਼ ਕਮਿਊਨਿਕੇਸ਼ਨ ਅਧਿਕਾਰੀ ਟੌਮ ਹਾਇਡ ਨੇ ਇਸ ਬਾਰੇ ਗੱਲ ਕਰਦਿਆਂ ਕਿਹਾ ਕਿ ਵੱਖ-ਵੱਖ ਲੋਕਾਂ ਲਈ ਮੈਡਲ ਦੇ ਵੱਖੋ-ਵੱਖ ਮਾਅਨੇ ਹੁੰਦੇ ਹਨ।

ਉਹ ਕਹਿੰਦੇ ਹਨ, "ਮੈਂ ਕੋਈ ਅੰਦਾਜ਼ਾ ਨਹੀਂ ਲਗਾਉਣਾ ਚਾਹੁੰਦਾ ਕਿ ਉਮਰ ਲਈ ਇਸ ਦੇ ਕੀ ਮਾਅਨੇ ਹਨ। ਪਰ ਮੈਂ ਇਹ ਕਹਿ ਸਕਦਾ ਹਾਂ ਕਿ ਦੂਜੇ ਵਿਸ਼ਵ ਯੁੱਧ ਵਿੱਚ ਉਨ੍ਹਾਂ ਵੱਲੋਂ ਦਿੱਤੀ ਗਈ ਸੇਵਾ ਨੂੰ ਮੈਡਲ ਦੇ ਕੇ ਮੁੜ ਅਧਿਕਾਰਤ ਮਾਨਤਾ ਦੇਣਾ ਇੱਕ ਖ਼ਾਸ ਗੱਲ ਹੈ।" "ਮੈਡਲ ਇੱਕ ਤਰ੍ਹਾਂ ਨਾਲ ਪ੍ਰਤੀਕਾਤਮਕ ਹੁੰਦੇ ਹਨ। ਬ੍ਰਿਟਿਸ਼ ਹਾਈ ਕਮਿਸ਼ਨ ਇਸ ਕੰਮ ਵਿੱਚ ਤਤਪਰ ਹੈ ਤਾਂ ਜੋ ਡੇਵਲੇਪਮੈਂਟ ਪ੍ਰੋਗਰਾਮ ਰਾਹੀਂ ਉਮਰ ਵਰਗੇ ਲੋਕਾਂ ਨੂੰ ਆਪਣੇ ਵੱਲੋਂ ਹਰ ਸੰਭਵ ਮਦਦ ਦਿੱਤੀ ਜਾ ਸਕੇ।"

ਮੈਡਲਾਂ ਨੂੰ ਮੁੜ ਹਾਸਿਲ ਕਰਨ ਤੋਂ ਪਹਿਲਾਂ ਉਮਰ ਕਹਿੰਦੇ ਨੇ ਕਿਹਾ ਸੀ, "ਜਦੋਂ ਮੇਰੇ ਹੱਥਾਂ ਵਿੱਚ ਮੇਰੇ ਮੈਡਲ ਆਉਣਗੇ ਤਾਂ ਮੇਰੀਆਂ ਅੱਖਾਂ ਸਾਹਮਣੇ ਪੂਰੀ ਯੂਨਿਟ ਆ ਜਾਵੇਗੀ। ਮੈਂ ਸਾਰੇ ਅਫ਼ਸਰਾਂ ਨੂੰ ਦੇਖਣ ਲੱਗਾਂਗਾ।" "ਸਾਰੀਆਂ ਯਾਦਾਂ ਤਾਜ਼ਾ ਹੋ ਜਾਣਗੀਆਂ, ਮੈਂ ਭਾਵੁਕ ਹੋ ਜਾਵਾਂਗਾ। ਉਹ ਕਿਹੋ ਜਿਹੇ ਲੋਕ ਸਨ, ਕਿਹੋ ਜਿਹਾ ਸਮਾਂ ਸੀ।" ਉਮਰ ਦੱਸਦੇ ਹਨ ਕਿ ਉਸ ਵੇਲੇ ਨੂੰ ਬਹੁਤ ਯਾਦ ਕਰਦੇ ਹਨ। ਉਨ੍ਹਾਂ ਦੀਆਂ ਯਾਦਾਂ ਉਨ੍ਹਾਂ ਜ਼ਿਹਨ ਵਿੱਚ ਦਿਨ-ਰਾਤ ਘੁੰਮਦੀਆਂ ਰਹਿੰਦੀਆਂ ਹਨ। ਉਹ ਭਾਰਤ-ਪਾਕਿਸਤਾਨ ਦੀ ਵੰਡ ਨੂੰ ਲੈ ਕੇ ਦੁੱਖੀ ਸਨ ਅਤੇ ਅੱਜ ਵੀ ਉਹ ਹਿੰਦੂ-ਮੁਸਲਮਾਨ ਭਾਈਚਾਰਕ ਸਾਂਝ ਦੀ ਕਾਮਨਾ ਕਰਦੇ ਹਨ।

ਉਹ ਦੱਸਦੇ ਹਨ, "ਰਾਤ ਨੂੰ ਸੌਣ ਵੇਲੇ ਵੀ ਮੈਂ ਯਾਦ ਕਰਦਾ ਹਾਂ ਕਿ ਉਹ ਕਿੰਨੇ ਚੰਗੇ ਲੋਕ ਸਨ। ਉਸ ਸਮੇਂ ਹਿੰਦੂ ਅਤੇ ਮੁਸਲਮਾਨ ਇਕੱਠੇ ਪਰੇਡ ਕਰਦੇ ਹੁੰਦੇ ਸੀ।" "ਉਹ ਸਾਡੀ ਪਰਵਾਹ ਕਰਦੇ ਸੀ ਅਤੇ ਅਸੀਂ ਉਨ੍ਹਾਂ ਦੀ ਪਰਵਾਹ ਕਰਦੇ ਸੀ। ਅਸੀਂ ਸਭ ਇੱਕ ਸੀ, ਸਾਡੇ ਵਿੱਚ ਮੁਹੱਬਤ ਸੀ। ਅਸੀਂ ਮਿਲ ਕੇ ਹਕੂਮਤ ਨੂੰ (ਗ੍ਰੇਟ ਬ੍ਰਿਟੇਨ) ਜੰਗ ਜਿੱਤਣ ਵਿੱਚ ਮਦਦ ਕੀਤੀ ਸੀ।" "ਦੁਸ਼ਮਣ ਹਾਰ ਗਿਆ ਸੀ ਅਤੇ ਉਸ ਨੇ ਹੱਥ ਛੱਡ ਦਿੱਤੇ। ਅਸੀਂ ਖ਼ੁਸ਼ ਸੀ। ਉਸ ਤੋਂ ਬਾਅਦ ਅਸੀਂ ਜਦੋਂ ਪਾਣੀਪਤ ਕਰਨਾਲ ਜੰਕਸ਼ਨ ਪਹੁੰਚ ਗਏ ਤਾਂ ਉੱਥੇ ਆ ਕੇ ਸਾਨੂੰ ਪਤਾ ਲੱਗਿਆ ਕਿ ਪਾਕਿਸਤਾਨ ਤੇ ਭਾਰਤ ਵੱਖ ਹੋ ਗਏ ਹਨ।" "ਸਾਨੂੰ ਕਰਾਚੀ ਪਹੁੰਚਣ ਲਈ ਕਿਹਾ ਗਿਆ ਸੀ। ਜੇ ਅਸੀਂ ਇਕੱਠੇ ਹੁੰਦੇ ਤਾਂ ਬਹੁਤ ਚੰਗਾ ਹੁੰਦਾ। ਮੁਸਲਮਾਨ ਤੇ ਹਿੰਦੂ ਵੱਖ-ਵੱਖ ਹੋ ਗਏ। ਅੱਲ੍ਹਾ ਕਰੇ ਉਹ ਨਾਲ-ਨਾਲ ਰਹਿਣ।"

# ਕੋਰੋਨਾਵਾਇਰਸ ਚੀਨ ਤੋਂ ਫੈਲਿਆ- ਅਮਰੀਕੀ ਰਿਪੋਰਟ ਕਾਰਨ ਚੀਨ ਦੁਖੀ ਕਿਉਂ?

ਸਾਲ 2019 ਵਿੱਚ ਕੋਰੋਨਾਵਾਇਰਸ ਦੀ ਸ਼ੁਰੂਆਤ ਚੀਨ ਦੇ ਸ਼ਹਿਰ ਵੁਹਾਨ ਤੋਂ ਹੋਈ ਤੇ ਦੁਨੀਆਂ ਦੇ ਹਰ ਕੋਨੇ ਨੂੰ ਇਸ ਵਾਇਰਸ ਨੇ ਹਿਲਾਕੇ ਰੱਖ ਦਿੱਤਾ ਸੀ। ਅੱਜ ਵੀ ਕੋਰੋਨਾ ਵਾਇਰਸ ਦੇ ਪੈਦਾ ਹੋਣ ਤੇ ਇੰਨੇ ਵੱਡੇ ਪੱਧਰ 'ਤੇ ਫ਼ੈਲਾਅ ਦਾ ਰਹੱਸ ਖੋਲ੍ਹਣ ਦੀਆਂ ਕੋਸ਼ਿਸ਼ਾਂ ਚੱਲ ਰਹੀਆਂ ਹਨ। ਪਰ ਅਮਰੀਕਾ ਵਲੋਂ ਇੱਕ ਵਿਵਾਦਤ ਦਾਅਵਾ ਵਾਰ-ਵਾਰ ਕੀਤਾ ਜਾਂਦਾ ਰਿਹਾ ਹੈ ਕਿ ਇਹ ਮਹਾਮਾਰੀ ਇੱਕ ਚੀਨੀ ਪ੍ਰਯੋਗਸ਼ਾਲਾ ਤੋਂ ਲੀਕ ਹੋ ਸਕਦੀ ਹੈ। ਬੀਤੇ ਦਿਨੀਂ ਚੀਨ ਵਿੱਚ ਅਮਰੀਕਾ ਰਾਜਦੂਤ ਨਿਕੋਲਸ ਬਰਨਜ਼ ਨੇ ਚੀਨ ਨੂੰ ਕਿਹਾ ਸੀ, "ਤਿੰਨ ਸਾਲ ਪਹਿਲਾਂ ਕੋਵਿਡ-19 ਸੰਕਟ ਦੀ ਸ਼ੁਰੂਆਤ ਸਮੇਂ ਵੁਹਾਨ ਵਿੱਚ ਜੋ ਕੁਝ ਹੋਇਆ ਉਸ ਬਾਰੇ ਜਾਣਕਾਰੀ ਸਾਂਝੀ ਕਰਨ ਦੇ ਮਾਮਲੇ ਵਿੱਚ ਵਧੇਰੇ ਇਮਾਨਦਾਰ ਹੋਣ ਦੀ ਲੋੜ ਹੈ।" ਇਹ ਸਭ ਉਨ੍ਹਾਂ ਮੀਡੀਆ ਰਿਪੋਰਟਾਂ ਤੋਂ ਬਾਅਦ ਹੋਇਆ, ਜਿਨ੍ਹਾਂ ਵਿੱਚ ਦਾਅਵਾ ਕੀਤਾ ਗਿਆ ਸੀ ਫ਼ੈਡਰਲ ਏਜੰਸੀ ਦੀ ਜਾਂਚ ਵਿੱਚ ਸਾਹਮਣੇ ਆਇਆ ਹੈ ਕਿ ਕੋਰੋਨਾਵਾਇਰਸ ਦਾ ਫ਼ੈਲਾਅ ਵੁਹਾਨ ਦੀ ਇੱਕ ਲੈਬ ਤੋਂ ਲੀਕ ਹੋਣ ਤੋਂ ਬਾਅਦ ਸ਼ੁਰੂ ਹੋਇਆ।

ਅਮਰੀਕਾ ਦੇ ਊਰਜਾ ਵਿਭਾਗ ਨੇ ਇਹ ਵੀ ਦਾਅਵਾ ਕੀਤਾ ਕਿ ਇਸ ਗੱਲ ਦੇ ਬਹੁਤ ਘੱਟ ਸੰਕੇਤ ਸਨ ਕਿ ਵਾਇਰਸ ਗ਼ਲਤੀ ਨਾਲ ਲੀਕ ਹੋਇਆ ਸੀ। ਫ਼ੈਡਰਲ ਬਿਊਰੋ ਆਫ਼ ਇਨਵੈਸਟੀਗੇਸ਼ਨ ਦੇ ਨਿਰਦੇਸ਼ਕ ਕ੍ਰਿਸਟੋਫਰ ਵੇਅ ਨੇ ਕਿਹਾ ਹੈ ਕਿ ਬਿਊਰੋ ਦਾ ਮੰਨਣਾ ਹੈ ਕਿ ਕੋਵਿਡ - 19 'ਸੰਭਾਵਿਤ ਤੌਰ 'ਤੇ ਚੀਨੀ ਸਰਕਾਰ ਵਲੋਂ ਨਿਯੰਤਰਿਤ ਲੈਬ' ਵਿੱਚ ਪੈਦਾ ਹੋਇਆ ਹੈ। ਚੀਨ ਨੇ ਇਸ ਦੇ ਜਵਾਬ ਵਿੱਚ ਕਿਹਾ ਸੀ ਕਿ ਵਾਇਰਸ ਦੀ ਹੋਂਦ ਦਾ ਪਤਾ ਲਗਾਉਣਾ ਵਿਗਿਆਨ ਦਾ ਕੰਮ ਹੈ ਤੇ ਇਸ ਨੂੰ ਸਿਆਸੀ ਮੁੱਦਾ ਨਾ ਬਣਾਇਆ ਜਾਵੇ। ਅਮਰੀਕਾ-ਚੀਨ ਸਬੰਧ ਹਮੇਸ਼ਾਂ ਹੀ ਚੁਣੌਤੀਆਂ ਭਰੇ ਰਹੇ ਹਨ, ਤੇ ਹਾਲ ਹੀ ਵਿੱਚ ਚੀਨ ਅਮਰੀਕਾ ਦੇ ਅਸਮਾਨ ਵਿੱਚ ਉਡਦੇ ਚੀਨ ਦੇ ਜਸੂਸੀ ਗੁਬਾਰਿਆਂ ਨੇ ਦੋਵਾਂ ਦੇਸ਼ਾਂ ਦਰਮਿਆਨ ਤਾਲੁਕਾਤ ਨੂੰ ਮੁੜ ਖ਼ਰਾਬ ਕੀਤਾ ਹੈ। ਇਸ ਲੈਬ ਲੀਕ ਦੇ ਸਿਧਾਂਤ ਨੂੰ ਕਈ ਲੋਕਾਂ ਵੱਲੋਂ ਫ੍ਰਿੰਜ ਸਿਧਾਂਤ ਕਹਿੰਦਿਆਂ ਖ਼ਾਰਜ ਵੀ ਕੀਤਾ ਗਿਆ ਸੀ। ਪਰ ਹੁਣ ਇਹ ਹਰ ਕਿਸੇ ਦਾ ਧਿਆਨ ਆਪਣੇ ਵੱਲ ਖਿੱਚ ਰਿਹਾ ਹੈ।ਆਖ਼ਰ ਇਹ ਲੈਬ ਲੀਕ ਸਿਧਾਂਤ ਹੈ ਕੀ ਤੇ ਇਸ ਨੂੰ ਲੈ ਕੇ ਵਿਵਾਦ ਕਿਉਂ ਹੈ।

**ਲੈਬ ਲੀਕ ਸਿਧਾਂਤ ਕੀ ਹੈ?**

ਇਹ ਸ਼ੱਕ ਜਤਾਇਆ ਜਾ ਰਿਹਾ ਹੈ ਕਿ ਕੋਰੋਨਾ ਵਾਇਰਸ ਸ਼ਾਇਦ ਚੀਨ ਦੇ ਕੇਂਦਰੀ ਸ਼ਹਿਰ ਵੁਹਾਨ ਦੀ ਇੱਕ ਲੈਬ ਤੋਂ ਅਚਾਨਕ ਜਾਂ ਫ਼ਿਰ ਕਿਸੇ ਹੋਰ ਕਾਰਨ ਕਰਕੇ ਪੈਦਾ ਹੋਇਆ ਸੀ। ਵੁਹਾਨ 'ਚ ਹੀ ਸਭ ਤੋਂ ਪਹਿਲਾਂ ਕੋਰੋਨਾ ਵਾਇਰਸ ਦੇ ਮਾਮਲੇ ਸਾਹਮਣੇ ਆਏ ਸਨ। ਇਸ ਤਰਕ ਦੇ ਸਮਰਥਕ ਸ਼ਹਿਰ 'ਚ ਇੱਕ ਵੱਡੀ ਜੀਵ-ਵਿਗਿਆਨਕ ਖੋਜ ਸਹੂਲਤ ਦੀ ਮੌਜੂਦਗੀ ਵੱਲ ਇਸ਼ਾਰਾ ਕਰਦੇ ਹਨ। ਵੁਹਾਨ ਇੰਸਟੀਚਿਊਟ ਆਫ਼ ਵਾਇਰੋਲੋਜੀ ਪਿਛਲੇ ਇੱਕ ਦਹਾਕੇ ਤੋਂ ਵੀ ਵੱਧ ਦੇ ਸਮੇਂ ਤੋਂ ਚਮਗਿੱਦੜਾਂ 'ਚ ਕੋਰੋਨਾਵਾਇਰਸ ਦੀ ਮੌਜੂਦਗੀ ਸਬੰਧੀ ਅਧਿਐਨ ਕਰ ਰਿਹਾ ਹੈ। ਇਹ ਪ੍ਰਯੋਗਸ਼ਾਲਾ ਹੁਆਨਨ ਬਾਜ਼ਾਰ ਤੋਂ ਕੁਝ ਕਿਲੋਮੀਟਰ ਦੀ ਦੂਰੀ 'ਤੇ ਹੀ ਸਥਿਤ ਹੈ। ਇਹ ਉਹੀ ਬਾਜ਼ਾਰ ਹੈ, ਜਿੱਥੇ ਲਾਗ ਦੇ ਮਾਮਲੇ ਸਭ ਤੋਂ ਪਹਿਲਾਂ ਸਾਹਮਣੇ ਆਏ ਸਨ।

ਜੋ ਲੋਕ ਇਸ ਸਿਧਾਂਤ ਦੀ ਹਿਮਾਇਤ ਕਰਦੇ ਹਨ, ਉਨ੍ਹਾਂ ਦਾ ਕਹਿਣਾ ਹੈ ਕਿ ਇਹ ਵਾਇਰਸ ਇੱਥੋਂ ਹੀ ਫ਼ੈਲਿਆ ਹੋ ਸਕਦਾ ਹੈ ਅਤੇ ਫ਼ਿਰ ਹੁਆਨਨ ਬਜ਼ਾਰ ਤੱਕ ਪਹੁੰਚ ਗਿਆ ਹੋਣਾ ਹੈ। ਵਧੇਰੇ ਲੋਕਾਂ ਦਾ ਤਰਕ ਹੈ ਕਿ ਇਹ ਵਾਇਰਸ ਤਿਆਰ ਕੀਤਾ ਨਹੀਂ ਬਲਕਿ ਜੰਗਲੀ ਤੌਰ 'ਤੇ ਇਕੱਠਾ ਕੀਤਾ ਵਾਇਰਸ ਹੈ। ਇਹ ਵਿਵਾਦਿਤ ਸਿਧਾਂਤ ਸਭ ਤੋਂ ਪਹਿਲਾਂ ਮਹਾਮਾਰੀ ਦੀ ਸ਼ੁਰੂਆਤ 'ਚ ਉੱਭਰ ਕੇ ਸਾਹਮਣੇ ਆਇਆ ਸੀ ਅਤੇ ਅਮਰੀਕਾ ਦੇ ਤਤਕਾਲੀ ਰਾਸ਼ਟਰਪਤੀ ਡੌਨਾਲਡ ਟਰੰਪ ਵੱਲੋਂ ਇਸ ਦਾ ਪ੍ਰਚਾਰ ਕੀਤਾ ਗਿਆ ਸੀ। ਕੁਝ ਲੋਕਾਂ ਨੇ ਤਾਂ ਇਹ ਵੀ ਕਿਹਾ ਸੀ ਕਿ ਹੋ ਸਕਦਾ ਹੈ ਕਿ ਇਸ ਨੂੰ ਜੀਵ ਵਿਗਿਆਨ ਦੇ ਇੱਕ ਸੰਭਾਵਿਤ ਹਥਿਆਰ ਵੱਜੋਂ ਤਿਆਰ ਕੀਤਾ ਜਾ ਰਿਹਾ ਹੋਵੇ। ਹਾਲਾਂਕਿ ਮੀਡੀਆ ਅਤੇ ਸਿਆਸੀ ਮਾਹਰਾਂ ਨੇ ਇਸ ਨੂੰ ਸਾਜਿਸ਼ ਦੇ ਸਿਧਾਂਤ ਵੱਜੋਂ ਖਾਰਜ ਕਰ ਦਿੱਤਾ ਸੀ, ਪਰ ਦੂਜੇ ਪਾਸੇ ਕਈ ਅਜਿਹੇ ਵੀ ਸਨ. ਜਿਨ੍ਹਾਂ ਨੇ ਇਸ ਦੀ ਸੰਭਾਵਨਾ ਬਾਰੇ ਵਧੇਰੇ ਜਾਂਚ ਕਰਨ ਦੀ ਮੰਗ ਵੀ ਰੱਖੀ ਸੀ। ਫ਼ਿਰ ਵੀ ਇਹ ਵਿਚਾਰ ਇੱਕ ਵਾਰ ਮੁੜ ਉੱਭਰ ਕੇ ਸਾਹਮਣੇ ਆਇਆ ਹੈ।




**ਲੈਬ ਸਿਧਾਂਤ ਮੁੜ ਚਰਚਾ 'ਚ ਕਿਉਂ ਆਇਆ ਹੈ?**

ਇਸ ਸਿਧਾਂਤ ਦੇ ਮੁੜ ਚਰਚਾ 'ਚ ਆਉਣ ਦਾ ਇੱਕ ਕਾਰਨ ਇਹ ਵੀ ਹੈ ਕਿ ਅਮਰੀਕੀ ਮੀਡੀਆ ਦੇ ਆਲੇ-ਦੁਆਲੇ ਘੁੰਮਣ ਵਾਲੀਆਂ ਖ਼ਬਰਾਂ ਨੇ ਲੈਬ ਲੀਕ ਥਿਊਰੀ 'ਤੇ ਨਵੀਆਂ ਚਿੰਤਾਵਾਂ ਪ੍ਰਗਟ ਕੀਤੀਆਂ ਹਨ। ਇਸ ਦੇ ਨਾਲ ਹੀ ਕੁਝ ਵਿਗਿਆਨੀਆਂ ਨੇ ਪਹਿਲਾਂ ਇਸ ਸਿਧਾਂਤ 'ਤੇ ਸ਼ੱਕ ਜਤਾਇਆ ਸੀ, ਹੁਣ ਉਨ੍ਹਾਂ ਨੇ ਵੀ ਇਸ ਬਾਰੇ ਨਵੀਂ ਰਾਇ ਦਿੱਤੀ ਹੈ। ਸਾਲ 2021 ਦੀ ਇੱਕ ਵਰਗੀਕ੍ਰਿਤ ਅਮਰੀਕੀ ਖ਼ੁਫ਼ੀਆ ਰਿਪੋਰਟ ਮੁਤਾਬਕ ਇਸ ਵਾਇਰਸ ਦੀ ਲਾਗ਼ ਸ਼ਹਿਰ 'ਚ ਫ਼ੈਲਣ ਤੋਂ ਕੁਝ ਸਮਾਂ ਪਹਿਲਾਂ ਤੋਂ ਹੀ ਵੁਹਾਨ ਲੈਬ ਦੇ ਤਿੰਨ ਖੋਜਕਰਤਾ ਨਵੰਬਰ 2019 'ਚ ਇੱਕ ਹਸਪਤਾਲ 'ਚ ਜ਼ੇਰੇ ਇਲਾਜ ਸਨ। ਇਸ ਹਫ਼ਤੇ ਇਹ ਖ਼ਬਰਾਂ ਅਮਰੀਕੀ ਮੀਡੀਆ 'ਚ ਸੁਰਖੀਆਂ ਬਣੀਆਂ ਹੋਈਆਂ ਹਨ।

ਕੋਰੋਨਾਵਾਇਰਸ ਦੀ ਜਾਂਚ ਬਾਰੇ ਅਮਰੀਕਾ ਦੇ ਰਾਸ਼ਟਰਪਤੀ ਜੋਅ ਬਾਇਡਨ ਨੇ ਕਿਹਾ ਸੀ ਕਿ ਉਨ੍ਹਾਂ ਨੇ ਅਹੁਦਾ ਸੰਭਾਲਣ ਤੋਂ ਤੁਰੰਤ ਬਾਅਦ ਕੋਵਿਡ-19 ਦੇ ਮੂਲ ਰੂਪ 'ਚ ਪੈਦਾ ਹੋਣ ਬਾਰੇ ਰਿਪੋਰਟ ਮੰਗੀ ਸੀ, ਜਿਸ 'ਚ ਇਹ ਵੀ ਸ਼ਾਮਲ ਹੈ ਕਿ ਕੀ ਇਹ ਕਿਸੇ ਲਾਗ਼ ਪ੍ਰਭਾਵਿਤ ਜਾਨਵਰ ਨਾਲ ਮਨੁੱਖੀ ਸੰਪਰਕ ਨਾਲ ਜਾਂ ਫ਼ਿਰ ਕਿਸੇ ਪ੍ਰਯੋਗਸ਼ਾਲਾ 'ਚ ਦੁਰਘਟਨਾ ਵਾਪਰਨ ਕਾਰਨ ਪੈਦਾ ਹੋਇਆ ਹੈ।

**ਵਿਗਿਆਨੀਆਂ ਦਾ ਕੀ ਕਹਿਣਾ ਹੈ?**

ਇਸ ਮੁੱਦੇ 'ਤੇ ਅਜੇ ਵੀ ਤਿੱਖੀ ਬਹਿਸ ਛਿੜੀ ਹੋਈ ਹੈ। ਵਿਸ਼ਵ ਸਿਹਤ ਸੰਗਠਨ ਵੱਲੋਂ ਨਿਯੁਕਤ ਵਿਗਿਆਨੀਆਂ ਦੀ ਇੱਕ ਟੀਮ ਨੇ ਮਹਾਮਾਰੀ ਦੇ ਸਰੋਤ ਦੀ ਜਾਂਚ ਕਰਨ ਲਈ 2021 ਸਾਲ ਦੇ ਸ਼ੁਰੂ 'ਚ ਵੁਹਾਨ ਪਹੁੰਚ ਕੀਤੀ ਸੀ। ਵੁਹਾਨ 'ਚ 12 ਦਿਨ ਬਿਤਾਉਣ ਤੋਂ ਬਾਅਦ, ਇਸ 'ਚ ਪ੍ਰਯੋਗਸ਼ਾਲਾ ਦਾ ਦੌਰਾ ਵੀ ਸ਼ਾਮਲ ਸੀ, ਟੀਮ ਨੇ ਸਿੱਟਾ ਕੱਢਿਆ ਸੀ ਕਿ ਲੈਬ ਲੀਕ ਥਿਊਰੀ 'ਬੇਹੱਦ ਅਸੰਭਵ' ਸੀ। ਪਰ ਕਈਆਂ ਨੇ ਟੀਮ ਦੀਆਂ ਖੋਜਾਂ 'ਤੇ ਸਵਾਲ ਚੁੱਕੇ ਸਨ। ਵ੍ਹਾਈਟ ਹਾਊਸ ਦੇ ਰਾਸ਼ਟਰੀ ਸੁਰੱਖਿਆ ਬੁਲਾਰੇ ਜੌਨ ਕਿਰਬੀ ਨੇ ਸੋਮਵਾਰ ਨੂੰ ਕਿਹਾ ਕਿ ਅਜੇ ਵੀ ਕੋਈ ਪੱਕਾ ਸਬੂਤ ਨਹੀਂ ਮਿਲਿਆ ਹੈ। ਉਨ੍ਹਾਂ ਨੇ ਮੀਡੀਆ ਵਲੋਂ ਊਰਜਾ ਵਿਭਾਗ ਦੀ ਰਿਪੋਰਟ ਵਿੱਚ ਨਿਰਧਾਰਿਤ ਕੀਤੇ ਗਏ ਤੱਥਾਂ ਬਾਰੇ ਪੁੱਛੇ ਸਵਾਲ ਦੇ ਜਵਾਬ ਵਿੱਚ ਕਿਹਾ,"ਕੋਵਿਡ-19 ਮਹਾਮਾਰੀ ਦੀ ਸ਼ੁਰੂਆਤ ਬਾਰੇ ਅਮਰੀਕੀ ਸਰਕਾਰ ਕਿਸੇ ਵੀ ਨਿਸ਼ਚਿਤ ਸਿੱਟੇ ਜਾਂ ਸਹਿਮਤੀ 'ਤੇ ਨਹੀਂ ਪਹੁੰਚੀ ਹੈ।" ਚੀਨ ਦੇ ਵਿਦੇਸ਼ ਮੰਤਰਾਲੇ ਦੇ ਬੁਲਾਰੇ ਨੇ ਸੋਮਵਾਰ ਨੂੰ ਦੁਬਾਰਾ ਲੈਬ ਲੀਕ ਥਿਊਰੀ ਨੂੰ ਰੱਦ ਕਰ ਦਿੱਤਾ।

2021 ਵਿੱਚ ਵਿਗਿਆਨੀਆਂ ਦੇ ਇੱਕ ਪ੍ਰਮੁੱਖ ਸਮੂਹ ਨੇ ਲੈਬ ਲੀਕ ਥਿਊਰੀ ਨੂੰ ਗੰਭੀਰਤਾ ਨਾਲ ਨਾ ਲੈਣ 'ਤੇ ਵਿਸ਼ਵ ਸਿਹਤ ਸੰਗਠਨ ਦੀ ਰਿਪੋਰਟ ਦੀ ਅਲੋਚਨਾ ਕੀਤੀ ਹੈ। ਇਸ ਜਾਂਚ ਨੂੰ ਸੈਂਕੜੇ ਪੰਨ੍ਹਿਆਂ ਦੀ ਰਿਪੋਰਟ ਦੇ ਮੁਕਾਬਲੇ ਸਿਰਫ ਕੁਝ ਪੰਨ੍ਹਿਆਂ 'ਚ ਹੀ ਸਮੇਟ ਦਿੱਤਾ ਗਿਆ ਹੈ। ਵਿਗਿਆਨੀਆਂ ਨੇ ਸਾਇੰਸ ਮੈਗਜ਼ੀਨ 'ਚ ਲਿਖਿਆ ਸੀ, "ਜਦੋਂ ਤੱਕ ਸਾਨੂੰ ਲੋੜੀਂਦਾ ਡਾਟਾ ਨਹੀਂ ਮਿਲ ਜਾਂਦਾ, ਉਦੋਂ ਤੱਕ ਸਾਨੂੰ ਕੁਦਰਤੀ ਅਤੇ ਪ੍ਰਯੋਗਸ਼ਾਲਾ ਸਪਿਲਓਵਰ ਦੋਵਾਂ ਬਾਰੇ ਹੀ ਧਾਰਨਾਵਾਂ ਨੂੰ ਗੰਭੀਰਤਾ ਨਾਲ ਲੈਣਾ ਚਾਹੀਦਾ ਹੈ।" ਹੁਣ ਮਾਹਰਾਂ ਦਾ ਮੱਤ ਸੀ ਕਿ ਪ੍ਰਯੋਗਸ਼ਾਲਾ ਰਿਸਾਵ ਨੂੰ ਹੋਰ ਗੰਭੀਰਤਾ ਅਤੇ ਸੂਖਮ ਤਰੀਕੇ ਨਾਲ ਜਾਂਚਿਆ ਜਾਣਾ ਚਾਹੀਦਾ ਹੈ।

**ਚੀਨ ਦਾ ਕੀ ਕਹਿਣਾ ਹੈ?**

ਚੀਨ ਇਸ ਤੱਥ ਨੂੰ ਸ਼ੁਰੂ ਤੋਂ ਹੀ ਨਕਾਰਦਾ ਰਿਹਾ ਹੈ। ਚੀਨ ਦਾ ਕਹਿਣਾ ਸੀ ਕਿ ਸੰਭਾਵਨਾ ਹੋ ਸਕਦੀ ਹੈ ਕਿ ਕੋਰੋਨਾ ਵਾਇਰਸ ਕਿਸੇ ਦੂਜੇ ਦੇਸ਼ ਤੋਂ ਆਈ ਖੁਰਾਕੀ ਖੇਪ ਦੇ ਕਾਰਨ ਦੇਸ਼ 'ਚ ਫੈਲਿਆ ਹੋਵੇ। ਚੀਨੀ ਸਰਕਾਰ ਦੇ ਆਪਣੇ ਇੱਕ ਪ੍ਰਮੁੱਖ ਵਾਇਰੋਲੋਜਿਸਟ ਵੱਲੋਂ ਪ੍ਰਕਾਸ਼ਿਤ ਇੱਕ ਰਿਪੋਰਟ ਵੱਲ ਇਸ਼ਾਰਾ ਕੀਤਾ ਸੀ, ਜਿਸ 'ਚ ਇੱਕ ਦੂਰ ਦਰਾਡੇ ਵਾਲੇ ਖੇਤਰ 'ਚ ਸਥਿਤ ਖਾਨ 'ਚ ਚਮਗਿੱਦੜ ਤੋਂ ਇੱਕਠੇ ਕੀਤੇ ਗਏ ਨਮੂਨਿਆਂ ਬਾਰੇ ਵੀ ਜਾਣਕਾਰੀ ਸਾਂਝੀ ਕੀਤੀ ਗਈ ਸੀ।

ਵੁਹਾਨ ਇੰਸਟੀਚਿਊਟ 'ਚ ਇੱਕ ਖੋਜਕਰਤਾ ਪ੍ਰੋ. ਸ਼ੀ ਝੇਂਗਲੀ ਨੇ 2021 ਇੱਕ ਰਿਪੋਰਟ ਪ੍ਰਕਾਸ਼ਿਤ ਕੀਤੀ ਸੀ, ਜਿਸ 'ਚ ਖੁਲਾਸਾ ਕੀਤਾ ਗਿਆ ਸੀ ਕਿ ਉਨ੍ਹਾਂ ਦੀ ਟੀਮ ਨੇ ਸਾਲ 2015 'ਚ ਚੀਨ ਦੀਆਂ ਖਾਣਾਂ 'ਚ ਚਮਗਿੱਦੜ 'ਚ ਪਾਏ ਜਾਣ ਵਾਲੇ ਕੋਰੋਨਾਵਾਇਰਸ ਦੇ ਅੱਠ ਰੂਪਾਂ ਦੀ ਪਛਾਣ ਕੀਤੀ ਸੀ। ਪ੍ਰੋ ਝੇਂਗਲੀ ਨੂੰ ਆਮ ਤੌਰ 'ਤੇ 'ਚੀਨ ਦੀ ਬੈਟਵੂਮੈਨ' ਵੱਜੋਂ ਜਾਣਿਆ ਜਾਂਦਾ ਹੈ। ਚੀਨ ਦੇ ਸਰਕਾਰੀ ਮੀਡੀਆ ਨੇ ਅਮਰੀਕੀ ਸਰਕਾਰ ਅਤੇ ਪੱਛਮੀ ਮੀਡੀਆਂ ਵੱਲੋਂ ਫੈਲਾਏ ਜਾ ਰਹੇ ਸਿਧਾਂਤਾਂ ਦੀ ਨਿੰਦਾ ਕੀਤੀ ਸੀ ਅਤੇ ਦੋਸ਼ ਲਗਾਇਆ ਸੀ ਕਿ ਉਨ੍ਹਾਂ ਵੱਲੋਂ ਗ਼ਲਤ ਖ਼ਬਰਾਂ ਦਾ ਪ੍ਰਸਾਰ ਕੀਤਾ ਜਾ ਰਿਹਾ ਹੈ। ਕਮਿਊਨਿਸਟ ਪਾਰਟੀ ਦੀ ਮਾਲਕੀ ਵਾਲੇ ਗਲੋਬਲ ਟਾਈਮਜ਼ ਅਖ਼ਬਾਰ ਦੇ ਇੱਕ ਸੰਪਾਦਕੀ ਲੇਖ 'ਚ ਕਿਹਾ ਗਿਆ ਹੈ ਕਿ ਜਦੋਂ ਮਹਾਮਾਰੀ ਦੇ ਪੈਦਾ ਹੋਣ ਦੀ ਗੱਲ ਆਉਂਦੀ ਹੈ ਤਾਂ ਅਮਰੀਕਾ ਦੇ ਲੋਕਾਂ ਦੀ ਰਾਏ ਬੇਹੱਦ ਤਰਕਹੀਣ ਹੋ ਜਾਂਦੀ ਹੈ। ਇਸ ਦੀ ਬਜਾਇ ਚੀਨ ਦੀ ਸਰਕਾਰ ਇੱਕ ਹੋਰ ਸਿਧਾਂਤ 'ਤੇ ਜ਼ੋਰ ਦਿੰਦੀ ਰਹੀ ਹੈ ਕਿ ਕੋਰੋਨਾ ਵਾਇਰਸ ਚੀਨ ਜਾਂ ਦੱਖਣ-ਪੂਰਬੀ ਏਸ਼ੀਆ ਤੋਂ ਆਏ ਫ੍ਰੋਜ਼ਨ ਮੀਟ ਜ਼ਰੀਏ ਵੁਹਾਨ 'ਚ ਫ਼ੈਲਣਾ ਸ਼ੁਰੂ ਹੋਇਆ ਸੀ।

**ਕੀ ਕੋਈ ਹੋਰ ਸਿਧਾਂਤ ਵੀ ਮੌਜੂਦ ਹੈ?**

'ਕੁਦਰਤੀ ਮੂਲ' ਨਾਂਅ ਦਾ ਇੱਕ ਹੋਰ ਸਿਧਾਂਤ ਚਰਚਾ 'ਚ ਹੈ।' ਇਸ ਸਿਧਾਂਤ ਮੁਤਾਬਕ ਇਹ ਵਾਇਰਸ ਕੁਦਰਤੀ ਤੌਰ 'ਤੇ ਜਾਨਵਰਾਂ ਤੋਂ ਮਨੁੱਖ 'ਚ ਫ਼ੈਲਿਆ ਹੈ ਅਤੇ ਇਸ ਦੇ ਫ਼ੈਲਾਅ 'ਚ ਕਿਸੇ ਵੀ ਵਿਗਿਆਨੀ ਜਾਂ ਪ੍ਰਯੋਗਸ਼ਾਲਾ ਦਾ ਹੱਥ ਨਹੀਂ ਸੀ। ਇਸ ਕੁਦਰਤੀ ਮੂਲ ਦੀ ਧਾਰਨਾ ਦਾ ਸਮਰਥਨ ਕਰਨ ਵਾਲਿਆਂ ਦਾ ਕਹਿਣਾ ਸੀ ਕਿ ਕੋਵਿਡ-19 ਚਮਗਿੱਦੜਾਂ ਤੋਂ ਮਨੁੱਖ 'ਚ ਫੈਲਿਆ ਸੀ। ਇਸ ਲਈ ਇਹ ਸੰਭਾਵਨਾ ਮੌਜੂਦ ਹੈ ਕਿ ਜਾਂ ਤਾਂ ਵਾਇਰਸ ਪਹਿਲਾਂ ਕਿਸੇ ਜਾਨਵਰ 'ਚ ਗਿਆ ਹੋਵੇਗਾ ਜਾਂ ਫ਼ਿਰ ਕਿਸੇ ਤੀਜੀ ਧਿਰ ਰਾਹੀਂ ਮਨੁੱਖ ਤੱਕ ਪਹੁੰਚਿਆ ਹੋਵੇਗਾ। ਮਹਾਮਾਰੀ ਦੇ ਸ਼ੁਰੂਆਤੀ ਦਿਨਾਂ 'ਚ ਇਸ ਧਾਰਨਾ ਨੂੰ ਵਿਆਪਕ ਪੱਧਰ 'ਤੇ ਸਵੀਕਾਰ ਕੀਤਾ ਗਿਆ ਸੀ, ਪਰ ਸਮਾਂ ਬੀਤਣ ਦੇ ਨਾਲ-ਨਾਲ ਵਿਗਿਆਨੀਆਂ ਨੇ ਆਪਣੀ ਖੋਜ 'ਚ ਪਾਇਆ ਕਿ ਚਮਗਿੱਦੜ ਜਾਂ ਕਿਸੇ ਹੋਰ ਜਾਨਵਰ 'ਚ ਅਜਿਹਾ ਵਾਇਰਸ ਮੌਜੂਦ ਨਹੀਂ ਹੈ, ਜੋ ਕਿ ਕੋਵਿਡ-19 ਦੇ ਜੈਨੇਟਿਕ ਨਾਲ ਮੇਲ ਖਾਂਦਾ ਹੋਵੇ। ਇਸ ਖੋਜ ਨੇ ਇਸ ਸਿਧਾਂਤ ਦੀ ਪ੍ਰਮਾਣਿਕਤਾ 'ਤੇ ਸ਼ੱਕ ਜਤਾਇਆ ਸੀ।

**ਕੋਰੋਨਾਵਾਇਰਸ ਦਾ ਮੂਲ ਪਤਾ ਲਾਉਣ ਦੀ ਲੋੜ**

ਵਿਸ਼ਵ ਪੱਧਰ 'ਤੇ ਵੱਡੀ ਗਿਣਤੀ 'ਚ ਲੋਕ ਮਹਾਮਾਰੀ ਤੋਂ ਪ੍ਰਭਾਵਿਤ ਹੋਏ ਸਨ। ਇਸ ਵਿੱਚ ਸਿਹਤ ਦੇ ਨਾਲ ਨਾਲ ਆਰਥਿਕ, ਸਮਾਜਿਕ ਤੇ ਸਿਆਸੀ ਸੰਕਟ ਵੀ ਸ਼ਾਮਲ ਸੀ। ਚੀਨ ਸਮੇਤ ਲੋਕਾਂ ਨੇ ਆਪੋ-ਆਪਣੇ ਦੇਸ਼ਾਂ ਦੀਆਂ ਸਰਕਾਰਾਂ 'ਤੇ ਕੋਰੋਨਾਵਾਇਰਸ ਦੀ ਰੋਕਥਾਮ ਲਈ ਚੁੱਕੇ ਕਦਮਾਂ ਬਾਰੇ ਸਵਾਲ ਕੀਤੇ ਸਨ। ਚੀਨ ਤੇ ਅਮਰੀਕਾ ਵਿੱਚ ਸਰਕਾਰਾਂ ਦੇ ਤਰੀਕੇ ਬਾਰੇ ਕਈ ਸਵਾਲ ਹਾਲੇ ਵੀ ਖੜ੍ਹੇ ਹਨ। ਜ਼ਿਆਦਾਤਰ ਵਿਗਿਆਨੀਆਂ ਦਾ ਮੰਨਣਾ ਹੈ ਕਿ ਇਸ ਦੇ ਮੁੜ ਪੈਦਾ ਹੋਣ 'ਤੇ ਰੋਕ ਲਗਾਉਣ ਲਈ ਵਾਇਰਸ ਕਿਵੇਂ ਅਤੇ ਕਿੱਥੇ ਪੈਦਾ ਹੋਇਆ ਹੈ, ਇਸ ਬਾਰੇ ਜਾਣਨਾ ਬਹੁਤ ਜ਼ਰੂਰੀ ਹੈ। ਜੇਕਰ 'ਜ਼ੂਨੋਟਿਕ' ਸਿਧਾਂਤ ਸਹੀ ਸਾਬਤ ਹੋ ਜਾਂਦਾ ਹੈ ਤਾਂ ਇਹ ਖੇਤੀਬਾੜੀ ਅਤੇ ਜੰਗਲੀ ਜੀਵਨ ਨਾਲ ਸੰਬੰਧਤ ਗਤੀਵਿਧੀਆਂ ਨੂੰ ਪ੍ਰਭਾਵਿਤ ਕਰ ਸਕਦਾ ਹੈ। ਡੈਨਮਾਰਕ 'ਚ ਮਿੰਕ ਫਾਰਮਿੰਗ ਜ਼ਰੀਏ ਵਾਇਰਸ ਦੇ ਫ਼ੈਲਣ ਦੇ ਡਰ ਕਾਰਨ ਲੱਖਾਂ ਹੀ ਮਿੰਕ ਖ਼ਤਮ ਕਰ ਦਿੱਤੇ ਗਏ ਹਨ।

ਪਰ ਇਹ ਵਿਗਿਆਨਕ ਖੋਜ ਅਤੇ ਕੌਮਾਂਤਰੀ ਵਪਾਰ 'ਤੇ ਵੀ ਪ੍ਰਭਾਵ ਪਾ ਸਕਦਾ ਹੈ, ਕਿਉਂਕਿ ਜੇ ਇਹ ਸਾਬਤ ਹੋ ਜਾਂਦਾ ਹੈ ਕਿ ਇਹ ਵਾਇਰਸ ਲੈਬ ਲੀਕ ਜਾਂ ਫ੍ਰੋਜ਼ਨ ਫ਼ੂਡ ਕਰਕੇ ਫੈਲਿਆ ਹੈ ਤਾਂ ਸਥਿਤੀ ਗੰਭੀਰ ਹੋ ਸਕਦੀ ਹੈ। ਇਸ ਦੇ ਨਾਲ ਹੀ ਪ੍ਰਯੋਗਸ਼ਾਲਾ ਤੋਂ ਇਸ ਦੇ ਰਿਸਾਵ ਹੋਣ ਦੀ ਪੁਸ਼ਟੀ ਨਾਲ ਵਿਸ਼ਵ ਦਾ ਚੀਨ ਪ੍ਰਤੀ ਰਵੱਈਆ ਵੀ ਪ੍ਰਭਾਵਿਤ ਹੋ ਸਕਦਾ ਹੈ। ਦਰਅਸਲ ਚੀਨ 'ਤੇ ਸ਼ੁਰੂ ਤੋਂ ਹੀ ਇਹ ਇਲਜ਼ਾਮ ਲੱਗਦੇ ਰਹੇ ਹਨ ਕਿ ਉਸ ਨੇ ਮਹਾਮਾਰੀ ਬਾਰੇ ਮਹੱਤਵਪੂਰਣ ਜਾਣਕਾਰੀ ਦੂਜੇ ਦੇਸ਼ਾਂ ਨਾਲ ਸਾਂਝੀ ਨਹੀਂ ਕੀਤੀ ਹੈ।

ਅਮਰੀਕਾ ਨੇ ਬਹੁਤ ਜਲਦ ਕੋਰੋਨਾ ਮਹਾਮਾਰੀ ਲਈ ਚੀਨ ਨੂੰ ਜ਼ਿੰਮੇਵਾਰ ਠਹਿਰਾਇਆ ਸੀ ਪਰ ਕਈਆਂ ਨੇ ਚੀਨ ਨੂੰ ਜ਼ਿੰਮੇਵਾਰ ਦੱਸਣ ਨੂੰ ਜਲਦਬਾਜ਼ੀ ਆਖਿਆ ਸੀ। ਮਹਾਮਾਰੀ ਦੀ ਸ਼ੁਰੂਆਤ ਬਾਰੇ ਬਿਆਨਾਂ ਤੋਂ ਬਾਅਦ ਅਮਰੀਕਾ ਅਤੇ ਚੀਨ ਦਰਮਿਆਨ ਸਬੰਧ ਵੀ ਤਣਾਅ ਦਾ ਸ਼ਿਕਾਰ ਹੋਏ ਸਨ।

# ਹਰ ਵਿਅਕਤੀ ਨੂੰ ਆਉਣੀ ਚਾਹੀਦੀ ਹੈ ਜੀਵਨ ਜਿਊਣ ਦੀ ਕਲਾ

ਆਪਣੇ ਜੀਵਨ ਵਿਚ ਮਨੁੱਖ ਵੱਖ-ਵੱਖ ਤਰ੍ਹਾਂ ਦਾ ਅਹਿਸਾਸ ਕਰਦਾ ਹੈ। ਸੁੱਖ ਵਿਚ ਪ੍ਰਸੰਨਤਾ, ਦੁੱਖ ਵਿਚ ਪੀੜਾ ਵਰਗੇ ਅਹਿਸਾਸ ਮਨੁੱਖੀ ਸੁਭਾਅ ਦੇ ਅੰਗ ਹੁੰਦੇ ਹਨ। ਅਸੀਂ ਸਦਾ ਸੁਣਦੇ ਆਏ ਹਾਂ ਕਿ ਜੀਵਨ ਜਿਊਣਾ ਇਕ ਕਲਾ ਹੈ ਪਰ ਇਸ 'ਤੇ ਅਸੀਂ ਕਦੇ ਡੂੰਘਾਈ ਨਾਲ ਵਿਚਾਰ ਨਹੀਂ ਕੀਤਾ। ਇਸੇ ਤਰ੍ਹਾਂ ਥੋੜ੍ਹਾਂ ਦੇ ਡੂੰਘੇ ਭਾਵ ਹੁੰਦੇ ਹਨ। ਰਾਤ ਕਿੰਨੀ ਹੀ ਕਾਲੀ-ਬੋਲੀ ਕਿਉਂ ਨਾ ਹੋਵੇ ਮਨ ਦਾ ਭਰੋਸਾ ਘੁੱਪ ਹਨੇਰੇ ਵਿਚ ਚਾਨਣ ਦੀਆਂ ਕਿਰਨਾਂ ਦਾ ਕੰਮ ਕਰਦਾ ਹੈ। ਪ੍ਰੇਰਿਤ ਕਰਨ ਵਾਲੀਆਂ ਅਜਿਹੀਆਂ ਤਮਾਮ ਗੱਲਾਂ ਕੀਤੀਆਂ ਜਾਂਦੀਆਂ ਹਨ ਪਰ ਇਨ੍ਹਾਂ ਨੂੰ ਕਹਿਣ ਵਾਲਿਆਂ ਦੀ ਤੁਲਨਾ ਵਿਚ ਅਪਨਾਉਣ ਵਾਲਿਆਂ ਦਾ ਅਨੁਪਾਤ ਬੇਹੱਦ ਘੱਟ ਹੋ ਗਿਆ ਹੈ। ਹੁਣ ਜ਼ਰੂਰਤ ਇਹੀ ਹੈ ਕਿ ਇਨ੍ਹਾਂ ਗੱਲਾਂ ਨੂੰ ਜੀਵਨ ਦਾ ਹਿੱਸਾ ਬਣਾਉਣ ਵਾਲਿਆਂ ਦੀ ਗਿਣਤੀ ਵਧੇ। ਜੀਵਨ ਵਿਚ ਅਜਿਹੀ ਕੋਈ ਸਮੱਸਿਆ ਨਹੀਂ ਜਿਸ ਦਾ ਹੱਲ ਸੰਭਵ ਨਾ ਹੋਵੇ। ਕਈ ਲਾਇਲਾਜ ਬਿਮਾਰੀਆਂ ਦੇ ਇਲਾਜ ਦੀ ਕਦੇ ਕਲਪਨਾ ਵੀ ਨਹੀਂ ਕੀਤੀ ਜਾ ਸਕਦੀ ਸੀ ਪਰ ਵਿਗਿਆਨ ਨੇ ਇਸ ਦੁਚਿੱਤੀ ਨੂੰ ਆਸਾਨ ਕਰ ਦਿੱਤਾ ਹੈ। ਜੀਵਨ ਵਿਚ ਸਬਰ, ਸੰਜਮ ਅਤੇ ਸਾਹਸ ਹਰ ਮੁਸ਼ਕਲ ਘੜੀ ਤੋਂ ਕੱਢਣ ਵਿਚ ਅਸਰਦਾਰ ਹੁੰਦੇ ਹਨ। ਜੇਕਰ ਜੀਵਨ ਵਿਚ ਕਿਸੇ ਚੁਣੌਤੀ ਦਾ ਸਾਹਮਣਾ ਨਹੀਂ ਕੀਤਾ ਤਦ ਕੀ ਜੀਵਨ ਬਤੀਤ ਕੀਤਾ? ਚੁਣੌਤੀਆਂ ਹੀ ਸ਼ਖ਼ਸੀਅਤ ਵਿਚ ਨਿਖਾਰ ਲਿਆਉਂਦੀਆਂ ਹਨ। ਅਸੀਂ ਆਪਣੀਆਂ ਸਮਰੱਥਾਵਾਂ ਤੋਂ ਉਦੋਂ ਜਾਣੂ ਹੋ ਸਕਦੇ ਹਾਂ ਜਦ ਔਖੀ ਘੜੀ ਵਿਚ ਹੁੰਦੇ ਹਾਂ। ਬਿਨਾਂ ਕਿਸੇ ਅੜਿੱਕੇ ਦੇ ਜੇਕਰ ਮੰਜ਼ਿਲ ਤਕ ਪੁੱਜ ਗਏ ਤਾਂ ਸਾਡੀ ਝੋਲੀ ਤਜਰਬੇ ਦੇ ਸੁੱਖ ਤੋਂ ਵਿਰਵੀ ਰਹਿ ਜਾਂਦੀ ਹੈ। ਇਨ੍ਹਾਂ ਤਜਰਬਿਆਂ ਨੂੰ ਅਸੀਂ ਦੁੱਖ ਸਮਝਦੇ ਹਾਂ ਪਰ ਇਹੀ ਦੁੱਖ ਸਾਨੂੰ ਸੁੱਖ ਨਾਲ ਰੂਬਰੂ ਕਰਵਾਉਂਦੇ ਹਨ। ਜ਼ਿੰਦਗੀ ਗੁਜ਼ਾਰਨ ਦੀ ਕਲਾ ਸਿਖਾਉਂਦੇ ਹਨ। ਸਾਨੂੰ ਜੀਵਨ ਜਿਊਣ ਦਾ ਸਹੀ ਰਸਤਾ ਕੁਦਰਤ ਤੋਂ ਬਿਹਤਰ ਹੋਰ ਕੋਈ ਨਹੀਂ ਦੱਸ ਸਕਦਾ। ਪਤਝੜ ਵਿਚ ਰੁੱਖ ਆਪਣੇ ਪੁਰਾਣੇ ਪੱਤਿਆਂ ਨੂੰ ਵਿਦਾ ਹੁੰਦੇ ਦੇਖ ਕੇ ਦੁਖੀ ਨਹੀਂ ਹੁੰਦਾ ਕਿਉਂਕਿ ਉਸ ਨੂੰ ਨਵੇਂ ਪੱਤਿਆਂ ਦੇ ਆਉਣ ਦਾ ਭਰੋਸਾ ਹੁੰਦਾ ਹੈ। ਇਸੇ ਤਰ੍ਹਾਂ ਸਾਡਾ ਦੁੱਖ ਵੀ ਸੁੱਕੇ ਪੱਤਿਆਂ ਦੀ ਤਰ੍ਹਾਂ ਜੀਵਨ ਤੋਂ ਵਿਦਾ ਹੋ ਜਾਂਦਾ ਹੈ ਅਤੇ ਸੁੱਖ ਨਵੇਂ ਪੱਤਿਆਂ ਦੇ ਰੂਪ ਵਿਚ ਜੀਵਨ ਵਿਚ ਪ੍ਰਵੇਸ਼ ਕਰ ਰਿਹਾ ਹੁੰਦਾ ਹੈ। ਇਸ ਲਈ ਦੁੱਖਾਂ-ਤਕਲੀਫ਼ਾਂ ਤੇ ਔਖੀ ਘੜੀ ਤੋਂ ਹਾਸਲ ਕੀਤੇ ਤਜਰਬੇ ਜ਼ਿੰਦਗੀ ਦੀ ਅਨਮੋਲ ਸੰਪਤੀ ਹੁੰਦੀ ਹੈ।



–ਸੌਰਭ ਜੈਨ



# ਉੱਤਰ-ਪੂਰਬੀ ਤਿੰਨ ਰਾਜਾਂ ਵਿਚ ਕਾਂਗਰਸ ਦੀ ਹਾਰ, ਕੀ ਡੁੱਬ ਰਹੀ ਹੈ ਪਾਰਟੀ?



ਡਾ. ਕ੍ਰਿਸ਼ਨ ਕੁਮਾਰ ਰੱਤੂ

ਮੇਘਾਲਿਆ, ਨਾਗਾਲੈਂਡ ਤੇ ਤ੍ਰਿਪੁਰਾ ਦੇ ਚੋਣ ਨਤੀਜਿਆਂ ਤੋਂ ਸਾਫ਼ ਹੈ ਕਿ ਇਹ ਨਤੀਜੇ 2024 ਦੀਆਂ ਚੋਣਾਂ ਦਾ ਆਧਾਰ ਬਣਨਗੇ। ਸੰਨ 2023 ਦੇ ਇਹ ਨਤੀਜੇ ਇਹ ਵੀ ਸਾਫ਼ ਕਰਦੇ ਹਨ ਕਿ ਇੱਥੇ ਖੇਤਰੀ ਪਾਰਟੀਆਂ ਦਾ ਕਬੀਲਾਈ ਆਧਾਰ ਅਜੇ ਜ਼ਿੰਦਾ ਹੈ। ਮਿਸਾਲ ਦੇ ਤੌਰ 'ਤੇ ਨਾਗਾਲੈਂਡ ਵਿਚ ਮੁੱਖ ਮੰਤਰੀ ਨੈਫਿਊ ਰਿਊ ਦੀ ਪਾਰਟੀ ਐਨਡੀਪੀਪੀ ਭਾਜਪਾ ਨਾਲ ਮਿਲ ਕੇ ਸੱਤਾ 'ਚ ਵਾਪਸ ਆ ਗਈ ਹੈ। ਓਧਰ ਮੇਘਾਲਿਆ ਵਿਚ ਚਾਰੋਂ ਜੈਂਤੀਆਂ ਤੇ ਖਾਸੀ ਕਬੀਲਿਆਂ ਦਾ ਭਾਰਤੀਕਰਨ ਹੋਇਆ ਹੈ।

ਅਰਥਾਤ ਇਸ ਈਸਾਈ ਬਹੁਲ ਰਾਜ ਵਿਚ ਕੋਨਰਾਡ ਸੰਗਮਾ ਤੇ ਮੁਕਲ ਸੰਗਮਾ ਦਾ ਮੁਕਾਬਲਾ ਸੀ ਪਰ ਇੱਥੇ ਸਥਿਤੀ ਥੋੜ੍ਹੀ ਉਲਝ ਗਈ ਹੈ ਕਿਉਂਕਿ ਪੱਛਮੀ ਬੰਗਾਲ ਵਿੱਚੋਂ ਪਹਿਲੀ ਵਾਰ ਗੋਆ ਤੋਂ ਬਾਅਦ ਮਮਤਾ ਬੈਨਰਜੀ ਦੀ ਟੀਐਮਸੀ ਨੇ ਖੇਡ ਵਿਗਾੜੀ ਹੈ। ਉਸ ਨੂੰ 12 ਸੀਟਾਂ ਮਿਲੀਆਂ ਹਨ ਪ੍ਰੰਤੂ ਸੰਗਮਾ ਦੀ ਪਾਰਟੀ ਐਨਪੀਪੀ ਅੱਗੇ ਚੱਲ ਰਹੀ ਹੈ। ਇਹ ਹੁਣ ਰੋਚਕ ਹੋ ਗਿਆ ਹੈ ਕਿ ਉਹ ਭਾਜਪਾ ਦੀ ਥਾਂ ਤੇ ਕਿਤੇ ਟੀਐਮਸੀ ਨਾਲ ਤਾਂ ਨਹੀਂ ਚਲੇ ਜਾਣਗੇ। ਇੱਥੇ ਇਹ ਵੀ ਵਰਣਨਯੋਗ ਹੈ ਕਿ ਮੇਘਾਲਿਆ ਵਿਚ ਇਕ ਹੀ ਵਿਚਾਰਧਾਰਾ ਕੰਮ ਕਰਦੀ ਹੈ ਕਿ ਜਿਸ ਦੀ ਕੇਂਦਰ ਵਿਚ ਸਰਕਾਰ ਹੋਵੇ ਉਸ ਦੇ ਨਾਲ ਉੱਥੇ ਦੀਆਂ ਪਾਰਟੀਆਂ ਗੱਠਜੋੜ ਕਰ ਕੇ ਸੱਤਾ ਵਿਚ ਰਹਿੰਦੀਆਂ ਹਨ। ਇੱਥੇ ਵਰਣਨਯੋਗ ਇਹ ਵੀ ਹੈ ਕਿ ਮੇਘਾਲਿਆ ਵਿਚ ਪਹਿਲਾਂ ਵੀ ਭਾਜਪਾ ਗੱਠਜੋੜ ਨੇ ਮੁੱਖ ਮੰਤਰੀ ਕੋਨਰਾਡ ਸੰਗਮਾ ਨਾਲ ਮਿਲ ਕੇ ਸਰਕਾਰ ਬਣਾਈ ਤੇ ਚਲਾਈ ਹੈ। ਬਾਅਦ ਵਿਚ ਭਾਵੇਂ ਭਾਜਪਾ ਅਲੱਗ ਹੋ ਗਈ ਸੀ ਪਰ ਅਸਾਮ ਦੇ ਮੁੱਖ ਮੰਤਰੀ ਇਸ ਗੱਠਜੋੜ ਨੂੰ ਇਕ ਵਾਰੀ ਫਿਰ ਤੋਂ ਜ਼ਿੰਦਾ ਕਰਨ 'ਚ ਲੱਗ ਗਏ ਹਨ। ਤ੍ਰਿਪੁਰਾ ਵਿਚ ਭਾਜਪਾ ਦੇ ਨੇਤਾਵਾਂ ਨੇ ਲੋਕਾਂ 'ਤੇ ਛਾਪ ਛੱਡੀ ਹੈ। ਭਾਜਪਾ, ਟੀਐਮਸੀ ਦੇ ਨਾਲ-ਨਾਲ ਨਵੀਂ ਰਿਜਨਲ ਪਾਰਟੀ ਤ੍ਰਿਪੁਰਾ ਮੋਥਾ ਜਿਸ ਦੀ ਅਗਵਾਈ ਉੱਥੇ ਦੇ ਰਾਜ ਪਰਿਵਾਰ ਦੇ ਮੁਖੀਆ ਕਰ ਰਹੇ ਹਨ, ਵੀ ਇਸ ਵਾਰ ਮੈਦਾਨ ਵਿਚ ਸਨ ਤੇ ਇਕ ਭਾਵਨਾਤਮਕ ਸਬੰਧ ਆਪਣੀ ਜਨਤਾ ਨਾਲ ਹੋਣ ਕਰਕੇ ਜਿੱਤ ਪ੍ਰਾਪਤ ਕੀਤੀ ਹੈ।

ਭਾਵੇਂ ਮੇਘਾਲਿਆ ਦੀ ਤਸਵੀਰ ਅਜੇ ਚੰਗੀ ਤਰ੍ਹਾਂ ਸਾਫ਼ ਨਹੀਂ ਹੈ। ਭਾਜਪਾ ਨੇ ਜਿਵੇਂ ਉੱਤਰ-ਪੂਰਬ ਅਰਥਾਤ ਨਾਰਥ ਈਸਟ ਨੂੰ ਜਿੱਤਿਆ ਹੈ ਇਹ ਉਸ ਦੀ ਰਾਜਨੀਤਕ ਸੂਝਬੂਝ ਅਤੇ ਸਿਆਸੀ ਪਰਪੱਕਤਾ ਦੀ ਨਿਸ਼ਾਨੀ ਹੈ। ਹੁਣ ਮੇਘਾਲਿਆ, ਨਾਗਾਲੈਂਡ ਤੇ ਤ੍ਰਿਪੁਰਾ ਵਿਚ ਜਨ-ਜਾਤੀ ਜਾਗਰਣ ਦੀ ਮੁਹਿੰਮ ਵਿਚ ਭਾਜਪਾ ਦਾ ਕਮਲ ਬੇਹੱਦ ਅੱਗੇ ਹੈ। ਸਭ ਤੋਂ ਖ਼ਰਾਬ ਹਾਲਤ ਕਾਂਗਰਸ ਵਰਗੀ ਪੁਰਾਣੀ ਪਾਰਟੀ ਦੀ ਹੋਈ ਹੈ ਜੋ ਚਾਰੇ ਖਾਨੇ ਚਿੱਤ ਹੋਈ ਹੈ। ਸੰਨ 1950 ਤੋਂ ਬਾਅਦ ਪਿਛਲੇ ਸੱਤਰ ਵਰ੍ਹਿਆਂ 'ਚ ਇਹ ਕਾਂਗਰਸ ਦਾ ਸਭ ਤੋਂ ਨਿਰਾਸ਼ਾਜਨਕ ਪ੍ਰਦਰਸ਼ਨ ਹੈ।

ਇੱਥੇ ਇਹ ਵੀ ਦੱਸਣਾ ਬਣਦਾ ਹੈ ਕਿ ਕਦੇ ਕਾਂਗਰਸ ਦਾ ਪੂਰੇ ਉੱਤਰ-ਪੂਰਬ ਦੇ ਰਾਜਾਂ 'ਚ ਇਕਤਰਫ਼ਾ ਸ਼ਾਸਨ ਸੀ ਪਰ ਹੁਣ 2023 ਵਿਚ ਇਹ ਤਸਵੀਰ ਬਿਲਕੁਲ ਬਦਲ ਗਈ ਹੈ ਤੇ 2024 ਦਾ ਇਹ ਰੁਝਾਨ ਨਵੇਂ ਰਾਜਨੀਤਕ ਸਮੀਕਰਨ ਤੇ ਨਵੀਂ ਰਾਜਨੀਤੀ ਦੀ ਦਸਤਕ ਦੀ ਕਹਾਣੀ ਵਿਖਾਉਣਗੇ। ਹੁਣ ਇਹ ਸਾਫ਼ ਹੋ ਗਿਆ ਹੈ ਕਿ ਸਥਾਨਕ ਮੁੱਦੇ ਤੇ ਸਥਾਨਕ ਪਾਰਟੀਆਂ ਦੀ ਕਾਰਗੁਜ਼ਾਰੀ ਬੇਹੱਦ ਨਿਰਣਾਇਕ ਭੂਮਿਕਾ ਨਿਭਾਉਂਦੀ ਹੈ। ਨਾਗਾਲੈਂਡ ਵਿਚ ਐਨਡੀਪੀਪੀ ਦੇ ਨੈਫਿਊ ਰਿਊ ਪੰਜਵੀਂ ਵਾਰੀ ਮੁੱਖ ਮੰਤਰੀ ਬਣਨਗੇ।

ਕਦੇ ਉਹ ਕਾਂਗਰਸ ਦੇ ਮੁੱਖ ਮੰਤਰੀ ਵੀ ਸਨ। ਇਸ ਤਰ੍ਹਾਂ ਸਾਬਕਾ ਸਪੀਕਰ ਪੀਏ ਸੰਗਮਾ ਦੇ ਬੇਟੇ ਕੋਨਰਾਡ



ਸੰਗਮਾ ਵੀ ਹੀਰੋ ਬਣ ਕੇ ਉੱਭਰੇ ਹਨ ਤੇ ਉੱਧਰ ਮਾਣਿਕ ਸਾਹਾ ਦੀ ਤ੍ਰਿਪੁਰਾ 'ਚ ਵਾਪਸੀ ਕੇਂਦਰ ਦੀ ਨੀਤੀ ਦਾ ਨਤੀਜਾ ਹੈ ਕਿ ਉਹ ਸੱਤਾ ਵਿਚ ਵਾਪਸ ਆਏ ਹਨ। ਤ੍ਰਿਪੁਰਾ ਵਿਚ ਰਾਜਸ਼ਾਹੀ ਦੇ ਪ੍ਰਤੀਕ ਪ੍ਰਦਿਓਤ ਦੇਬ ਬਰਮਾ ਪਹਿਲੀ ਵਾਰੀ ਮੈਦਾਨ 'ਚ ਉਤਰੇ ਹਨ। ਇੱਥੇ ਤ੍ਰਿਕੋਣੇ ਮੁਕਾਬਲੇ 'ਚ ਭਾਜਪਾ ਤੇ ਆਈਪੀਐਫਟੀ ਦੇ ਗੱਠਜੋੜ ਨੇ ਫਿਰ ਮੈਦਾਨ ਮਾਰ ਲਿਆ ਹੈ। 28.12 ਲੱਖ ਵੋਟਰਾਂ ਦੇ 89.98 ਪ੍ਰਤੀਸ਼ਤ ਵੋਟ ਪੋਲਿੰਗ ਹੋਣਾ ਉੱਥੇ ਚੋਣਾਂ ਪ੍ਰਤੀ ਜਾਗ੍ਰਿਤੀ ਨੂੰ ਵੀ ਵਿਖਾਉਂਦਾ ਹੈ। ਪਹਿਲੀ ਵਾਰ ਲੈਫ਼ਟ ਫਰੰਟ ਨੇ ਕਾਂਗਰਸ ਨਾਲ ਮਿਲ ਕੇ ਇਲੈਕਸ਼ਨ ਲੜਿਆ। ਸੰਨ 2018 ਦੀਆਂ ਚੋਣਾਂ ਵਿਚ ਭਾਜਪਾ ਨੇ 36 ਤੇ ਲੈਫ਼ਟ ਫਰੰਟ ਨੇ 16 ਸੀਟਾਂ ਜਿੱਤੀਆਂ ਸਨ। ਕਾਂਗਰਸ ਸਿਫ਼ਰ 'ਤੇ ਸਿਮਟ ਗਈ ਸੀ। ਮੇਘਾਲਿਆ ਵਿਚ ਕੋਨਰਾਡ ਸੰਗਮਾ ਦੀ ਪਾਰਟੀ ਸਭ ਤੋਂ ਅੱਗੇ ਹੈ। ਰਾਜਨੀਤਕ ਵਿਸ਼ਲੇਸ਼ਣ ਇਹ ਦੱਸਦੇ ਹਨ ਕਿ ਮੇਘਾਲਿਆ ਵਿਚ ਭਾਜਪਾ ਨੂੰ ਇਕੱਲੇ ਇਲੈਕਸ਼ਨ ਲੜਨ ਦਾ ਕੋਈ ਜ਼ਿਆਦਾ ਫ਼ਾਇਦਾ ਨਹੀਂ ਹੋਇਆ ਹੈ। ਉਸ ਦਾ ਵੋਟ ਸ਼ੇਅਰ ਵੀ ਘਟਿਆ ਹੈ। ਸੰਨ 2018 'ਚ ਲੈਫ਼ਟ ਅਰਥਾਤ ਖੱਬੇ-ਪੱਖੀਆਂ ਦਾ 30 ਸਾਲਾਂ ਦਾ ਗਲਬਾ ਭਾਜਪਾ ਨੇ ਖ਼ਤਮ ਕੀਤਾ ਸੀ। ਇਹ ਵੀ ਸੱਚ ਹੈ ਕਿ ਮੇਘਾਲਿਆ ਤੇ ਨਾਗਾਲੈਂਡ 'ਚ ਭਾਜਪਾ ਵੱਡੀ ਖਿਡਾਰੀ ਰਹੀ ਹੈ। ਮੇਘਾਲਿਆ 'ਚ ਪਾਰਟੀ ਨੇ ਸਾਰੀਆਂ ਸੀਟਾਂ 'ਤੇ ਚੋਣਾਂ ਲੜੀਆਂ ਪਰ ਸਫਲਤਾ ਨਹੀਂ ਮਿਲੀ ਹੈ। ਇਨ੍ਹਾਂ ਚੋਣਾਂ ਵਿਚ ਕਾਂਗਰਸ ਨੂੰ ਸਭ ਤੋਂ ਵੱਡਾ ਧੱਕਾ ਲੱਗਾ ਹੈ ਪਰ ਫਿਰ ਵੀ ਉਸ ਨੂੰ ਸ਼ਾਇਦ ਕੋਈ ਅਫ਼ਸੋਸ ਨਹੀਂ ਹੈ। ਇਹ ਮੰਨ ਲਿਆ ਗਿਆ ਹੈ ਕਿ ਕਾਂਗਰਸ ਨੇ ਜੇ ਕਦੇ ਇੱਥੇ ਦੁਬਾਰਾ ਪੈਰ ਜਮਾਉਣੇ ਹਨ ਤਾਂ ਫਿਰ 1970 ਵਾਲੀ ਤੇਜ਼ ਤਰਾਰ ਚੋਣ ਰਣਨੀਤੀ ਅਪਨਾਉਣੀ ਹੋਵੇਗੀ ਜੋ ਸ਼ਾਇਦ ਹੁਣ ਸੰਭਵ ਨਹੀਂ ਹੈ। ਇਨ੍ਹਾਂ ਤਿੰਨਾਂ ਰਾਜਾਂ ਵਿਚ ਕਾਂਗਰਸ ਬਿਲਕੁਲ ਹਾਸ਼ੀਏ 'ਤੇ ਚਲੀ ਗਈ ਹੈ। ਹਾਲਾਂਕਿ ਮੇਘਾਲਿਆ 'ਚ 5 ਸੀਟਾਂ ਜਿੱਤੀਆਂ ਹੈ ਪਰ ਤ੍ਰਿਪੁਰਾ 'ਚ ਸਿਫ਼ਰ, ਨਾਗਾਲੈਂਡ ਜਿੱਥੇ ਕਾਂਗਰਸ ਦਾ ਨਿਰੰਤਰ ਰਾਜ ਰਿਹਾ ਹੈ, ਉੱਥੇ ਵੀ ਉਸ ਦੀ ਕਾਰਗੁਜ਼ਾਰੀ ਜ਼ੀਰੋ ਹੀ ਵਿਖਾਈ ਦਿੰਦੀ ਹੈ। ਨਾਗਾਲੈਂਡ ਦੇ ਭਾਜਪਾ ਪ੍ਰਧਾਨ ਤੇਮਜਨ ਇਮਨਾਅਲੋਂਗ ਨੇ ਆਪਣੇ ਫਿਲਮੀ ਅੰਦਾਜ਼ ਵਿਚ ਟਵਿੱਟਰ 'ਤੇ ਲਿਖਿਆ 'ਹਾਰ ਕਰ ਜੀਤਨੇ ਵਾਲੇ ਕੋ ਕਹਿਤੇ ਹੈ, ਬਾਜ਼ੀਗਰ'। ਨਾਗਾਲੈਂਡ ਨੂੰ ਆਪਣੀ ਪਹਿਲੀ ਔਰਤ ਐਮਐਲਏ ਵੀ ਮਿਲ ਗਈ ਹੈ। ਇਹ ਸ਼ਾਇਦ ਨਾਗਾਲੈਂਡ ਦੀ ਸਭ ਤੋਂ ਵੱਡੀ ਪ੍ਰਾਪਤੀ ਹੈ। ਭਾਜਪਾ ਸਮਰਥਕ ਦੀਮਾਪੁਰ-3 ਦੀ ਉਮੀਦਵਾਰ ਹਿਕਾਨੀ ਜਾਖਲੂ ਨੇ 60 ਵਰ੍ਹਿਆਂ 'ਚ ਪਹਿਲੀ ਵਾਰ ਔਰਤ ਕੋਟੇ 'ਚ ਜਿੱਤ ਪ੍ਰਾਪਤ ਕਰ ਕੇ ਆਪਣਾ ਵੱਖਰਾ ਇਤਿਹਾਸ ਸਿਰਜਿਆ ਹੈ।

ਇਹ ਵਿਸ਼ੇਸ਼ ਤਬਦੀਲੀ ਜੋ ਆਦਿਵਾਸੀ ਇਲਾਕਿਆਂ 'ਚ ਈਸਾਈ ਅਰਥਾਤ ਕ੍ਰਿਸ਼ਚੀਅਨ ਕਬੀਲੇ ਨਾਲ ਆਈ ਹੈ, ਉਸ ਵਿਚ ਇੱਥੇ ਚਰਚ ਦੀ ਵੀ ਬੇਹੱਦ ਭੂਮਿਕਾ ਹੈ। ਇੱਥੇ ਸਾਰੀਆਂ ਪਾਰਟੀਆਂ 'ਚ ਚਰਚ ਦੀ ਭੂਮਿਕਾ ਵੇਖਣ ਨੂੰ ਮਿਲੀ ਹੈ। ਸੰਨ 2016 ਵਿਚ ਅਸਾਮ 'ਚ ਪਹਿਲੀ ਵਾਰ ਭਾਜਪਾ ਨੇ 15 ਵਰ੍ਹਿਆਂ ਦੇ ਕਾਂਗਰਸ ਸ਼ਾਸਨ ਦਾ ਅੰਤ ਕੀਤਾ ਸੀ। ਸੰਨ 2016 ਵਿਚ ਪੇਮਾ ਖਾਂਡੂ ਨੇ ਅਰੁਣਾਚਲ 'ਚ ਕਾਂਗਰਸ ਤੋਂ ਪਾਲਾ ਬਦਲ ਕੇ ਭਾਜਪਾ ਦਾ ਕਮਲ ਖਿੜਾਇਆ ਸੀ।

ਸੰਨ 2017 'ਚ ਮਨੀਪੁਰ 'ਚ ਐਨ. ਬਿਰੇਨ ਸਿੰਘ ਨੇ ਮੁੱਖ ਮੰਤਰੀ ਬਣ ਕੇ ਮਨੀਪੁਰ 'ਚ ਭਾਜਪਾ ਦਾ ਝੰਡਾ ਲਹਿਰਾ ਦਿੱਤਾ ਸੀ। ਸੰਨ 2018 'ਚ ਤ੍ਰਿਪੁਰਾ ਤੇ 2019 'ਚ ਫਿਰ ਅਰੁਣਾਚਲ 'ਚ 60 'ਚੋਂ 41 ਸੀਟਾਂ ਜਿੱਤ ਕੇ ਮੋਦੀ ਮੈਜਿਕ ਦਾ ਸਿਖ਼ਰ ਦਿਖਾਇਆ ਸੀ। ਭਾਜਪਾ ਸੰਨ 2021 'ਚ ਅਸਾਮ 'ਚ ਅਤੇ 2022 ਵਿਚ ਮਨੀਪੁਰ 'ਚ ਦੁਬਾਰਾ ਸੱਤਾ ਵਿਚ ਆਈ ਸੀ। ਹਾਲਾਂਕਿ ਸਿੱਕਮ ਤੇ ਮਿਜ਼ੋਰਮ 'ਚ ਉੱਥੇ ਦੀਆਂ ਰਿਜਨਲ ਪਾਰਟੀਆਂ ਹਕੂਮਤ 'ਚ ਹਨ ਪਰ ਭਾਜਪਾ ਉੱਥੇ ਵੀ ਆਪਣੀਆਂ ਜੜ੍ਹਾਂ ਮਜ਼ਬੂਤ ਕਰ ਰਹੀ ਹੈ। ਸੰਨ 2024 'ਚ ਲੋਕ ਸਭਾ ਚੋਣਾਂ ਵਾਸਤੇ ਇਹ ਇਕ ਮੂਲ ਪਰਿਵਰਤਨ ਹੈ ਜੋ ਇਸ ਵੇਲੇ ਉੱਤਰ-ਪੂਰਬ 'ਚ ਵੇਖਿਆ ਜਾ ਰਿਹਾ ਹੈ। ਉੱਥੋਂ ਦੇ ਨਤੀਜਿਆਂ ਤੋਂ ਇਹ ਵੀ ਸਾਫ਼ ਹੋ ਗਿਆ ਹੈ ਕਿਧਰੇ ਬੀਫ਼ ਦਾ ਮਸਲਾ ਨਹੀਂ ਉੱਭਰਿਆ, ਨਾ ਹੀ ਹਿੰਦੂ ਰਾਸ਼ਟਰ ਦਾ ਮੁੱਦਾ। ਚਰਚ ਦੀ ਭੂਮਿਕਾ ਨੂੰ ਵੀ ਲੋਕਲ ਮੁੱਦਿਆਂ ਨਾਲ ਉਸਾਰੂ ਢੰਗ ਨਾਲ ਜੋੜ ਕੇ ਇਕ ਨਵੀਂ ਰਾਜਨੀਤੀ ਸਾਹਮਣੇ ਆਈ ਹੈ। ਉੱਤਰ-ਪੂਰਬ ਦੇ ਇਨ੍ਹਾਂ ਰਾਜਾਂ ਵਿਚ ਨਵੀਂ ਪੀੜ੍ਹੀ ਦੀ ਪ੍ਰਤੀਨਿਧਤਾ ਨੇ ਵੀ ਵੱਡੀ ਭੂਮਿਕਾ ਅਦਾ ਕੀਤੀ ਹੈ। ਸੰਨ 2015 'ਚ ਹੇਮੰਤ ਵਿਸਵਾ ਸਰਮਾ ਨੇ ਕਾਂਗਰਸ 'ਚੋਂ ਆ ਕੇ ਭਾਜਪਾ ਨੂੰ ਨਵੀਂ ਤਾਕਤ ਦਿੰਦਿਆਂ ਅਸਾਮ 'ਚ ਉਸ ਦਾ ਆਧਾਰ ਬਣਾਇਆ ਸੀ। ਉਸ ਨੇ ਐਨਡੀਏ ਦੀ ਸਥਾਪਨਾ ਕੀਤੀ ਤੇ ਰਾਹੁਲ ਗਾਂਧੀ, ਸੋਨੀਆ ਦੇ ਵਿਰੋਧ 'ਚ ਕਾਂਗਰਸ ਛੱਡੀ ਸੀ। ਉਹ ਹੁਣ ਅਸਾਮ ਸਮੇਤ ਸਾਰੇ ਉੱਤਰ ਪੂਰਬ ਦੀ ਰਾਜਨੀਤੀ 'ਚ ਭਾਜਪਾ ਦੀ ਚੜ੍ਹਤ 'ਚ ਵੱਡੀ ਭੂਮਿਕਾ ਅਦਾ ਕਰ ਸਕਦੇ ਹਨ। ਆਉਣ ਵਾਲੇ ਦਿਨਾਂ 'ਚ ਜੇ ਉਹ ਆਪਣੇ ਪ੍ਰਭਾਵ ਨਾਲ ਇਕ ਵਾਰ ਫਿਰ ਕੋਨਰਾਡ ਸੰਗਮਾ ਨਾਲ ਮਿਲ ਕੇ ਭਾਜਪਾ ਦੀ ਸਰਕਾਰ ਬਣਾ ਦਿੰਦੇ ਹਨ ਤਾਂ ਸੰਭਵ ਹੈ ਕਿ ਫਿਰ ਕਿੰਗਮੇਕਰ ਦੀ ਭੂਮਿਕਾ 'ਚ ਹੋਣਗੇ।

ਸੰਨ 2023 ਦੇ ਇਨ੍ਹਾਂ ਚੋਣ ਨਤੀਜਿਆਂ ਨੇ ਇਕ ਗੱਲ ਸਾਫ਼ ਕਰ ਦਿੱਤੀ ਹੈ ਕਿ ਭਾਰਤ ਦੀ ਨਵੀਂ ਪੀੜ੍ਹੀ ਨਵੇਂ ਸ਼ਾਨਦਾਰ ਵਿਜ਼ਨ ਦੇ ਵਿਕਾਸ ਤੇ ਨਵੀਂ ਪਛਾਣ ਨਾਲ ਅੱਗੇ ਆ ਰਹੀ ਹੈ। ਕਦੇ ਅਟਲ ਬਿਹਾਰੀ ਵਾਜਪਾਈ ਨੇ ਉੱਤਰ-ਪੂਰਬ 'ਤੇ ਨਜ਼ਰ ਮਾਰੀ ਸੀ ਉਹ ਵੀ ਗੋਰਖਾਲੈਂਡ 'ਚ ਅਸਾਮ ਦੇ ਨੇੜੇ ਪੱਛਮੀ ਬੰਗਾਲ ਦੀ ਨਵੀਂ ਜ਼ਮੀਨ 'ਤੇ ਪਰ ਹੁਣ 2023 ਦੇ ਮੋਦੀ ਮੈਜਿਕ ਦੀ ਸਫਲਤਾ ਨੇ ਪੂਰੇ ਉੱਤਰ-ਪੂਰਬ 'ਚ ਭਾਜਪਾ ਦੇ ਪ੍ਰਭਾਵ ਨੂੰ ਵਿਖਾਇਆ ਹੈ। ਲੋਕ-ਸੋਚ ਨੂੰ ਬਦਲਣ ਲਈ ਭਾਜਪਾ ਅੱਗੇ ਹੈ।

# ਪਾਕਿਸਤਾਨ ਵੱਲੋਂ ਅੱਤਵਾਦੀਆਂ ਦੀ ਹਮਾਇਤ ਕਾਰਨ ਕਸ਼ਮੀਰ ਘਾਟੀ ਅਜੇ ਵੀ ਲਹੂ-ਲੁਹਾਨ

ਮੁਖ਼ਤਾਰ ਗਿੱਲ

ਪੁਲਵਾਮਾ ਜ਼ਿਲ੍ਹੇ ਦੇ ਅਚਨ ਇਲਕੇ ਵਿਚ ਦਹਿਸ਼ਤਗਰਦਾਂ ਨੇ ਇਕ 40 ਸਾਲਾ ਕਸ਼ਮੀਰੀ ਪੰਡਿਤ ਸੰਜੇ ਕੁਮਾਰ ਦੀ ਨੇੜਿਓਂ ਗੋਲੀ ਮਾਰ ਕੇ ਹੱਤਿਆ ਕਰ ਦਿੱਤੀ। ਉਹ ਏਟੀਐਮ ਗਾਰਡ ਵਜੋਂ ਕੰਮ ਕਰਦਾ ਸੀ। ਪਿਛਲੇ ਸਾਲ ਕਸ਼ਮੀਰੀ ਪੰਡਿਤਾਂ ਤੇ ਪਰਵਾਸੀ ਮਜ਼ਦੂਰਾਂ ਨੂੰ ਦਹਿਸ਼ਤੀਆਂ ਨੇ ਨਿਸ਼ਾਨਾ ਬਣਾ ਕੇ 30 ਹਮਲੇ ਕੀਤੇ ਸਨ ਜਿਨ੍ਹਾਂ ਵਿਚ 3 ਕਸ਼ਮੀਰੀ ਪੰਡਿਤਾਂ ਸਣੇ 18 ਲੋਕ ਮਾਰੇ ਗਏ ਸਨ। ਸਾਲ 2023 ਵਿਚ ਘੱਟ ਗਿਣਤੀ ਫ਼ਿਰਕੇ ਦੇ ਕਿਸੇ ਵਿਅਕਤੀ ਦੀ ਨਿਸ਼ਾਨਾ ਮਿੱਥ ਕੇ ਕੀਤੀ ਗਈ ਇਹ ਪਹਿਲੀ ਹੱਤਿਆ ਹੈ। ਇਸੇ ਤਰ੍ਹਾਂ ਨਵੇਂ ਸਾਲ ਦੀ ਪੂਰਵ ਸੰਧਿਆ ਨੂੰ ਜ਼ਿਲ੍ਹਾ ਰਾਜੌਰੀ ਦੇ ਪਿੰਡ ਡਾਂਗਰੀ ਵਿਚ ਹਿੰਦੂ ਪਰਿਵਾਰਾਂ 'ਤੇ ਦਹਿਸ਼ਤਗਰਦਾਂ ਨੇ ਹਮਲਾ ਕੀਤਾ ਜਿਸ ਵਿਚ ਚਾਰ ਲੋਕ ਮਾਰੇ ਗਏ ਸਨ। ਅਗਲੇ 14 ਘੰਟਿਆਂ 'ਚ ਹੋਏ ਇਕ ਹੋਰ ਆਈਈਡੀ ਧਮਾਕੇ ਵਿਚ ਦੋ ਬੱਚਿਆਂ ਦੀ ਮੌਤ ਹੋ ਗਈ।

ਪੁਣਛ ਵਿਚ ਫ਼ੌਜੀ ਟਿਕਾਣੇ ਨੇੜਿਓਂ ਬਾਰੂਦੀ ਸੁਰੰਗ ਮਿਲੀ। ਸਾਬਕਾ ਵਿਧਾਇਕ ਤੇ ਗੁੱਜਰ ਆਗੂ ਚੌਧਰੀ ਮੁਹੰਮਦ ਅਕਰਮ ਦੇ ਘਰ 'ਚ ਧਮਾਕਾ ਕੀਤਾ ਗਿਆ। ਸੁਰੱਖਿਆ ਬਲਾਂ 'ਤੇ ਗਰਨੇਡ ਹਮਲਾ ਹੋਇਆ। ਰਾਜੌਰੀ ਵਿਚ 2000 ਸੀਆਰਪੀਐਫ ਦੇ ਜਵਾਨ ਲਗਾਏ ਗਏ। ਜੰਮੂ-ਕਸ਼ਮੀਰ ਵਿਚ ਸੀਆਰਪੀਐਫ ਦੀਆਂ 70 ਬਟਾਲੀਅਨਾਂ ਤਾਇਨਾਤ ਹਨ। ਇਕ ਦਸਤਾਵੇਜ਼ੀ ਮੁਤਾਬਕ 5 ਅਗਸਤ 2019 ਨੂੰ ਸੰਵਿਧਾਨ ਦੀ ਧਾਰਾ 370 ਨੂੰ ਵਿਵਾਦਤ ਢੰਗ ਨਾਲ ਅਤੇ ਅਚਾਨਕ ਖ਼ਤਮ ਕਰ ਕੇ ਇਸ ਸੂਬੇ ਨੂੰ ਕੇਂਦਰ ਸ਼ਾਸਿਤ ਪ੍ਰਦੇਸ਼ ਵਿਚ ਤਬਦੀਲ ਕਰਨ ਦੀ ਬੇਮਿਸਾਲ ਤਬਦੀਲੀ ਅਤੇ ਨਵੀਂ ਦਿੱਲੀ ਦੇ ਇਸ ਫ਼ੈਸਲੇ ਬਾਰੇ 'ਇਹ ਮੋਦੀ ਦੇ ਪੀਐਮ ਅਹੁਦੇ ਦੀ ਸਹੁੰ ਚੁੱਕਣ ਤੋਂ ਬਾਅਦ ਨੌਵਾਂ ਹਫ਼ਤਾ ਸੀ ਜਦੋਂ ਨੀਮ ਫ਼ੌਜੀ ਦਸਤੇ ਜੰਮੂ-ਕਸ਼ਮੀਰ ਵਿਚ ਭੇਜੇ ਗਏ। ਇਸ ਦਾ ਨਤੀਜਾ ਸੀ ਇਕ 'ਕਮਿਊਨਿਕੇਸ਼ਨ ਬਲੈਕਆਊਟ ਜਿੱਥੇ ਇਸ ਖੇਤਰ ਦਾ ਸਿੱਧਾ ਨਿਯੰਤਰਣ' ਨਵੀਂ ਦਿੱਲੀ ਨੇ ਆਪਣੇ ਕਬਜ਼ੇ ਹੇਠ ਲੈ ਲਿਆ। ਪਹਿਲੇ ਮਹੀਨੇ 4000 ਕਸ਼ਮੀਰੀਆਂ ਨੂੰ ਹਿਰਾਸਤ ਵਿਚ ਲਿਆ ਗਿਆ ਸੀ। ਜੰਮੂ-ਕਸ਼ਮੀਰ ਸੂਬੇ ਦਾ ਦਰਜਾ ਸਮਾਪਤ ਹੋਣ ਤੋਂ ਬਾਅਦ ਸੁਰੱਖਿਆ ਬਲਾਂ ਦੀ ਚੌਕਸੀ ਕਾਫ਼ੀ ਵਧਾ ਦਿੱਤੀ ਗਈ ਸੀ। ਇਸ ਦੇ ਫ਼ਲਸਰੂਪ ਮੰਨਿਆ ਜਾ ਰਿਹਾ ਸੀ ਕਿ ਹੁਣ ਵਾਦੀ ਵਿਚ ਦਹਿਸ਼ਤਗਰਦਾਂ ਦਾ ਲੱਕ ਟੁੱਟ ਜਾਵੇਗਾ ਅਤੇ ਜਲਦੀ ਹੀ ਉੱਥੇ ਅਮਨ-ਅਮਾਨ ਸਥਾਪਤ ਹੋ ਜਾਵੇਗਾ। ਇਸ ਦੇ ਬਾਵਜੂਦ ਹੁਣ ਵੀ ਦਹਿਸ਼ਤਗਰਦ ਆਪਣੀਆਂ ਸਾਜ਼ਿਸ਼ਾਂ ਨੂੰ ਅੰਜਾਮ ਦੇਣ 'ਚ ਕਾਮਯਾਬ ਹੋ ਰਹੇ ਹਨ। ਗੁਆਂਢੀ ਮੁਲਕ ਪਾਕਿਸਤਾਨ ਅਜੇ ਵੀ ਆਪਣੀਆਂ ਨਾਪਾਕ ਹਰਕਤਾਂ ਤੋਂ ਟਲ ਨਹੀਂ ਰਿਹਾ।

ਸਰਹੱਦ ਪਾਰੋਂ ਦਹਿਸ਼ਤਗਰਦਾਂ ਦੀ ਪੁਸ਼ਤਪਨਾਹੀ ਜਾਰੀ ਹੈ। ਪਾਕਿਸਤਾਨ ਖ਼ੁਦ ਭਾਵੇਂ ਦਹਿਸ਼ਤਵਾਦ ਤੋਂ ਪੀੜਤ ਹੈ, ਇਸ ਦੇ ਬਾਵਜੂਦ ਕਸ਼ਮੀਰ ਦਾ ਰਾਗ ਅਲਾਪਣਾ ਨਹੀਂ ਛੱਡ ਰਿਹਾ। ਉਹ ਉਸ ਲਈ ਨੱਕ ਦਾ ਸਵਾਲ ਬਣ ਚੁੱਕਾ ਹੈ। ਇਸੇ ਲਈ ਉਮੀਦ ਅਨੁਸਾਰ ਅੱਤਵਾਦੀਆਂ ਦੀਆਂ ਗਤੀਵਿਧੀਆਂ ਕਸ਼ਮੀਰ ਵਾਦੀ 'ਚ ਘਟੀਆਂ ਨਹੀਂ ਹਨ। ਦਹਿਸ਼ਤਗਰਦ ਆਪਣਾ ਤਰੀਕਾ ਬਦਲ ਕੇ ਬੇਗੁਨਾਹ ਲੋਕਾਂ ਦੀ ਹੱਤਿਆ ਕਰ ਦਿੰਦੇ ਹਨ।

ਪਿਛਲੇ ਕੁਝ ਸਮੇਂ ਤੋਂ ਉਨ੍ਹਾਂ ਦੀ ਨਿਸ਼ਾਨਾ ਮਿੱਥ ਕੇ ਕੀਤੀ ਜਾ ਰਹੀ ਹਿੰਸਾ ਚਿੰਤਾ ਦਾ ਵਿਸ਼ਾ ਬਣੀ ਹੋਈ ਹੈ। ਅੱਜ ਉਹ ਕੁਝ ਅਜਿਹੇ ਤਰੀਕੇ ਅਜ਼ਮਾ ਰਹੇ ਹਨ ਜਿਹੜੇ ਪਹਿਲਾਂ ਇਸਤੇਮਾਲ ਨਹੀਂ ਸਨ ਕੀਤੇ ਗਏ। ਲਸ਼ਕਰ ਨਾਲ ਸਬੰਧਤ ਇਕ ਦਹਿਸ਼ਤਗਰਦ ਤੋਂ ਪਰਫਿਊਮ ਦੀ ਬੋਤਲ 'ਚ ਭਰੇ ਸ਼ਕਤੀਸ਼ਾਲੀ ਵਿਸਫੋਟਕ (ਆਈਈਡੀ) ਬਰਾਮਦ ਕੀਤੇ ਜਾਣਾ ਇਸੇ ਦੀ ਤਾਜ਼ਾ ਉਦਾਹਰਨ ਹੈ। ਇਸ ਨਵੀਂ ਤਰਕੀਬ ਨੇ ਸੁਰੱਖਿਆ ਬਲਾਂ ਦੀਆਂ ਚਿੰਤਾਵਾਂ ਹੋਰ ਜ਼ਿਆਦਾ ਵਧਾ ਦਿੱਤੀਆਂ ਹਨ। ਪਰਫਿਊਮ ਵਰਗੀ ਯੂਟੀਲਿਟੀ ਆਈਟਮ ਨੂੰ ਕੋਈ ਬੱਚਾ ਵੀ ਚੁੱਕ ਸਕਦਾ ਹੈ। ਸੁਰੱਖਿਆ ਕਰਮੀਆਂ ਦਾ ਕਹਿਣਾ ਹੈ ਕਿ ਇਸ ਤਰ੍ਹਾਂ ਦਾ ਵਿਸਫੋਟਕ ਜ਼ਿਆਦਾ ਘਾਤਕ ਤੇ ਤਾਕਤਵਰ ਹੈ। ਗ੍ਰਿਫ਼ਤਾਰ ਦਹਿਸ਼ਤਗਰਦ ਨੇ ਪਿਛਲੇ ਮਹੀਨੇ ਨਰਵਾਲ 'ਚ ਅਜਿਹੇ ਵਿਸਫੋਟਕ ਲਾਏ ਸਨ ਜਿਸ ਕਰਕੇ 9 ਲੋਕ ਜ਼ਖ਼ਮੀ ਹੋਏ ਸਨ। ਇਸ ਤੋਂ ਪਹਿਲਾਂ ਤਿੰਨ ਦਹਿਸ਼ਤਗਰਦਾਂ ਨੂੰ ਗ੍ਰਿਫ਼ਤਾਰ ਕੀਤਾ ਗਿਆ ਸੀ ਜੋ ਕਿਸੇ ਵੱਡੀ ਸਾਜ਼ਿਸ਼ ਨੂੰ ਅੰਜਾਮ ਦੇਣ ਦੀ ਤਿਆਰੀ ਕਰ ਰਹੇ ਸਨ। ਸਵਾਲ ਉੱਠਦਾ ਹੈ ਕਿ ਆਖ਼ਰ ਕਿਵੇਂ ਘਾਟੀ ਵਿਚ ਦਹਿਸ਼ਤਗਰਦਾਂ ਦੀ ਮੌਜੂਦਗੀ ਬਣੀ ਹੋਈ ਹੈ ਅਤੇ ਉਨ੍ਹਾਂ ਨੂੰ ਸਾਜ਼ੋ- ਸਾਮਾਨ ਕਿੱਥੋਂ ਮਿਲ ਰਿਹਾ ਹੈ? ਹਾਲਾਂਕਿ ਪਿਛਲੇ 7-8 ਸਾਲਾਂ ਵਿਚ ਅੱਤਵਾਦੀ ਸੰਗਠਨਾਂ ਦੀਆਂ ਗਤੀਵਿਧੀਆਂ 'ਤੇ ਲਗਾਮ ਕੱਸੀ ਗਈ ਹੈ। ਘਰ-ਘਰ ਤਲਾਸ਼ੀ ਮੁਹਿੰਮ ਸਖ਼ਤੀ ਨਾਲ ਚਲਾਈ ਗਈ। ਅੱਤਵਾਦੀਆਂ ਨੂੰ ਮਾਲੀ ਮਦਦ ਦੇਣ ਵਾਲੇ ਸੰਗਠਨਾਂ ਤੇ ਵਿਅਕਤੀਆਂ ਦੀ ਪਛਾਣ ਕਰ ਕੇ ਉਨ੍ਹਾਂ ਨੂੰ ਜੇਲ੍ਹਾਂ ਵਿਚ ਬੰਦ ਕੀਤਾ ਜਾ ਚੁੱਕਾ ਹੈ। ਸਰਹੱਦੀ ਵਪਾਰ ਬੰਦ ਹੈ ਜਿਸ ਕਾਰਨ ਸੜਕ ਰਸਤੇ ਗੋਲਾ-ਬਾਰੂਦ ਪਹੁੰਚਾਉਣਾ ਮੁਸ਼ਕਲ ਹੈ। ਸਰਹੱਦ ਪਾਰੋਂ ਘੁਸਪੈਠ 'ਤੇ ਵੀ ਨਜ਼ਰ ਰੱਖੀ ਜਾ ਰਹੀ ਹੈ ਅਤੇ ਅਤਿ-ਆਧੁਨਿਕ ਸੂਚਨਾ ਉਪਕਰਨਾਂ ਰਾਹੀਂ ਉਨ੍ਹਾਂ ਦੀਆਂ ਸਾਜ਼ਿਸ਼ਾਂ ਨੂੰ ਨਾਕਾਮ ਬਣਾਇਆ ਜਾ ਰਿਹਾ ਹੈ। ਹਿਜ਼ਬੁਲ ਕਮਾਂਡਰ ਬੁਰਹਾਨ ਬਾਨੀ ਦੇ ਮਾਰੇ ਜਾਣ ਤੋਂ ਬਾਅਦ ਇਲੈਕਟ੍ਰਾਨਿਕ ਮੀਡੀਆ ਦੇ ਮਾਧਿਅਮਾਂ 'ਤੇ ਸੂਚਨਾ ਦੇ ਪ੍ਰਸਾਰ 'ਤੇ ਸਖ਼ਤੀ ਨਾਲ ਰੋਕ ਲਗਾ ਦਿੱਤੀ ਗਈ ਸੀ। ਫਿਰ ਵੀ ਇਹ ਦਹਿਸ਼ਤਗਰਦ ਆਪਣੀਆਂ ਸਾਜ਼ਿਸ਼ਾਂ ਨੂੰ ਅੰਜਾਮ ਦੇਣ 'ਚ ਕਾਮਯਾਬ ਹੋ ਰਹੇ ਹਨ ਤਾਂ ਚਿੰਤਾ ਸੁਭਾਵਿਕ ਹੈ। ਧਾਰਾ 370 ਮਨਸੂਖ਼ ਕਰਨ ਤੋਂ ਬਾਅਦ ਘਾਟੀ ਵਿਚ ਲੰਬੇ ਸਮੇਂ ਤਕ ਕਰਫ਼ਿਊ ਰਿਹਾ ਅਤੇ ਸੰਚਾਰ ਸੇਵਾਵਾਂ ਠੱਪ ਰਹੀਆਂ ਸਨ।

ਸੁਰੱਖਿਆ ਕਰਮੀਆਂ ਦੀ ਤਾਦਾਦ ਪਹਿਲਾਂ ਤੋਂ ਕਿਤੇ ਜ਼ਿਆਦਾ ਵਧਾ ਦਿੱਤੀ ਗਈ। ਇਸ ਤੋਂ ਬਾਅਦ ਪੱਥਰਬਾਜ਼ੀ ਦੀਆਂ ਘਟਨਾਵਾਂ ਘਟ ਗਈਆਂ ਸਨ। ਸਰਹੱਦ ਦੇ ਆਰ-ਪਾਰ ਜਾਣਾ ਵੀ ਮੁਹਾਲ ਹੋ ਗਿਆ ਸੀ। ਪਿਛਲੇ ਸਾਲ ਸਰਕਾਰ ਨੇ ਮੰਨਿਆ ਸੀ ਕਿ ਇਸ ਦੇ ਚੱਲਦਿਆਂ ਘਾਟੀ ਵਿਚ ਦਹਿਸ਼ਤੀ ਸਫ਼ਾਂ ਵਿਚ ਸਥਾਨਕ ਨੌਜਵਾਨਾਂ ਦੀ ਨਵੀਂ ਭਰਤੀ ਨੂੰ ਲਗਾਮ ਲੱਗੀ ਹੈ ਪ੍ਰੰਤੂ ਹਕੀਕਤ ਇਹ ਹੈ ਕਿ ਘਾਟੀ ਦੇ ਨੌਜਵਾਨ ਸਰਹੱਦ ਪਾਰ ਸਰਗਰਮ ਅੱਤਵਾਦੀਆਂ ਦੇ ਸੰਪਰਕ ਵਿਚ ਬਣੇ ਰਹਿੰਦੇ ਹਨ ਅਤੇ ਉਨ੍ਹਾਂ ਦੇ ਇਸ਼ਾਰੇ 'ਤੇ ਸਾਜ਼ਿਸ਼ਾਂ ਨੂੰ ਅੰਜਾਮ ਦਿੰਦੇ ਹਨ। ਤਾਜ਼ਾ ਘਟਨਾਵਾਂ ਵਿਚ ਗ੍ਰਿਫ਼ਤਾਰ ਅੱਤਵਾਦੀ ਸਥਾਨਕ ਸਨ। ਉਹ ਸਰਹੱਦ ਪਾਰ ਕਰ ਕੇ ਪਾਰੋਂ ਨਹੀਂ ਸਨ ਆਏ। ਘਾਟੀ ਵਿਚ ਅਜੇ ਵੀ ਨੌਜਵਾਨਾਂ ਨੂੰ ਗੁਮਰਾਹ ਕਰਨ ਅਤੇ ਉਨ੍ਹਾਂ ਦੇ ਹੱਥਾਂ ਵਿਚ ਹਥਿਆਰ ਦੇਣ 'ਚ ਅੱਤਵਾਦੀ ਸੰਗਠਨ ਕਾਮਯਾਬ ਹੋ ਰਹੇ ਹਨ। ਅਜਿਹਾ ਇਸ ਲਈ ਵਾਪਰ ਰਿਹਾ ਹੈ ਕਿਉਂਕਿ ਕਸ਼ਮੀਰ ਘਾਟੀ ਵਿਚ ਰੁਜ਼ਗਾਰ ਦੀ ਕਾਫ਼ੀ ਕਮੀ ਹੈ। ਪਹਿਲਾਂ ਸਾਰੇ ਸਿਆਸੀ ਮਾਹਿਰ ਇਸ ਗੱਲ ਲਈ ਜ਼ੋਰ ਲਾਉਂਦੇ ਰਹੇ ਕਿ ਸਥਾਨਕ ਕਸ਼ਮੀਰੀ ਅਵਾਮ 'ਚ ਹਿੰਦੁਸਤਾਨ ਪ੍ਰਤੀ ਲਗਾਅ ਪੈਦਾ ਕਰਨਾ ਜ਼ਰੂਰੀ ਹੈ, ਨਹੀਂ ਤਾਂ ਅੱਤਵਾਦ ਦੀ ਅੱਗ ਕਦੇ ਵੀ ਨਹੀਂ ਬੁਝੇਗੀ। ਵਰਤਮਾਨ ਸਰਕਾਰ ਨੇ ਵਾਰਤਾਵਾਂ ਦਾ ਰਸਤਾ ਛੱਡ ਕੇ ਬੰਦੂਕ ਦੇ ਜ਼ੋਰ 'ਤੇ ਕਸ਼ਮੀਰੀ ਮਨ ਨੂੰ ਬਦਲਣ ਦੀ ਨਾਕਾਮ ਕੋਸ਼ਿਸ਼ ਕੀਤੀ ਹੈ। ਫ਼ੌਜ ਦੇ ਅੱਤਿਆਚਾਰੀ ਵਿਹਾਰ ਦੇ ਜ਼ਖ਼ਮ ਉੱਥੋਂ ਦੇ ਬਹੁਤ ਸਾਰੇ ਪਰਿਵਾਰਾਂ ਦੇ ਜੀਆਂ ਦੇ ਮਨਾਂ ਵਿਚ ਅੱਲੇ ਹਨ। ਉਹ ਕਸ਼ਮੀਰ ਨੂੰ ਹਿੰਦੁਸਤਾਨ ਦਾ ਅਨਿੱਖੜਵਾਂ ਅੰਗ ਨਹੀਂ ਮੰਨਦੇ ਕਿਉਂਕਿ ਉਨ੍ਹਾਂ ਵਿਚ ਬੇਗਾਨਗੀ ਦਾ ਅਹਿਸਾਸ ਬੁਰੀ ਤਰ੍ਹਾਂ ਘਰ ਕਰ ਚੁੱਕਾ ਹੈ। ਨੈਸ਼ਨਲ ਕਾਨਫਰੰਸ ਦੇ ਨੇਤਾ ਅਤੇ ਸਾਬਕਾ ਮੁੱਖ ਮੰਤਰੀ ਉਮਰ ਫ਼ਾਰੂਕ ਨੇ ਕਿਹਾ ਕਿ ਕਸ਼ਮੀਰ ਦੇ ਹਾਲਾਤ ਕਾਬੂ ਹੇਠ ਨਹੀਂ ਹਨ। ਸਰਕਾਰ ਨੂੰ ਹੋਰ ਸੁਰੱਖਿਆ ਬਲ ਲਗਾਉਣ ਲਈ ਮਜਬੂਰ ਹੋਣਾ ਪੈ ਰਿਹਾ ਹੈ। ਕਸ਼ਮੀਰ ਮਸਲੇ ਦਾ ਇਹ ਕੋਈ ਪੱਕਾ ਹੱਲ ਨਹੀਂ ਹੈ। ਪੀਡੀਪੀ ਦੀ ਚੇਅਰਪਰਸਨ ਮਹਿਬੂਬਾ ਮੁਫ਼ਤੀ ਨੇ ਕਿਹਾ ਹੈ ਕਿ ਜੰਮੂ-ਕਸ਼ਮੀਰ ਦਾ ਬਾਕੀ ਭਾਰਤ ਨਾਲ ਸਬੰਧ ਗ਼ੈਰ-ਸੰਵਿਧਾਨਕ ਹੈ। ਖ਼ੈਰ! ਜੰਮੂ-ਕਸ਼ਮੀਰ ਮੌਜੂਦਾ ਸਮੇਂ ਸਿੱਧਾ ਕੇਂਦਰੀ ਸੱਤਾ ਦੀ ਕਮਾਨ ਹੇਠ ਹੈ। ਇਸ ਦੇ ਬਾਵਜੂਦ ਜੇ ਸੁਰੱਖਿਆ ਵਾਲਾ ਮਾਹੌਲ ਪੈਦਾ ਨਹੀਂ ਹੋ ਰਿਹਾ ਤਾਂ ਨਵੀਂ ਰਣਨੀਤੀ ਬਣਾ ਕੇ ਸਥਿਤੀ 'ਤੇ ਮੁੜ ਵਿਚਾਰ ਕਰਨਾ ਚਾਹੀਦਾ ਹੈ।

# ਭੂਚਾਲ ਦੀ ਤ੍ਰਾਸਦੀ- ਆਪਣੇ ਹੀ ਮੁਲਕ ਵਿੱਚ ਸ਼ਰਨਾਰਥੀ ਬਣੇ ਲੋਕਾਂ ਦੀ ਕਹਾਣੀ

ਸੋਂਗੋਲ ਯੂਸੇਸੋਏ ਆਪਣੇ ਪਰਿਵਾਰ ਦੀ ਚੰਗੀ ਸਿਹਤ ਦਾ ਸੋਚਦਿਆਂ ਰੋਟੀ ਪਰੋਸਣ ਤੋਂ ਪਹਿਲਾਂ ਭਾਂਡੇ ਧੋਤੇ, ਸੁਕਾਏ। ਇਹ ਸਭ ਆਮ ਪਰਿਵਾਰਾਂ ਵਰਗਾ ਲੱਗਦਾ ਹੈ। ਪਰ ਸੋਂਗੋਲ ਲਈ ਹੁਣ ਇਹ ਸਭ ਸੌਖਾ ਨਹੀਂ, ਉਹ ਆਪਣੇ ਖੰਡਰ ਹੋਏ ਘਰ ਦੇ ਪਰਛਾਵੇਂ ਵਿੱਚ ਬੈਠ ਇਹ ਸਭ ਕਰ ਰਹੇ ਹਨ। ਉਸ ਦਾ ਘਰ ਭੂਚਾਲ ਦੌਰਾਨ ਢਹਿ ਗਿਆ ਤੇ ਹੁਣ ਪਰਿਵਾਰ ਘਰੋਂ ਬੇਘਰ ਹੋ ਜ਼ਿੰਦਗੀ ਜੀਅ ਰਿਹਾ ਹੈ। ਤੁਰਕੀ ਤੇ ਸੀਰੀਆ ਦੇ ਸਰਹੱਦ 'ਤੇ ਮਹੀਨਾ ਪਹਿਲਾਂ ਆਏ ਭੂਚਾਲ ਤੋਂ ਬਾਅਦ ਜਿਹੜੇ ਲੋਕ ਬਚ ਗਏ ਉਹ ਸੋਂਗੋਲ ਵਾਂਗ ਹੀ ਅਨਿਸ਼ਚਿਤ ਪਾਲਿਸ਼ ਕੀਤਾ ਹੈ ਤਾਂ ਜੋ ਸੜਕ 'ਤੇ ਪੈ ਰਹੀ ਧੂੜ ਮਿੱਟੀ ਨਾਲ ਖ਼ਰਾਬ ਹੋਣ ਤੋਂ ਥੋੜਾ ਬਹੁਤ ਬਚਾਇਆ ਜਾ ਸਕੇ। ਕੋਨੇਂ ਵਿੱਚ ਰੱਖੇ ਇੱਕ ਛੋਟੇ ਮੇਜ਼ ਉੱਪਰ ਉਨ੍ਹਾਂ ਨੇ ਸਿੱਪੀਆਂ ਤੋਂ ਬਣੀ ਇੱਕ ਯਾਦਗਾਰ ਰੱਖੀ ਗਈ ਹੈ, ਜੋ ਉਹ ਛੁੱਟੀਆਂ ਦੌਰਾਨ ਕੁਸਾਦਾਸੀ ਦੇ ਤੁਰਕੀ ਰਿਜ਼ੋਰਟ ਤੋਂ ਲਿਆਏ ਸਨ। ਇੱਕ ਪਾਸੇ ਫ਼ਲਾਂ ਦੀ ਇੱਕ ਟੋਕਰੀ ਰੱਖੀ ਹੋਈ ਹੈ। ਸੰਤਰਿਆਂ ਨੂੰ ਉੱਲੀ ਲੱਗੀ ਹੋਈ ਨਜ਼ਰ ਆਉਂਦੀ ਹੈ। ਸੋਂਗੋਲ ਦੀ ਇਸ ਅਸਥਾਈ ਠਹਿਰ ਤੋਂ ਅੰਦਾਜਾ ਲੱਗਦਾ ਹੈ ਘਰ ਵਿੱਚ ਖ਼ੂਬਸੂਰਤ ਨਜ਼ਰ ਆਉਣ ਵਾਲੀਆਂ ਚੀਜ਼ਾਂ ਦੀ ਕੀਮਤ ਸੜਕ ਦਾ ਦੌਰਾ ਕੀਤਾ, ਮਲਬੇ ਦਾ ਇੱਕ ਵਿਸ਼ਾਲ ਢੇਰ ਸੀ। ਗੁਆਂਢੀਆਂ ਨੇ ਸਾਨੂੰ ਦੱਸਿਆ ਕਿ ਸਭ ਕੁਝ ਢਹਿ-ਢੇਰੀ ਹੋ ਗਿਆ ਸੀ।" ਉਹ ਆਪਣੇ ਭਾਣਜੇ ਲੋਜ਼ਾਨ ਦੀ ਲਾਸ਼ ਨਾਲ ਲੈ ਆਏ ਹਨ। ਸੋਂਗੋਲ ਕਹਿੰਦੇ ਹਨ,"ਅਸੀਂ ਉਸ ਦੀ ਲਾਸ਼ ਨੂੰ ਮੁਰਦਾਘਰ ਤੋਂ ਲੈ ਆਏ ਤੇ ਆਪਣੇ ਨੇੜੇ ਹੀ ਦਫ਼ਨਾਇਆ।" ਉਨ੍ਹਾਂ ਦੇ ਜੀਜੇ ਨੂੰ ਇੱਕ ਗੁੰਮਨਾਮ ਕਬਰਸਤਾਨ ਵਿੱਚ ਦਫ਼ਨਾਇਆ ਗਿਆ ਸੀ। ਸੋਗੋਂਨ ਨੂੰ ਉਸਦੇ ਨਾਮ ਤੋਂ ਜੀਜੇ ਬਾਰੇ ਪਤਾ ਲੱਗਿਆ ਸੀ। ਉਹ ਵਾਰ ਵਾਰ ਆਪਣੀ ਭੈਣ ਦੇ ਫੇਸਬੁੱਕ ਪ੍ਰੋਫ਼ਾਈਲ ਨੂੰ ਖੋਲ੍ਹਕੇ ਦੇਖਦੀ ਲੋਕਾਂ ਨੇ ਰੇਲਵੇ ਸਟੇਸ਼ਨ 'ਤੇ ਖੜ੍ਹੀਆਂ ਦੋ ਗੱਡੀਆਂ ਨੂੰ ਆਪਣਾ ਘਰ ਬਣਾ ਲਿਆ ਹੈ। ਸੀਟਾਂ ਬੈੱਡ ਬਣ ਗਈਆਂ ਹਨ, ਸਮਾਨ ਦੇ ਰੈਕ ਨਿੱਜੀ ਸਮਾਨ ਨਾਲ ਭਰੇ ਹੋਏ ਹਨ ਅਤੇ ਉੱਥੇ ਦਾ ਸਟਾਫ਼ ਚੀਜ਼ਾਂ ਨੂੰ ਸਾਫ਼-ਸੁਥਰਾ ਰੱਖਣ ਦੀ ਪੂਰੀ ਕੋਸ਼ਿਸ਼ ਕਰਦਾ ਹੈ। ਇੱਕ ਬੱਚੀ ਸੌਣ ਲੱਗਿਆਂ ਟੈਡੀਬੀਅਰ ਦੀ ਬਜਾਇ ਸਿਰਹਾਣੇ ਨੂੰ ਗਲੇ ਲਗਾਉਂਦਿਆਂ ਉਦਾਸ ਹੋ ਜਾਂਦੀ ਹੈ। ਉਸ ਦੀਆਂ ਅੱਖਾਂ ਵਿੱਚ ਹੰਝੂ ਭਰ ਆਉਂਦੇ ਹਨ। ਸੋਂਗੋਲ ਦੇ ਬੱਚੇ ਵੀ ਉਦਾਸ ਹਨ। ਉਨ੍ਹਾਂ ਦੇ ਖਿਡੌਣੇ ਅਤੇ ਖੇਡਾਂ ਢਹਿ ਚੁੱਕੇ ਘਰ ਅੰਦਰ ਰਹਿ ਗਈਆਂ







ਭਵਿੱਖ ਨਾਲ ਜੂਝ ਰਹੇ ਹਨ। ਉਨ੍ਹਾਂ ਦੀਆਂ ਸਭ ਤੋਂ ਗੰਭੀਰ ਸਮੱਸਿਆਵਾਂ ਵਿੱਚੋਂ ਇੱਕ ਰਹਿਣ ਲਈ ਸੁਰੱਖਿਅਤ ਜਗ੍ਹਾ ਲੱਭਣਾ ਹੈ। ਕਰੀਬ 15 ਲੱਖ ਲੋਕ ਜਿਨ੍ਹਾਂ ਨੇ ਭੂਚਾਲ ਵਿੱਚ ਆਪਣੇ ਘਰ ਗੁਆ ਦਿੱਤੇ, ਨੂੰ ਨਹੀਂ ਪਤਾ ਕਿ ਉਨ੍ਹਾਂ ਨੂੰ ਢੁਕਵਾਂ ਆਸਰਾ ਮਿਲਣ ਵਿੱਚ ਕਿੰਨਾ ਸਮਾਂ ਲੱਗੇਗਾ।

### ਲੱਖਾਂ ਲੋਕਾਂ ਨੇ ਆਪਣੇ ਘਰ ਛੱਡੇ

ਇਸ ਦੌਰਾਨ ਤੁਰਕੀ ਦੀ ਆਫ਼ਤ ਏਜੰਸੀ ਅਫਦ ਦਾ ਕਹਿਣਾ ਹੈ ਕਿ ਲਗਭਗ 20 ਲੱਖ ਲੋਕ ਹੁਣ ਭੂਚਾਲ ਖੇਤਰ ਛੱਡ ਚੁੱਕੇ ਹਨ। ਕੁਝ ਦੇਸ਼ ਵਿੱਚ ਕਿਤੇ ਹੋਰ ਦੋਸਤਾਂ ਜਾਂ ਅਜ਼ੀਜ਼ਾਂ ਨਾਲ ਰਹਿ ਰਹੇ ਹਨ। ਖੇਤਰ ਤੋਂ ਬਾਹਰ ਉਡਾਣਾਂ ਅਤੇ ਰੇਲ ਗੱਡੀਆਂ ਉਹਨਾਂ ਲਈ ਮੁਫ਼ਤ ਹਨ ਜੋ ਛੱਡਣਾ ਚਾਹੁੰਦੇ ਹਨ। ਕੋਈ ਆਪਣੇ ਰਿਸ਼ਤੇਦਾਰਾਂ ਜਾਂ ਦੋਸਤਾਂ ਕੋਲ ਰਹਿਣ ਲੱਗੇ ਹਨ। ਘਰ ਛੱਡਕੇ ਜਾਣ ਦੇ ਇਛੁੱਕ ਲੋਕਾਂ ਲਈ ਸਰਕਾਰ ਨੇ ਮੁਫ਼ਤ ਹਵਾਈ ਉਡਾਨਾਂ ਤੇ ਰੇਲਗੱਡੀਆਂ ਦਾ ਇੰਤਜ਼ਾਮ ਕੀਤਾ ਹੈ। ਪਰ ਮੈਡੀਟੇਰੀਅਨ ਤੱਟ ਦੇ ਨੇੜੇ, ਸਮੰਦਗ ਕਸਬੇ ਵਿੱਚ, ਸੋਂਗੋਲ ਸਪੱਸ਼ਟ ਹੈ ਕਿ ਉਹ ਅਤੇ ਉਸਦਾ ਪਰਿਵਾਰ ਕਿਤੇ ਨਹੀਂ ਜਾਣਗੇ ਤੇ ਇਥੇ ਹੀ ਰਹਿਣਗੇ। ਸੋਂਗੋਲ ਕਹਿੰਦੇ ਹਨ,"ਇਹ ਸਾਡੇ ਲਈ ਬਹੁਤ ਅਹਿਮ ਹੈ। ਅੱਗੇ ਜੋ ਵੀ ਹੋਵੇ, ਚਾਹੇ ਘਰ ਬਣਨ ਵਿੱਚ ਸਮਾਂ ਲੱਗੇ, ਅਸੀਂ ਇੱਥੇ ਹੀ ਰਹਾਂਗੇ। ਇਹ ਸਾਡਾ ਘਰ ਹੈ, ਸਾਡਾ ਆਲ੍ਹਣਾ ਹੈ। ਸਾਡੇ ਕੋਲ ਸਭ ਕੁਝ ਇੱਥੇ ਹੈ। ਅਸੀਂ ਛੱਡ ਕੇ ਨਹੀਂ ਜਾਵਾਂਗੇ।"

### ਖੰਡਰ ਹੋਏ ਘਰਾਂ ਦੀ ਸੰਭਾਲ

ਸੋਂਗੋਲ ਦਾ ਖ਼ੂਬਸੂਰਤ ਘਰ ਕੀਮਤੀ ਫ਼ਰਨੀਚਰ ਨਾਲ ਸਜਿਆ ਹੋਇਆ ਸੀ। ਹੁਣ ਉਨ੍ਹਾਂ ਨੇ ਇਹ ਫ਼ਰਨੀਚਰ ਘਰ ਤੋਂ ਬਾਹਰ ਕੱਢ ਲਿਆ ਹੈ। ਇਸ ਨੂੰ ਨਵੇਂ ਸਿਰਿਓਂ 'ਤੇ ਆ ਕੇ ਕਿਵੇਂ ਘੱਟਦੀ ਹੈ।

### ਤੰਬੂਆਂ ਵਿੱਚ ਜ਼ਿੰਦਗੀ

ਨੋਗੋਂਲਾ ਦਾ ਪੂਰਾ ਪਰਿਵਾਰ ਆਪਣੇ ਨੁਕਸਾਨੇ ਗਏ ਘਰ ਤੋਂ ਕੁਝ ਕਦਮਾਂ ਦੀ ਦੂਰੀ 'ਤੇ ਤਿੰਨ ਤੰਬੂਆਂ ਵਿੱਚ ਰਹਿ ਰਿਹਾ ਹੈ। ਉਹ ਉੱਥੇ ਹੀ ਇੱਕ ਛੋਟੇ ਜਿਹੇ ਕੈਂਪਿੰਗ ਸਟੋਵ 'ਤੇ ਖਾਣਾ ਪਕਾਉਂਦੇ ਹਨ, ਖਾਂਦੇ ਹਨ ਤੇ ਸੌਂਦੇ ਵੀ ਉੱਥੇ ਹੀ ਹਨ। ਉਥੇ ਪਖਾਨੇ ਦੀ ਵੀ ਠੀਕ ਸਹੂਲਤ ਉਪਲੱਬਧ ਨਹੀਂ ਹੈ। ਪਰ ਉਨ੍ਹਾਂ ਇੱਕ ਤਰਖਾਣ ਦੀ ਮਦਦ ਲੈ ਲੱਕੜ ਦਾ ਇੱਕ ਅਸਥਾਈ ਗੁਸਲਖਾਨਾ ਜ਼ਰੂਰ ਬਣਵਾ ਲਿਆ ਹੈ। ਉਨ੍ਹਾਂ ਇਹ ਜੁਗਾੜ ਕਰ ਲਿਆ ਪਰ ਇਹ ਲੋੜ ਪੂਰੀ ਨਹੀਂ ਕਰਦਾ। ਤੰਬੂ ਛੋਟੇ ਹਨ ਤੇ ਭੀੜ ਵੀ ਬਹੁਤ ਹੈ। ਨਿੱਜਤਾ ਤਾਂ ਸੋਚਿਆ ਵੀ ਨਹੀਂ ਜਾ ਸਕਦਾ। ਸੋਂਗੋਲ ਲਈ ਇਹ ਮਹੀਨਾ ਦੁੱਖ ਤਕਲੀਫ਼ਾਂ ਭਰਿਆ ਰਿਹਾ ਹੈ। ਭੂਚਾਲ ਵਿੱਚ ਉਨ੍ਹਾਂ ਦੇ 17 ਰਿਸ਼ਤੇਦਾਰ ਮਾਰੇ ਗਏ ਸਨ। ਉਨ੍ਹਾਂ ਦੀ ਭੈਣ ਹਾਲੇ ਵੀ ਲਾਪਤਾ ਹੈ। ਉਹ ਕਹਿੰਦੇ ਹਨ,"ਸਾਨੂੰ ਕੁਝ ਨਹੀਂ ਪਤਾ ਕਿ ਉਹ ਅਜੇ ਵੀ ਮਲਬੇ ਹੇਠਾਂ ਹੈ ਜਾਂ ਉਸ ਦੀ ਮੌਤ ਹੋ ਗਈ ਸੀ।" "ਜੇ ਮੌਤ ਹੋ ਗਈ ਸੀ ਤਾਂ ਉਸ ਦੀ ਲਾਸ਼ ਬਾਰੇ ਵੀ ਨਹੀਂ ਪਤਾ। ਅਸੀਂ ਬਸ ਉਡੀਕ ਹੀ ਕਰ ਰਹੇ ਹਾਂ।" "ਅਸੀਂ ਨਾ ਸੋਗ ਮਨਾ ਸਕਦੇ ਹਾਂ, ਨਾ ਹੀ ਆਪਣਾ ਗੁਆਚਿਆ ਜੀਅ ਲੱਭ ਸਕਦੇ ਹਾਂ।" ਸੋਂਗੋਲ ਦੇ ਜੀਜੇ ਹੁਸੇਮਟਿਨ ਅਤੇ 11 ਸਾਲਾ ਭਤੀਜੇ ਲੋਜ਼ਾਨ ਦੀ ਮਲਬੇ ਹੇਠਾਂ ਦੱਬਕੇ ਮੌਤ ਹੋ ਗਈ ਸੀ।

ਜਦੋਂ ਭੂਚਾਲ ਆਇਆ ਉਹ ਸੌਂ ਰਹੇ ਸਨ। ਅਸੀਂ ਉਨ੍ਹਾਂ ਦੀ ਰਿਹਾਇਸ਼ 'ਤੇ ਗਏ। ਪਤਾ ਲੱਗਿਆ ਕਿ ਉਨ੍ਹਾਂ ਦੇ ਆਲੇ-ਦੁਆਲੇ ਦੀਆਂ ਤਿੰਨ ਇਮਾਰਤਾਂ ਢਹਿ-ਢੇਰੀ ਹੋ ਗਈਆਂ ਸਨ। ਸੋਂਗੋਲ ਕਹਿੰਦੇ ਹਨ,"ਅਸੀਂ ਉਨ੍ਹਾਂ ਦੇ ਘਰ ਹੈ। ਪਰਿਵਾਰ ਦੀ ਇਕੱਠਿਆਂ ਦੀ ਇੱਕ ਤਸਵੀਰ, ਜੋ ਉਨ੍ਹਾਂ ਦੀ ਖ਼ੁਸ਼ੀ ਦੀ ਗਵਾਹੀ ਭਰਦੀ ਸੀ। ਸੋਂਗੋਲ ਲਈ ਜ਼ਿੰਦਗੀ ਦੇ ਖ਼ੁਸ਼ ਪਲਾਂ ਨੂੰ ਯਾਦ ਕਰਕੇ ਆਪਣੇ ਆਪ ਨੂੰ ਆਸਵੰਦ ਰੱਖਣ ਦੀ ਕੋਸ਼ਿਸ਼ ਕਰਦੇ ਹਨ।

### ਵੱਡੇ ਪੱਧਰ 'ਤੇ ਤਬਾਹੀ

ਭੂਚਾਲ ਤੋਂ ਪੈਦਾ ਹੋਇਆ ਬੇਘਰਿਆਂ ਦਾ ਸੰਕਟ ਬਹੁਤ ਗੰਭੀਰ ਹੈ। ਸੁਰੱਖਿਅਤ ਥਾਵਾਂ ਦੀ ਅਸਲੋਂ ਹੀ ਘਾਟ ਹੈ। 160,000 ਤੋਂ ਵੱਧ ਇਮਾਰਤਾਂ ਢਹਿ ਗਈਆਂ ਜਾਂ ਬੁਰੀ ਤਰ੍ਹਾਂ ਨੁਕਸਾਨੀਆਂ ਗਈਆਂ। ਸੰਯੁਕਤ ਰਾਸ਼ਟਰ ਵਿਕਾਸ ਪ੍ਰੋਗਰਾਮ (ਯੂਐੱਨਡੀਪੀ) ਦਾ ਅੰਦਾਜ਼ਾ ਹੈ ਕਿ ਘੱਟੋ-ਘੱਟ 15 ਲੱਖ ਲੋਕ ਅਜੇ ਵੀ ਭੂਚਾਲ ਪ੍ਰਭਾਵਿਤ ਇਲਾਕੇ ਵਿੱਚ ਹਨ। ਉਨ੍ਹਾਂ ਦੇ ਰਹਿਣ ਲਈ ਕਿਤੇ ਹੋਰ ਸੁਰੱਖਿਅਤ ਥਾਂ ਨਹੀਂ ਹੈ। ਇੰਨਾਂ ਹੀ ਨਹੀਂ ਇਹ ਅੰਕੜਾ ਇਸ ਤੋਂ ਵੱਡਾ ਵੀ ਹੋ ਸਕਦਾ ਹੈ।

ਤੰਬੂ ਹਰ ਥਾਂ ਦਿਖਾਈ ਦਿੱਤੇ ਹਨ, ਠਹਿਰਾ ਦੀਆਂ ਨਵੀਂਆਂ ਥਾਵਾਂ ਤੋਂ ਲੈ ਕੇ ਮਲਬੇ ਦਰਮਿਆਨ ਬਚੀ ਖ਼ਾਲੀ ਥਾਂ 'ਤੇ ਵੀ। ਪ੍ਰਬੰਧ ਲੋੜ ਸਾਹਮਣੇ ਨਾਕਾਫ਼ੀ ਹਨ। ਕੁਝ ਖ਼ਬਰਾਂ ਕਿ ਤੁਰਕੀ ਰੈਡ ਕ੍ਰੀਸੈਂਟ ਨੇ ਟੈਕਸਦਾਤਾਵਾਂ ਨੂੰ ਕੁਝ ਟੈਂਟ ਵੇਚ ਦਿੱਤੇ ਸਨ, ਨੇ ਆਮ ਲੋਕਾਂ ਵਿੱਚ ਨਿਰਾਸ਼ਾ ਪੈਦਾ ਕੀਤੀ। ਚਾਹੇ ਇਹ ਟੈਂਟ ਲਾਗਤ ਕੀਮਤ 'ਤੇ ਹੀ ਵੇਚੇ ਗਏ ਪਰ ਨਿਰਾਸ਼ਾ ਅਤੇ ਗੁੱਸੇ ਦਾ ਕਾਰਨ ਬਣੇ ਸਨ।

### ਆਪਣੇ ਹੀ ਦੇਸ਼ ਵਿੱਚ ਬੇਘਰੇ ਹੋਣਾ

ਕੁਝ ਸ਼ਹਿਰਾਂ ਵਿੱਚ, ਲੋਕ ਅਜੇ ਵੀ ਜਨਤਕ ਇਮਾਰਤਾਂ ਅੰਦਰ ਹੀ ਰਹਿ ਰਹੇ ਹਨ। ਅਡਾਨਾ ਵਿੱਚ, ਵਾਲੀਬਾਲ ਕੋਰਟ ਸੈਂਕੜੇ ਕੰਬਲ ਅਤੇ ਗੱਦੇ ਪਏ ਹਨ। ਲੋਕ ਇੱਥੇ ਹੀ ਸੌਂਦੇ ਹਨ। ਬੰਦਰਗਾਹੀ ਸ਼ਹਿਰ ਇਸਕੇਂਡਰੁਨ ਵਿੱਚ ਹਨ। ਸਕੂਲ ਵੀ ਨਹੀਂ ਬਚਿਆ। ਸੋਂਗੋਲ ਕਹਿੰਦੇ ਹਨ,"ਉਨ੍ਹਾਂ ਕੋਲ ਵਿਹਲ ਬਿਤਾਉਣ ਦਾ ਕੋਈ ਚਾਰਾ ਹੀ ਨਹੀਂ ਬਚਿਆ। ਉਨ੍ਹਾਂ ਨੂੰ ਰੁੱਝੇ ਰੱਖਣ ਲਈ ਕੁਝ ਨਹੀਂ ਹੈ। ਉਹ ਬਸ ਆਲੇ ਦੁਆਲੇ ਬੈਠੇ ਰਹਿੰਦੇ ਹਨ।" "ਉਹ ਆਪਣੇ ਫ਼ੋਨ ਨਾਲ ਖੇਡਦੇ ਹਨ, ਤੇ ਜਦੋਂ ਉਸ ਦੀ ਬੈਟਰੀ ਖ਼ਤਮ ਹੋ ਜਾਂਦੀ ਹੈ ਤਾਂ, ਜਲਦੀ ਸੌਂ ਜਾਂਦੇ ਹਨ।"

ਰਾਤ ਨੂੰ ਸਥਿਤੀ ਹੋਰ ਵੀ ਔਖੀ ਹੋ ਜਾਂਦੀ ਹੈ। ਸਮੰਦਗ ਵਿੱਚ ਹੁਣ ਬਿਜਲੀ ਨਹੀਂ ਹੈ। ਸੋਂਗੋਲ ਨੇ ਆਪਣੇ ਚਿੱਟੇ ਤੰਬੂ ਵਿੱਚ ਰੰਗੀਨ ਸੂਰਜੀ ਲਾਈਟਾਂ ਲਾਈਆਂ ਹਨ। ਉਹ ਆਪਣੇ ਹੀ ਦੇਸ਼ ਵਿੱਚ ਬੇਘਰੇ ਹਨ। ਕੋਈ ਸ਼ਰਨਾਰਥੀ ਨਹੀਂ ਹਨ, ਪਰ ਉਨ੍ਹਾਂ ਨੇ ਆਪਣਾ ਸਭ ਕੁਝ ਗੁਆ ਦਿੱਤਾ ਹੈ। ਸੋਂਗੋਲ ਦੱਸਦੇ ਹਨ, "ਮੈਂ ਰੌਸ਼ਨੀ ਲਈ ਦੀਵੇ ਵੀ ਰੱਖੇ ਹਨ। ਹਨੇਰੇ ਵਿੱਚ ਅਸੀਂ ਡਰ ਜਾਂਦੇ ਹਾਂ। ਬਿਜਲੀ ਨਾ ਹੋਣਾ ਇੱਕ ਵੱਡੀ ਸਮੱਸਿਆ ਹੈ।" "ਸਹਿਮ ਬਹੁਤ ਜ਼ਿਆਦਾ ਹੈ। ਸਾਰੀ ਰਾਤ ਅਸੀਂ ਝਟਕੇ ਮਹਿਸੂਸ ਕਰਦੇ ਹਾਂ, ਇਸ ਲਈ ਸੌਣਾ ਬਹੁਤ ਔਖਾ ਹੋ ਜਾਂਦਾ ਹੈ।" ਇਹ ਸਭ ਦੱਸਦਿਆਂ ਸੋਂਗੋਲ ਰੋਣ ਲੱਗਦੇ ਹਨ। ਉਹ ਆਪਣੇ ਹੱਥ ਨਾਲ ਹੰਝੂ ਪੂੰਝਦੇ ਹਨ। ਸੋਂਗੋਲ ਦੇ ਪਤੀ ਸਾਵਾਸ ਕਹਿੰਦੇ ਹਨ,"ਅਸੀਂ ਆਜ਼ਾਦ ਲੋਕ ਹਾਂ, ਅਸੀਂ ਆਜ਼ਾਦੀ, ਸੁਤੰਤਰਤਾ ਦੇ ਆਦੀ ਹਾਂ, ਹਰ ਕੋਈ ਆਪਣੇ ਘਰਾਂ ਵਿੱਚ ਰਹਿੰਦਾ ਸੀ।" ਉਹ ਕਹਿੰਦੇ ਹਨ,"ਹੁਣ ਸਥਿਤੀ ਠੀਕ ਨਹੀਂ ਅਸੀਂ ਤਿੰਨ ਪਰਿਵਾਰ ਇੱਕ ਹੀ ਤੰਬੂ ਵਿੱਚ ਰਹਿੰਦੇ ਹਾਂ। ਉਥੇ ਹੀ ਖਾਣਾ ਖਾਂਦੇ ਹਾਂ।" "ਇਹ ਸਭ ਸਾਡੇ ਲਈ ਨਵਾਂ ਹੈ, ਸਾਨੂੰ ਨਹੀਂ ਪਤਾ ਕਿ ਭਵਿੱਖ ਵਿੱਚ ਕੀ ਹੋਵੇਗਾ। ਸਾਡੇ ਘਰ ਢਹਿ ਗਏ ਹਨ, ਅੱਗੇ ਕੀ ਹੋਵੇਗਾ ਇਸ ਗੱਲ ਦਾ ਹਮੇਸ਼ਾ ਡਰ ਲੱਗਿਆ ਰਹਿੰਦਾ ਹੈ?"

# ਪੰਜਾਬ ਵਿਧਾਨ ਸਭਾ ’ਚ ਭਗਵੰਤ ਮਾਨ ਤੇ ਪ੍ਰਤਾਪ ਬਾਜਵਾ ਮਿਹਣੋ-ਮਿਹਣੀ ਹੋਏ

ਚੰਡੀਗੜ੍ਹ- ਪੰਜਾਬ ਵਿਧਾਨ ਸਭਾ ਦੇ ਬਜਟ ਸੈਸ਼ਨ ਦੇ ਦੂਜੇ ਦਿਨ ਰਾਜਪਾਲ ਦੇ ਭਾਸ਼ਣ ’ਤੇ ਬਹਿਸ ਮੌਕੇ ਮੁੱਖ ਮੰਤਰੀ ਭਗਵੰਤ ਮਾਨ ਅਤੇ ਵਿਰੋਧੀ ਧਿਰ ਦੇ ਨੇਤਾ ਪ੍ਰਤਾਪ ਸਿੰਘ ਬਾਜਵਾ ‘ਭ੍ਰਿਸ਼ਟਾਚਾਰ’ ਦੇ ਮੁੱਦੇ ’ਤੇ ਖਹਿਬੜ ਪਏ। ਦੋਵੇਂ ਆਗੂ ਪਹਿਲਾਂ ਮਿਹਣੋ-ਮਿਹਣੀ ਹੋਏ ਅਤੇ ਪਿੱਛੋਂ ਮਾਹੌਲ ਤਿੱਖੀ ਤਕਰਾਰ ਵਿੱਚ ਬਦਲ ਗਿਆ। ਦੋਵਾਂ ਨੇ ਇਕ ਦੂਜੇ ’ਤੇ ਜੰਮ ਕੇ ਹੱਲੇ ਬੋਲੇ। ਸਦਨ ਵਿੱਚ ਦੁਪਹਿਰ ਤੱਕ ਸ਼ਾਂਤਮਈ ਸੁਰ ’ਚ ਚੱਲ ਰਹੀ ਬਹਿਸ ਪਲਾਂ ’ਚ ਗਰਮਾ ਗਈ। ਮੁੱਖ ਮੰਤਰੀ ਨੇ ਕਿਹਾ ਕਿ ਉਹ ਪੰਜਾਬ ਦਾ ਪੈਸਾ ਖਾਣ ਵਾਲਿਆਂ ਤੋਂ ਇਕ ਇਕ ਪੈਸੇ ਦਾ ਹਿਸਾਬ ਲੈਣਗੇ। ਉਧਰ ਬਾਜਵਾ ਨੇ ਮੁੱਖ ਮੰਤਰੀ ’ਤੇ ਵਿਰੋਧੀ ਧਿਰ ਦੇ ਸਾਰੇ ਮੈਂਬਰਾਂ ਨੂੰ ਧਮਕਾਉਣ ਤੇ ਮਾੜੀ ਸ਼ਬਦਾਵਲੀ ਵਰਤਣ ਦਾ ਦੋਸ਼ ਲਾਇਆ।

ਉਨ੍ਹਾਂ ਸਪੀਕਰ ਤੋਂ ਮੰਗ ਕੀਤੀ ਕਿ ਮੁੱਖ ਮੰਤਰੀ ਇਸ ਲਈ ਸਦਨ ਵਿੱਚ ਮੁਆਫ਼ੀ ਮੰਗਣ। ਬਾਜਵਾ ਨੇ ਇੱਥੋਂ ਤੱਕ ਆਖ ਦਿੱਤਾ ਕਿ ਭਵਿੱਖ ’ਚ ਕਿਸੇ ਮੈਂਬਰ ਦਾ ਕੋਈ ਨੁਕਸਾਨ ਹੁੰਦਾ ਹੈ ਤਾਂ ਉਸ ਲਈ ਸਿੱਧੇ ਤੌਰ ’ਤੇ ਮੁੱਖ ਮੰਤਰੀ ਜ਼ਿੰਮੇਵਾਰ ਹੋਣਗੇ। ਸੁਖਪਾਲ ਖਹਿਰਾ ਨੇ ਕਿਹਾ ਕਿ ਮੁੱਖ ਮੰਤਰੀ ਨੇ ਬਿਨਾਂ ਕਿਸੇ ਕੇਸ ਦੇ ਪਹਿਲਾਂ ਹੀ ਸਾਰੇ ਮੈਂਬਰਾਂ ਨੂੰ ਨਾਮਜ਼ਦ ਕਰ ਦਿੱਤਾ ਹੈ। ਅਕਾਲੀ ਦਲ, ਬਸਪਾ ਅਤੇ ਭਾਜਪਾ ਦੇ ਵਿਧਾਇਕ ਨੇ ਇਹ ਸਾਰਾ ਸਿਆਸੀ ਤਮਾਸ਼ਾ ਚੁੱਪਚਾਪ ਦੇਖਿਆ। ਵਿਰੋਧੀ ਧਿਰ ਦੀ ਗੈਰਹਾਜ਼ਰੀ ਵਿਚ ਸੱਤਾਧਾਰੀ ਪਾਰਟੀ ਦੇ ਮੈਂਬਰਾਂ ਨੇ ਦੇਰ ਸ਼ਾਮ ਤੱਕ ਰਾਜਪਾਲ ਦੇ ਭਾਸ਼ਣ ’ਤੇ ਬਹਿਸ ਬਾਰੇ ਚਰਚਾ ਕੀਤੀ।

ਇਸ ਤੋਂ ਪਹਿਲਾਂ ਕਰੀਬ ਪੌਣੇ ਇੱਕ ਵਜੇ ਮੁੱਖ ਮੰਤਰੀ ਸਦਨ ਵਿਚ ਆਏ, ਉਦੋਂ ਪ੍ਰਿੰਸੀਪਲ ਬੁੱਧ ਰਾਮ ਬਹਿਸ ’ਤੇ ਬੋਲ ਰਹੇ ਸਨ। ਵਿਰੋਧੀ ਧਿਰ ਦੇ ਨੇਤਾ ਪ੍ਰਤਾਪ ਸਿੰਘ ਬਾਜਵਾ ਨੇ ਬਹਿਸ ਮੱਠੇ ਸੁਰ ਨਾਲ ਸ਼ੁਰੂ ਕੀਤੀ ਤੇ ਕੇਂਦਰੀ ਵਿਤਕਰੇ ਖ਼ਿਲਾਫ਼ ਸਰਕਾਰ ਨਾਲ ਕਦਮ ਮਿਲਾ ਕੇ ਚੱਲਣ ਦੀ ਗੱਲ ਕੀਤੀ। ਉਨ੍ਹਾਂ ਜਿਉਂ ਹੀ ‘ਆਪ’ ਆਗੂ ਰਾਘਵ ਚੱਢਾ ਦੇ ਕੇਂਦਰੀ ਜਾਂਚ ਏਜੰਸੀਆਂ ਦੇ ਦਫ਼ਤਰਾਂ ’ਤੇ ਭਾਜਪਾ ਦਾ ਝੰਡਾ ਲਗਾਉਣ ਦੇ ਟਵੀਟ ਦੇ ਹਵਾਲੇ ਨਾਲ ਵਿਜੀਲੈਂਸ ਦਫ਼ਤਰ ’ਤੇ ‘ਆਪ’ ਦਾ ਝੰਡਾ ਲਾਉਣ ਦੀ ਗੱਲ ਕਹੀ ਤਾਂ ਸਦਨ ਵਿੱਚ ਤਿੱਖੀ ਬਹਿਸ ਦਾ ਮੁੱਢ ਬੱਝ ਗਿਆ। ਸਦਨ ਵਿੱਚ ਬੇਰੋਕ ਚੱਲੀ ਬਹਿਸ ‘ਤੂੰ ਤੂੰ ਮੈਂ ਮੈਂ’ ਉੱਤੇ ਉੱਤਰ ਆਈ। ਮੁੱਖ ਮੰਤਰੀ ਨੇ ਤਾਂ ਬਾਜਵਾ ਅੱਗੇ ‘ਕੁਰੱਪਟ’ ਲੋਕਾਂ ਨਾਲ ਨਜਿੱਠਣ ਦਾ ਰੋਡ ਮੈਪ ਹੀ ਰੱਖ ਦਿੱਤਾ। ਦੋਵਾਂ ਨੇ ਇੱਕ ਦੂਜੇ ਉੱਤੇ ਧਮਕੀ ਦਿੱਤੇ ਜਾਣ ਦੇ ਇਲਜ਼ਾਮ ਵੀ ਲਾਏ। ਮਾਨ ਨੇ ਤਿੱਖੇ ਅੰਦਾਜ਼ ’ਚ ਕਿਹਾ ਕਿ ਜਨਤਾ ਦੇ ਪੈਸੇ ਦੀ ਦੁਰਵਰਤੋਂ ਕਰਨ ਵਾਲਿਆਂ ਨੂੰ ਬਖ਼ਸ਼ਿਆ ਨਹੀਂ ਜਾਵੇਗਾ, ਚਾਹੇ ਕੋਈ ਵੀ ਹੋਵੇ।

ਉਨ੍ਹਾਂ ਕਿਹਾ ਕਿ ਜਦੋਂ ਅਮਰਿੰਦਰ ਸਿੰਘ 40 ਜਣਿਆਂ ਦੀ ਸੂਚੀ ਸੋਨੀਆ ਗਾਂਧੀ ਕੋਲ ਲੈ ਕੇ ਗਏ ਸਨ ਤਾਂ ਅੱਗਿਓਂ ਪਾਰਟੀ ਦੀ ਬਦਨਾਮੀ ਦੇ ਡਰੋਂ ਚੁੱਪ ਕਰਾ ਦਿੱਤਾ ਗਿਆ ਸੀ। ਸ੍ਰੀ ਮਾਨ ਨੇ ਕਿਹਾ ਕਿ ਪੰਜਾਬ ਦੀ ਬਦਨਾਮੀ ਦੀ ਕਿਸੇ ਨੇ ਪ੍ਰਵਾਹ ਨਹੀਂ ਕੀਤੀ। ਜਦੋਂ ਮੁੱਖ ਮੰਤਰੀ ਨੇ ਵਿਰੋਧੀ ਧਿਰ ਦੇ ਬੈਂਚਾਂ ਵੱਲ ਇਸ਼ਾਰਾ ਕਰ ਕੇ ਕਿਹਾ ਕਿ ‘ਤੁਸੀਂ ਆਪਣੀ ਪਾਰਟੀ ਬਚਾ ਲਓ, ਪਹਿਲੀ ਕਤਾਰ ਵਾਲੇ ਜਾਖੜ, ਮਨਪ੍ਰੀਤ ਬਾਦਲ, ਫਤਹਿਜੰਗ ਬਾਜਵਾ, ਕਾਂਗੜ ਤੇ ਬਲਬੀਰ ਸਿੱਧੂ ਅੱਜ ਕਿੱਥੇ ਨੇ।’ ਅੱਗਿਓਂ ਬਾਜਵਾ ਨੇ ਆਖ ਦਿੱਤਾ ਕਿ ‘ਚੰਦ ਦਿਨ ਹੀ ਲੱਗਣੇ ਨੇ, ਦਿੱਲੀ ਆ.ਲੇ ਤੁਹਾਡੇ ਗੁਆਂਢ ਬਹਿਣ ਵਾਲੇ ਨੇ ਤੇ ਤੁਸੀਂ ਵੀ ਆਪਣੀ ਤਿਆਰੀ ਰੱਖੋ।’ ਮੁੱਖ ਮੰਤਰੀ ਨੇ ਇਸ ’ਤੇ ਕਿਹਾ ਕਿ ‘ਸਾਡੀ ਕਮੀਜ਼ ’ਤੇ ਕੋਈ ਧੱਬੇ ਨਹੀਂ’। ਜਵਾਬ ’ਚ ਬਾਜਵਾ ਨੇ ਕਿਹਾ ਕਿ ‘ਤੁਹਾਡੀ ਕਮੀਜ਼ ਹੀ ਪਾਟ ਜਾਣੀ ਹੈ।’ ਸਰਾਰੀ ਦਾ ਮੁੱਦਾ ਉੱਠਿਆ ਤਾਂ ਮਾਨ ਨੇ ਕਿਹਾ ਕਿ ‘ਜਾਂਚ ’ਚ ਸਮਾਂ ਤਾਂ ਲੱਗਦਾ ਹੀ, ਸਬਰ ਕਰੋ, ਸਭ ਦੀ ਵਾਰੀ ਆਵੇਗੀ, ਪੰਜਾਬ ਦੇ ਇੱਕ ਇੱਕ ਪੈਸੇ ਦਾ ਹਿਸਾਬ ਲਿਆ ਜਾਵੇਗਾ।’ ਬਾਜਵਾ ਨੇ ਰੇਤਾ ਬਜਰੀ ’ਚੋਂ 20 ਹਜ਼ਾਰ ਕਰੋੜ ਦੀ ਕਮਾਈ ਦੇ ਦਾਅਵੇ ’ਤੇ ਸੁਆਲ ਚੁੱਕਿਆ ਤਾਂ ਅੱਗਿਓਂ ਮੁੱਖ ਮੰਤਰੀ ਨੇ ਕਿਹਾ ਕਿ ‘ਕਿਹੜੇ ਕਿਹੜੇ ਮਾਫ਼ੀਆ ਫੜੇ ਨੇ, ਚਿੱਠੇ ਵੱਡੇ ਵੱਡੇ ਨੇ, ਚੰਨੀ ਦਾ ਵੀ ਨਾਮ ਹੈ।’ ਮੁੱਖ ਮੰਤਰੀ ਨੇ ਬਾਜਵਾ ਨੂੰ ਕਿਹਾ ਕਿ ‘ਤੁਸੀਂ ਭ੍ਰਿਸ਼ਟਾਚਾਰੀਆਂ ਨੂੰ ਬਚਾ ਰਹੇ ਹੋ।’ ਮੁੱਖ ਮੰਤਰੀ ਨੇ ਕਾਂਗਰਸੀ ਨੇਤਾ ਰਣਦੀਪ ਸੁਰਜੇਵਾਲਾ ਦੇ ਇਕ ਬਿਆਨ ਦੇ ਹਵਾਲੇ ਨਾਲ ਕਿਹਾ ਕਿ ‘ਤੁਸੀਂ ਚਾਹੇ ਬੀਜੇਪੀ ’ਚ ਚਲੇ ਜਾਓ, ਕੋਈ ਬਖ਼ਸ਼ਿਆ ਨਹੀਂ ਜਾਵੇਗਾ।’ ਭਗਵੰਤ ਮਾਨ ਨੇ ਇਹ ਵੀ ਕਿਹਾ ਕਿ ਰਾਜਸਥਾਨ ਤੇ ਛੱਤੀਸਗੜ੍ਹ ਵਿਚ ਕਾਂਗਰਸੀ ਸਰਕਾਰਾਂ ਨੇ ਅਡਾਨੀ ਨੂੰ ਠੇਕੇ ਦੇ ਰੱਖੇ ਹਨ। ਬਾਜਵਾ ਨੇ ਕਿਹਾ ਕਿ ‘ਇੱਥੇ ਤੁਸੀਂ ਰੇਤ ਦੇ ਠੇਕੇ ਦੇ ਰੱਖੇ ਹਨ।’ ਮਾਹੌਲ ਉਦੋਂ ਭਖ ਗਿਆ ਜਦੋਂ ਬਾਜਵਾ ਦੇ ਪਿੱਛੇ ਸੁਖਪਾਲ ਸਿੰਘ ਖਹਿਰਾ ਖੜ੍ਹੇ ਹੋ ਕੇ ਬੋਲਣ ਲੱਗੇ। ਸੱਤਾਧਾਰੀ ਬੈਂਚ ਤੋਂ ਸਾਰੇ ਵਿਧਾਇਕ ਤੇ ਵਜ਼ੀਰ ਖਹਿਰਾ ਨੂੰ ਇਕਦਮ ਪੈ ਨਿਕਲੇ ਅਤੇ ਮੁੱਖ ਮੰਤਰੀ ਨੇ ਕਿਹਾ ਕਿ ‘ਖਹਿਰਾ ਟਵੀਟੋ ਟਵੀਟੀ ਖੇਡ ਲਵੇ, ਇਸ ਨਾਲ ਕੋਈ ਗੱਲ ਨਹੀਂ’। ਸਪੀਕਰ ਕੁਲਤਾਰ ਸਿੰਘ ਸੰਧਵਾਂ ਵਾਰ ਵਾਰ ਰੋਕਦੇ ਰਹੇ। ਅਖੀਰ ਜਦੋਂ ਮਾਹੌਲ ਸ਼ਾਂਤ ਹੋਇਆ ਤਾਂ ਬਾਜਵਾ ਮੁੜ ਬੋਲਣ ਲੱਗੇ। ਸਪੀਕਰ ਨੇ ਕਿਹਾ ਕਿ ਦੁਪਹਿਰ ਦੇ ਖਾਣੇ ਦਾ ਸਮਾਂ ਹੋ ਗਿਆ ਹੈ ਤੇ ਜਵਾਬ ’ਚ ਬਾਜਵਾ ਨੇ ਕਿਹਾ ਕਿ ‘ਮਾਹੌਲ ਤੋਂ ਤਾਂ ਹੁਣ ਕੋਈ ਲੰਚ ਵਾਲਾ ਪ੍ਰੋਗਰਾਮ ਲੱਗਦਾ ਨਹੀਂ।’ ਦੁਪਹਿਰ ਦੇ ਖਾਣੇ ਮਗਰੋਂ ਢਾਈ ਵਜੇ ਮੁੜ ਸਦਨ ’ਚ ਪ੍ਰਤਾਪ ਸਿੰਘ ਬਾਜਵਾ ਬੋਲਣ ਲੱਗੇ। ਬਾਜਵਾ ਨੇ ਸਪਸ਼ਟ ਲਫ਼ਜ਼ਾਂ ’ਚ ਆਖ ਦਿੱਤਾ ਕਿ ‘ਅੱਜ ਮੁੱਖ ਮੰਤਰੀ ਵੱਲੋਂ ਵਿਰੋਧੀ ਧਿਰ ਦੇ ਸਾਰੇ ਮੈਂਬਰਾਂ ਵੱਲ ਇਸ਼ਾਰਾ ਕਰਕੇ ਧਮਕੀ ਦਿੱਤੀ ਗਈ ਹੈ ਅਤੇ ਮਾੜੀ ਸ਼ਬਦਾਵਲੀ ਦਾ ਪ੍ਰਯੋਗ ਕੀਤਾ ਗਿਆ ਹੈ। ਮੁੱਖ ਮੰਤਰੀ ਦਾ ਲਹਿਜ਼ਾ ਧਮਕੀ ਵਾਲਾ ਸੀ।’ ਬਾਜਵਾ ਨੇ ਮੰਗ ਕੀਤੀ ਕਿ ਜਿੰਨਾ ਸਮਾਂ ਮੁੱਖ ਮੰਤਰੀ ਸਦਨ ਵਿਚ ਆ ਕੇ ਮੁਆਫ਼ੀ ਨਹੀਂ ਮੰਗ ਲੈਂਦੇ, ਉਸ ਸਮੇਂ ਤੱਕ ਉਨ੍ਹਾਂ ਦਾ ਸਦਨ ’ਚ ਬੈਠਣਾ ਔਖਾ ਹੈ। ਬਾਜਵਾ ਨੇ ਕਿਹਾ ਕਿ ਮੁੱਖ ਮੰਤਰੀ ਆਪਣੇ ਸ਼ਬਦ ਵਾਪਸ ਲੈਣ। ਉਨ੍ਹਾਂ ਇੱਥੋਂ ਤੱਕ ਆਖ ਦਿੱਤਾ ਕਿ ਭਵਿੱਖ ’ਚ ਕਿਸੇ ਮੈਂਬਰ ਦਾ ਕੋਈ ਨੁਕਸਾਨ ਹੁੰਦਾ ਹੈ ਤਾਂ ਉਸ ਲਈ ਸਿੱਧੇ ਤੌਰ ’ਤੇ ਮੁੱਖ ਮੰਤਰੀ ਜ਼ਿੰਮੇਵਾਰ ਹੋਣਗੇ।

ਸੁਖਪਾਲ ਖਹਿਰਾ ਨੇ ਕਿਹਾ ਕਿ ਮੁੱਖ ਮੰਤਰੀ ਨੇ ਪਹਿਲਾਂ ਹੀ ਸਾਰੇ ਮੈਂਬਰਾਂ ਨੂੰ ਨਾਮਜ਼ਦ ਕਰ ਦਿੱਤਾ। ਸਪੀਕਰ ਸੰਧਵਾ ਨੇ ਮੁੱਖ ਮੰਤਰੀ ਤਰਫ਼ੋਂ ਸਫ਼ਾਈ ਦੇਣ ਦੀ ਕੋਸ਼ਿਸ਼ ਕੀਤੀ ਪ੍ਰੰਤੂ ਰੋਹ ਵਿਚ ਵਿਰੋਧੀ ਧਿਰ ਸਪੀਕਰ ਦੇ ਆਸਣ ਦੇ ਸਾਹਮਣੇ ਆ ਗਈ। ਸਪੀਕਰ ਨੂੰ ਕਹਿਣਾ ਪਿਆ ਕਿ ਉਹ ਸਦਨ ਦੀ ਕਾਰਵਾਈ ਦੀ ਰਿਕਾਰਡਿੰਗ ਤੋਂ ਤਸਦੀਕ ਕਰ ਲੈਣਗੇ ਪ੍ਰੰਤੂ ਵਿਰੋਧੀ ਧਿਰ ਨਾ ਮੰਨੀ। ਅਖੀਰ ਸਪੀਕਰ ਨੂੰ ਸਦਨ ਤਿੰਨ ਵਜੇ ਤੱਕ ਮੁਲਤਵੀ ਕਰਨਾ ਪਿਆ। ਜਦੋਂ ਸਦਨ ਮੁੜ ਜੁੜਿਆ ਤਾਂ ਉਦੋਂ ਨਾ ਤਾਂ ਮੁੱਖ ਮੰਤਰੀ ਵਾਪਸ ਆਏ ਅਤੇ ਨਾ ਹੀ ਵਿਰੋਧੀ ਧਿਰ ਦਾ ਕੋਈ ਆਗੂ ਆਇਆ। ਵਿਰੋਧੀ ਧਿਰ ਦੀ ਗੈਰਹਾਜ਼ਰੀ ਵਿਚ ਸੱਤਾਧਾਰੀ ਪਾਰਟੀ ਦੇ ਮੈਂਬਰਾਂ ਨੇ ਦੇਰ ਸ਼ਾਮ ਤੱਕ ਰਾਜਪਾਲ ਦੇ ਭਾਸ਼ਣ ’ਤੇ ਬਹਿਸ ਬਾਰੇ ਚਰਚਾ ਕੀਤੀ। ਵਿਧਾਇਕ ਜੀਵਨਜੋਤ ਕੌਰ ਨੇ ਬਹਿਸ ਦੇ ਸ਼ੁਰੂ ਵਿਚ ਪ੍ਰਸਤਾਵ ਪੇਸ਼ ਕੀਤਾ ਅਤੇ ਕਿਹਾ ਕਿ ਰਾਜਪਾਲ ਵਿਰੋਧੀਆਂ ਦੀਆਂ ਹਲਕੀਆਂ ਗੱਲਾਂ ਵਿਚ ਨਹੀਂ ਆਏ।

# 2024 ਦੀਆਂ ਲੋਕ ਸਭਾਂ ਚੋਣਾਂ ਲਈ ਕਾਂਗਰਸ ਕਿੰਨੀ ਕੁ ਤਿਆਰ?

ਪਾਰਸ ਵੈਂਕਟੇਸ਼ਵਰ ਰਾਓ

ਕਾਂਗਰਸ ਪਾਰਟੀ (ਇੰਡੀਅਨ ਨੈਸ਼ਨਲ ਕਾਂਗਰਸ) ਦੇ ਛੱਤੀਸਗੜ੍ਹ ਦੀ ਰਾਜਧਾਨੀ ਰਾਏਪੁਰ ਵਿਚ ਹੋਏ ਦੋ-ਰੋਜ਼ਾ ਪਲੈਨਰੀ ਸੈਸ਼ਨ ਦੇ ਖ਼ਾਤਮੇ ਤੋਂ ਬਾਅਦ ਇਹ ਸਵਾਲ ਪੁੱਛਿਆ ਜਾ ਰਿਹਾ ਹੈ ਕਿ ਕੀ ਪਾਰਟੀ 2024 ਦੀਆਂ ਆਮ ਚੋਣਾਂ 2014 ਤੇ 2019 ਦੇ ਮੁਕਾਬਲੇ ਵਧੇਰੇ ਜੋਸ਼ ਤੇ ਤਾਕਤ ਨਾਲ ਲੜ ਸਕਦੀ ਹੈ ਜਾਂ ਨਹੀਂ। ਪਾਰਟੀ ਦੇ ਵਫ਼ਾਦਾਰਾਂ ਦੇ ਪਰਿਵਾਰ ਦੇ ਇਕ ਵੰਸ਼ਜ ਦਾ ਕਹਿਣਾ ਹੈ ਕਿ ਕਾਂਗਰਸ ਕੋਲ 2024 ਦੀਆਂ ਲੋਕ ਸਭਾ ਚੋਣਾਂ ਜਿੱਤਣ ਦਾ ਵਧੀਆ ਮੌਕਾ ਹੈ ਕਿਉਂਕਿ ਭਾਜਪਾ ਆਪਣਾ 'ਸਿਖਰਲਾ ਪੱਧਰ' ਹਾਸਲ ਕਰ ਚੁੱਕੀ ਹੈ ਅਤੇ ਲੋਕ ਤਬਦੀਲੀ ਲਈ ਤਿਆਰ ਹਨ। ਪਰ ਉਸ ਨੂੰ ਇਸ ਗੱਲ ਦਾ ਭਰੋਸਾ ਨਹੀਂ ਕਿ ਕੀ ਪਾਰਟੀ ਇਸ ਮੌਕੇ ਨੂੰ ਸੰਭਾਲਣ ਲਈ ਤਿਆਰ ਹੈ ਜਾਂ ਨਹੀਂ।

ਇਕ ਅਸੰਤੁਸ਼ਟ ਦੇ ਬੋਲ ਸਨ ਕਿ ਪਾਰਟੀ ਆਗੂਆਂ ਨੂੰ ਚੋਣਾਂ ਜਿੱਤਣ ਲਈ ਪਾਰਟੀ ਕਾਰਕੁਨਾਂ ਨਾਲ ਮਿਲ ਕੇ ਕੰਮ ਕਰਨਾ ਸਿੱਖਣਾ ਚਾਹੀਦਾ ਹੈ। ਗ਼ੌਰਤਲਬ ਹੈ ਕਿ ਪਾਰਟੀ ਵਿਚ ਸੋਨੀਆ ਗਾਂਧੀ, ਰਾਹੁਲ ਗਾਂਧੀ, ਪ੍ਰਿਅੰਕਾ ਅਤੇ ਉਨ੍ਹਾਂ ਦੇ ਪ੍ਰਸ਼ੰਸਕਾਂ ਦੇ ਦਬਦਬੇ ਦੇ ਬਾਵਜੂਦ ਇਸ ਤਰ੍ਹਾਂ ਦੀਆਂ ਅਸੰਤੁਸ਼ਟੀ ਵਾਲੀਆਂ ਆਵਾਜ਼ਾਂ ਕਾਫ਼ੀ ਸੁਣਾਈ ਦਿੰਦੀਆਂ ਹਨ। ਇਸ ਤੋਂ ਇਹੋ ਸੰਕੇਤ ਮਿਲਦਾ ਹੈ ਕਿ ਪਾਰਟੀ ਆਗੂ ਆਪਣੀ ਹੀ ਦੁਨੀਆਂ ਵਿਚ ਰਹਿੰਦੇ ਹਨ ਅਤੇ ਉਹ ਜ਼ਮੀਨੀ ਪੱਧਰ ਦੇ ਵਰਕਰਾਂ ਨਾਲ ਸੰਪਰਕ ਨਹੀਂ ਰੱਖਦੇ। ਉੱਤਰ ਪ੍ਰਦੇਸ਼ ਦੇ ਖ਼ਿੱਤੇ ਬੁੰਦੇਲਖੰਡ ਨਾਲ ਸਬੰਧਿਤ ਇਕ ਕਾਂਗਰਸੀ ਅਹੁਦੇਦਾਰ ਦਾ ਕਹਿਣਾ ਸੀ ਕਿ ਭਾਜਪਾ ਅਤੇ ਆਰਐੱਸਐੱਸ ਵਾਲੇ ਆਪਣੇ ਵਿਚਾਰਾਂ ਨੂੰ ਗਲੀ-ਗਲੀ ਤੱਕ, ਨੁੱਕਰ-ਨੁੱਕਰ ਤੱਕ ਲੈ ਜਾਂਦੇ ਹਨ ਤੇ ਇਨ੍ਹਾਂ ਨੂੰ ਹੇਠਲੇ ਪੱਧਰ ਤੱਕ ਲੋਕਾਂ ਵਿਚ ਫੈਲਾ ਦਿੰਦੇ ਹਨ ਪਰ ਦੂਜੇ ਪਾਸੇ ਕਾਂਗਰਸ ਦੇ ਵਿਚਾਰ ਤੇ ਪ੍ਰਾਪਤੀਆਂ ਮਹਿਜ਼ ਪਾਰਟੀ ਕਾਰਕੁਨਾਂ ਤੇ ਹਮਾਇਤੀਆਂ ਦੇ ਘਰਾਂ ਤੱਕ ਹੀ ਮਹਿਦੂਦ ਰਹਿ ਜਾਂਦੀਆਂ ਹਨ।

ਦਰਅਸਲ ਇਹ ਸੋਨੀਆ, ਰਾਹੁਲ ਤੇ ਪ੍ਰਿਅੰਕਾ ਦੀ 'ਸਟਾਰ ਕੁਆਲਿਟੀ' ਹੈ, ਜਿਹੜੀ ਕਲਾਤਮਕ ਸੋਚ ਵਾਲੇ ਸਿਆਸੀ ਦਰਸ਼ਕਾਂ ਨੂੰ ਗੁੱਸਾ ਚਾੜ੍ਹਦੀ ਹੈ। ਉਨ੍ਹਾਂ ਦਾ ਗਾਂਧੀ ਪਰਿਵਾਰ ਉੱਤੇ ਇਲਜ਼ਾਮ ਹੈ ਕਿ ਉਨ੍ਹਾਂ ਪਾਰਟੀ ਨੂੰ ਬੁਰੀ ਤਰ੍ਹਾਂ ਆਪਣੀ ਮੁੱਠੀ ਵਿਚ ਜਕੜਿਆ ਹੋਇਆ ਹੈ ਅਤੇ ਉਹ ਜਥੇਬੰਦੀ ਵਿਚਲੇ ਮਹਿਰੂਮਾਂ ਤੇ ਹਾਸ਼ੀਆਗਤ ਲੋਕਾਂ ਪ੍ਰਤੀ ਹਮਦਰਦੀ ਜ਼ਾਹਰ ਕਰਦੇ ਹਨ - ਜਿਨ੍ਹਾਂ ਵਿਚ ਸ਼ਾਮਲ ਹਨ ਨਿਮਰ ਪਾਰਟੀ ਵਰਕਰ, ਹਲੀਮ ਆਗੂ ਅਤੇ ਨਜ਼ਰਅੰਦਾਜ਼ ਕੀਤੇ ਗਏ ਅਸੰਤੁਸ਼ਟ। ਇਹੋ ਕਾਰਨ ਹੈ ਕਿ ਭਾਜਪਾ ਉੱਤੇ ਨਜ਼ਰ ਰੱਖਣ ਨਾਲੋਂ ਕਾਂਗਰਸ ਉੱਤੇ ਨਜ਼ਰ ਰੱਖਣੀ ਜ਼ਿਆਦਾ ਮਜ਼ੇਦਾਰ ਹੁੰਦੀ ਹੈ। ਉਂਝ ਵੀ ਭਾਜਪਾ ਤਾਂ ਆਰਐੱਸਐੱਸ ਦੇ ਪਹਿਰੇਦਾਰਾਂ (ਵਾਚ-ਟਾਵਰਾਂ) ਵਿਚ ਘਿਰੀ ਹੋਈ ਹੈ।

ਪਲੈਨਰੀ ਸੈਸ਼ਨ ਵਿਚ ਦਿਲਚਸਪੀ ਵਾਲਾ ਇਕ ਹੋਰ ਮੁੱਦਾ ਸੀ ਕਿ ਕੀ ਕਾਂਗਰਸ ਵਰਕਿੰਗ ਕਮੇਟੀ (ਸੀਡਬਲਿਊਸੀ) ਦੀਆਂ ਚੋਣਾਂ ਹੋਣਗੀਆਂ ਜਾਂ ਨਹੀਂ। ਇਸ ਸਬੰਧ ਵਿਚ 24 ਫਰਵਰੀ ਨੂੰ ਮੀਡੀਆ ਨੂੰ ਜਾਣਕਾਰੀ ਦੇਣ ਵੇਲੇ ਕਾਂਗਰਸ ਆਗੂ ਜੈਰਾਮ ਰਮੇਸ਼ ਨੇ ਸਾਰਿਆਂ ਨੂੰ ਸਟੀਅਰਿੰਗ ਕਮੇਟੀ ਦੀ ਮੀਟਿੰਗ ਖ਼ਤਮ ਹੋਣ ਤੱਕ ਉਡੀਕਣ ਲਈ ਕਿਹਾ। ਸ਼ਾਮ ਵੇਲੇ ਮੀਡੀਆ ਨੂੰ ਜਾਣਕਾਰੀ ਦਿੰਦਿਆਂ ਉਨ੍ਹਾਂ ਕਿਹਾ ਕਿ ਮੁੱਖ ਵਿਰੋਧੀ ਧਿਰ ਵਜੋਂ ਕਾਂਗਰਸ ਦੀ ਸਥਿਤੀ ਅਤੇ ਨਾਲ ਹੀ ਦੇਸ਼ ਦੇ ਸਿਆਸੀ ਹਾਲਾਤ ਨੂੰ ਧਿਆਨ ਵਿਚ ਰੱਖਦਿਆਂ ਸੀ ਡਬਲਿਊ ਸੀ ਮੈਂਬਰਾਂ ਦੀ ਨਿਯੁਕਤੀ ਦੇ ਅਖ਼ਤਿਆਰ ਕਾਂਗਰਸ ਪ੍ਰਧਾਨ ਮਲਿਕਾਰਜੁਨ ਖੜਗੇ ਨੂੰ ਦੇਣ ਦਾ ਫ਼ੈਸਲਾ ਕੀਤਾ ਗਿਆ ਹੈ। ਕੀ ਨਿਯੁਕਤੀ ਕਰਨ ਦਾ ਤਰੀਕਾ ਸੋਨੀਆ, ਰਾਹੁਲ ਤੇ ਪ੍ਰਿਅੰਕਾ ਨੂੰ ਸੀਡਬਲਿਊਸੀ ਵਿਚ ਪੱਕੀਆਂ ਸੀਟਾਂ ਦੇਣ ਦਾ ਜ਼ਰੀਆ ਸੀ, ਇਹ ਇਕ ਜਟਿਲ ਬਿੰਦੂ ਸੀ, ਪਰ ਪਾਰਟੀ ਨੇ ਇਸ ਤੋਂ ਬਾਹਰ ਨਿਕਲਣ ਦਾ ਰਸਤਾ ਲੱਭ ਲਿਆ। ਇਸ ਦੇ ਨਾਲ ਹੀ ਸਾਬਕਾ ਕਾਂਗਰਸ ਪ੍ਰਧਾਨਾਂ ਤੇ ਪਾਰਟੀ ਨਾਲ ਸਬੰਧਿਤ ਸਾਬਕਾ ਪ੍ਰਧਾਨ ਮੰਤਰੀਆਂ ਨੂੰ ਸੀਡਬਲਿਊਸੀ ਵਿਚ ਪੱਕੀਆਂ ਸੀਟਾਂ ਦੇਣ ਦਾ ਬੰਦੋਬਸਤ ਕਰਨ ਲਈ ਪਾਰਟੀ ਸੰਵਿਧਾਨ ਵਿਚ ਸੋਧ ਮਨਜ਼ੂਰ ਕੀਤੀ ਗਈ ਹੈ ਤੇ ਸੀ ਡਬਲਿਊ ਸੀ ਮੈਂਬਰਾਂ ਦੀ ਗਿਣਤੀ ਵੀ 23 ਤੋਂ ਵਧਾ ਕੇ 35 ਕਰ ਦਿੱਤੀ ਗਈ ਹੈ।



ਪਾਰਟੀ ਸੰਵਿਧਾਨ ਵਿਚ ਕੀਤੀਆਂ ਗਈਆਂ 85 ਤਰਮੀਮਾਂ ਵਿਚੋਂ ਇਕ ਹੋਰ ਅਹਿਮ ਇਹ ਸੀ ਕਿ ਸੀ ਡਬਲਿਊ ਸੀ ਵਿਚ ਅਨੁਸੂਚਿਤ ਜਾਤਾਂ, ਅਨੁਸੂਚਿਤ ਕਬੀਲਿਆਂ, ਪਛੜੇ ਵਰਗਾਂ, ਔਰਤਾਂ, ਘੱਟਗਿਣਤੀਆਂ ਅਤੇ ਨੌਜਵਾਨਾਂ ਨੂੰ 50 ਫ਼ੀਸਦੀ ਰਾਖਵਾਂਕਰਨ ਦੇਣ ਦਾ ਫ਼ੈਸਲਾ ਕੀਤਾ ਗਿਆ ਹੈ। ਸੰਵਿਧਾਨਿਕ ਸੋਧ ਕਮੇਟੀ ਨੇ ਮਹਿਸੂਸ ਕੀਤਾ ਕਿ ਸਮਾਜ ਦੇ ਨੁਮਾਇੰਦਗੀ ਰਹਿਤ ਜਾਂ ਘੱਟ ਨੁਮਾਇੰਦਗੀ ਵਾਲੇ ਤਬਕਿਆਂ ਨੂੰ ਪੱਕੀ ਥਾਂ ਦਿੱਤੇ ਜਾਣ ਦੀ ਲੋੜ ਹੈ। ਇਹ ਕਾਫ਼ੀ ਗੁੰਝਲਦਾਰ ਸਮਾਜਿਕ ਵਿਉਂਤਕਾਰੀ ਜਾਪਦੀ ਹੈ। ਸੰਵਿਧਾਨ ਸੋਧ ਕਮੇਟੀ ਦੇ ਕਨਵੀਨਰ ਰਣਦੀਪ ਸੁਰਜੇਵਾਲਾ ਨੇ ਮੰਨਿਆ ਕਿ ਇਹ ਅਜਿਹਾ ਕੁਝ ਹੈ ਜਿਹੜਾ ਰਾਹੁਲ ਗਾਂਧੀ ਦੀ ਭਾਰਤ ਜੋੜੋ ਯਾਤਰਾ ਵਿਚੋਂ ਨਿਕਲ ਕੇ ਆਇਆ ਹੈ।

ਸੈਸ਼ਨ ਦਾ ਇਕ ਹੋਰ ਦਿਲਚਸਪ ਪਹਿਲੂ ਉਹ ਛੋਟੀਆਂ ਆਵਾਜ਼ਾਂ ਸਨ, ਜਿਹੜੀਆਂ ਖੜਗੇ ਦੇ ਪ੍ਰਧਾਨਗੀ ਭਾਸ਼ਣ ਤੇ ਸੋਨੀਆ ਦੀ ਤਕਰੀਰ ਤੋਂ ਬਾਅਦ ਸੁਣਾਈ ਦਿੱਤੀਆਂ ਅਤੇ ਨਾਲ ਹੀ ਉਹ ਦਰਮਿਆਨੇ ਆਗੂ ਜਿਨ੍ਹਾਂ ਨੇ ਮਤੇ ਪੇਸ਼ ਕੀਤੇ ਤੇ ਫਿਰ ਜਿਨ੍ਹਾਂ ਨੇ ਇਨ੍ਹਾਂ ਮਤਿਆਂ ਦੀ ਤਾਈਦ ਕੀਤੀ। ਇਹ ਆਗੂ ਮੁਲਕ ਦੇ ਸਾਰੇ ਹਿੱਸਿਆਂ ਨਾਲ ਸਬੰਧਿਤ ਸਨ। ਇਨ੍ਹਾਂ ਵਿਚ ਪੱਛਮੀ ਬੰਗਾਲ ਨਾਲ ਸਬੰਧਤ ਇਕ ਆਗੂ ਸੀ ਜਿਸ ਨੇ ਆਪਣੇ ਸੂਬੇ ਵਿਚ ਕਾਂਗਰਸ ਵਰਕਰਾਂ ਦੀ ਤਰਸਯੋਗ ਹਾਲਤ ਉੱਤੇ ਦੁੱਖ ਜ਼ਾਹਰ ਕੀਤਾ। ਉਸ ਨੇ ਕਿਹਾ ਕਿ ਉਨ੍ਹਾਂ ਨੇ ਪਹਿਲਾਂ 35 ਸਾਲਾਂ ਤੱਕ ਕਮਿਊਨਿਸਟ ਸਰਕਾਰਾਂ ਅਤੇ ਫਿਰ 13 ਸਾਲਾਂ ਤੱਕ ਮਮਤਾ ਬੈਨਰਜੀ ਦੀ ਤ੍ਰਿਣਮੂਲ ਕਾਂਗਰਸ ਦੀ ਮਾਰ ਝੱਲੀ ਹੈ। ਉਸ ਨੇ ਕਿਹਾ ਕਿ ਪਾਰਟੀ ਸੂਬੇ ਵਿਚ ਭਾਜਪਾ ਦਾ ਟਾਕਰਾ ਕਰਨਾ ਜਾਰੀ ਰੱਖੇਗੀ, ਪਰ ਉਹ ਚਾਹੁੰਦਾ ਹੈ ਕਿ ਇਸ ਲਈ ਕੇਂਦਰੀ ਲੀਡਰਸ਼ਿਪ ਵੱਲੋਂ ਸੂਬੇ ਵਿਚ ਪਾਰਟੀ ਦੀ ਮਦਦ ਕੀਤੀ ਜਾਵੇ। ਇਸੇ ਤਰ੍ਹਾਂ ਆਪਣੀ ਗੱਲ ਰੱਖਣ ਵਾਲਿਆਂ ਵਿਚ ਮਿਜ਼ੋਰਮ, ਮਨੀਪੁਰ, ਮਹਾਰਾਸ਼ਟਰ, ਗੁਜਰਾਤ, ਤਾਮਿਲਨਾਡੂ ਅਤੇ ਕੇਰਲ ਨਾਲ ਸਬੰਧਿਤ ਆਗੂ ਵੀ ਸ਼ਾਮਲ ਸਨ। ਪੰਡਾਲ ਵਿਚ ਕੁੱਲ ਹਿੰਦ ਕਾਂਗਰਸ ਕਮੇਟੀ ਦੇ ਡੈਲੀਗੇਟਾਂ, ਪ੍ਰਦੇਸ਼ ਕਾਂਗਰਸ ਕਮੇਟੀਆਂ ਦੇ ਮੈਂਬਰਾਂ ਅਤੇ ਜ਼ਿਲ੍ਹਾ ਤੇ ਬਲਾਕ ਕਮੇਟੀਆਂ ਦੇ ਪ੍ਰਧਾਨਾਂ ਦੀ ਭੀੜ ਸੀ। ਇਹ ਅਮਰੀਕਾ ਵਰਗੀ ਅੰਸ਼ਕ-ਕਾਰਨੀਵਲ ਸਿਆਸੀ ਕਨਵੈਨਸ਼ਨ ਸੀ ਜਿੱਥੇ ਆਮ ਸਿਆਸੀ ਕਾਰਕੁਨ ਪੂਰੇ ਜੋਸ਼ ਨਾਲ ਆਉਂਦੇ ਜਾਪਦੇ ਹਨ।

1970ਵਿਆਂ ਦੌਰਾਨ ਰਾਜਨੀਤੀ ਸ਼ਾਸਤਰੀ ਰਜਨੀ ਕੋਠਾਰੀ ਨੇ ਗੁਜਰਾਤ ਵਿਚ ਕਾਂਗਰਸ ਦੇ ਇਕ ਪਲੈਨਰੀ ਸੈਸ਼ਨ ਵਿਚ ਸ਼ਮੂਲੀਅਤ ਕੀਤੀ ਸੀ ਤੇ ਉਨ੍ਹਾਂ ਪਾਰਟੀ ਦੇ ਸਮਾਜਿਕ ਤੇ ਜਾਤੀ ਢਾਂਚੇ ਦਾ ਇਕ ਨਕਸ਼ਾ ਤਿਆਰ ਕੀਤਾ ਜਿਸ ਸਦਕਾ ਉਨ੍ਹਾਂ ਆਪਣੀ ਕਲਾਸਿਕ ਕਿਤਾਬ 'ਪੌਲੀਟਿਕਸ ਇਨ ਇੰਡੀਆ' ਲਿਖੀ। ਕਾਂਗਰਸ ਦੇ ਪਲੈਨਰੀ ਸੈਸ਼ਨ ਨੂੰ ਕੋਠਾਰੀ ਵਰਗੇ ਕਿਸੇ ਹੋਰ ਰਾਜਨੀਤਕ ਮਾਨਵ ਵਿਗਿਆਨੀ ਦੀ ਉਡੀਕ ਹੈ ਤਾਂ ਕਿ ਭਾਰਤੀ ਸਿਆਸੀ ਜਮਾਤ ਦੇ ਸਮਾਜਿਕ ਪਸਾਰ ਨੂੰ ਸਮਝਿਆ ਜਾ ਸਕੇ। ਫਿਰ ਕਾਂਗਰਸ ਵਿਚ ਕਾਫ਼ੀ ਸਮਾਜਿਕ ਵੰਨ-ਸੁਵੰਨਤਾ ਹੈ - ਛੋਟੇ ਕਾਰੋਬਾਰੀਆਂ ਤੋਂ ਲੈ ਕੇ ਕਾਫ਼ੀ ਵੱਡਿਆਂ ਤੱਕ, ਬਲਾਕ ਤੇ ਜ਼ਿਲ੍ਹਾ ਪੱਧਰਾਂ ਤੱਕ ਦੇ ਮਰਦ ਤੇ ਔਰਤਾਂ ਜਿਹੜੇ ਮੁਕਾਮੀ ਸਿਆਸਤ ਵਿਚ ਆਪਣੀ ਪਛਾਣ ਬਣਾਉਣ ਲਈ ਜੂਝ ਰਹੇ ਹੁੰਦੇ ਹਨ। ਇਹ ਇਕ ਦਿਲਚਸਪ ਜਮਹੂਰੀ ਤਮਾਸ਼ਾ ਹੈ। ਦੂਜੇ ਪਾਸੇ ਵਿਚਾਰਧਾਰਾ ਤੇ ਜਾਤ ਆਧਾਰਿਤ ਪਾਰਟੀਆਂ ਵਿਚ ਤੁਹਾਨੂੰ ਇਕੋ ਜਿਹੇ ਵਿਚਾਰਾਂ ਤੇ ਪਛਾਣਾਂ ਵਾਲੇ ਲੋਕ ਮਿਲਣਗੇ। ਕਾਂਗਰਸ ਵਿਚ ਭਾਰਤੀ ਵੰਨ-ਸੁਵੰਨਤਾ ਆਪਣੇ ਪੂਰੇ ਜਲੌਅ ਨਾਲ ਦਿਖਾਈ ਦਿੰਦੀ ਹੈ।

ਇਸ ਮੁੱਖ ਸਵਾਲ ਕਿ ਕੀ ਕਾਂਗਰਸ 2023 ਵਿਚ ਪ੍ਰਸੰਗਿਕ ਹੈ? ਜਿੱਥੇ ਭਾਜਪਾ ਅਤੇ ਖੇਤਰੀ ਪਾਰਟੀਆਂ ਦਾ ਦਬਦਬਾ ਹੈ, ਦਾ ਜਵਾਬ ਰਾਏਪੁਰ ਸੈਸ਼ਨ ਤੋਂ ਮਿਲ ਗਿਆ ਜਾਪਦਾ ਹੈ। ਕਾਂਗਰਸ ਖੜ੍ਹੀ ਹੈ, ਸ਼ਾਇਦ ਦੁਬਿਧਾ-ਪੂਰਨ ਢੰਗ ਨਾਲ। ਕਾਂਗਰਸ ਪਾਰਟੀ ਨੂੰ ਉਦੋਂ ਤੱਕ ਸੰਜੀਦਗੀ ਨਾਲ ਨਹੀਂ ਲਿਆ ਜਾਵੇਗਾ ਜਦੋਂ ਤੱਕ ਇਹ ਉਨ੍ਹਾਂ ਕੁਝ ਸੂਬਿਆਂ ਨੂੰ ਨਹੀਂ ਜਿੱਤਦੀ ਜਿੱਥੇ ਇਸ ਸਾਲ ਤੇ ਅਗਲੇ ਸਾਲ ਚੋਣਾਂ ਹੋਣ ਵਾਲੀਆਂ ਹਨ ਤੇ ਨਾਲ ਹੀ 2024 ਦੀਆਂ ਲੋਕ ਸਭਾ ਚੋਣਾਂ ਵਿਚ ਵੀ ਵੱਡੀ ਗਿਣਤੀ ਸੀਟਾਂ ਨਹੀਂ ਜਿੱਤਦੀ। ਪਾਰਟੀ ਵਿਚ ਵੀ ਹਰ ਕਿਸੇ ਨੇ ਕੰਧ 'ਤੇ ਲਿਖਿਆ ਸਾਫ਼ ਪੜ੍ਹ ਲਿਆ ਹੈ ਕਿ ਇਹ ਹੋਂਦ ਬਚਾਈ ਰੱਖਣ ਦੀ ਲੜਾਈ ਹੈ। ਪਾਰਟੀ ਦੇ ਕਾਰਕੁਨ ਇਹ ਲੜਾਈ ਲੜਨ ਦੇ ਪੂਰੇ ਰਉਂ ਵਿਚ ਜਾਪਦੇ ਹਨ ਅਤੇ ਰਾਹੁਲ ਵਿਚ ਇਕ ਸਿਆਸੀ ਆਗੂ ਦੀ ਝਲਕ ਦਿਖਾਈ ਦੇ ਰਹੀ ਹੈ। ਉਨ੍ਹਾਂ ਆਪਣਾ ਸਿਆਸੀ ਕੱਦ ਵਧਾ ਲਿਆ ਹੈ ਤੇ ਹੁਣ ਉਹ 2014 ਅਤੇ 2019 ਵਾਲੇ ਰਾਹੁਲ ਨਹੀਂ ਰਹੇ। ਇਸ ਵਾਰ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਆਸਾਨ ਹੂੰਝਾਫੇਰ ਜਿੱਤ ਨਹੀਂ ਮਿਲਣ ਵਾਲੀ। ਇਹ ਸਵਾਲ ਕਿ 'ਜੇ ਮੋਦੀ ਨਹੀਂ ਤਾਂ ਕੌਣ' ਸ਼ਾਇਦ 2024 ਵਿਚ ਨਾ ਪੁੱਛਿਆ ਜਾਵੇ।

# ਪ੍ਰਧਾਨ ਮੰਤਰੀ ਦੀ ਸੁਰੱਖਿਆ 'ਚ ਹੋਈ ਕੁਤਾਹੀ ਦੇ ਮਾਮਲੇ 'ਚ ਸਾਬਕਾ ਮੁੱਖ ਸਕੱਤਰ ਤੇ ਤੱਤਕਾਲੀ ਡੀਜੀਪੀ ਨੂੰ ਕਸੂਰਵਾਰ

ਚੰਡੀਗੜ੍ਹ- ਪੰਜਾਬ ਵਿਚ 2022 ਦੀਆਂ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਫਿਰੋਜ਼ਪੁਰ ਦੌਰੇ 'ਤੇ ਆਏ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਸੁਰੱਖਿਆ 'ਚ ਹੋਈ ਕੁਤਾਹੀ ਦੇ ਮਾਮਲੇ ਵਿਚ ਸੁਪ੍ਰੀਮ ਕੋਰਟ ਵੱਲੋਂ ਬਣਾਈ ਗਈ ਜਾਂਚ ਕਮੇਟੀ ਦੀ ਰਿਪੋਰਟ ਵਿਚ ਪੰਜਾਬ ਦੇ ਉਦੋਂ ਦੇ ਮੁੱਖ ਸਕੱਤਰ ਅਨਿਰੁੱਧ ਤਿਵਾਰੀ ਤੇ ਡੀਜੀਪੀ ਸਿੱਧਾਰਥ ਚੱਟੋਪਾਧਿਆਏ ਨੂੰ ਕਸੂਰਵਾਰ ਠਹਿਰਾਇਆ ਹੈ। ਕਮੇਟੀ ਨੇ 8 ਮਹੀਨੇ ਪਹਿਲਾਂ ਅਗਸਤ 2022 ਵਿਚ ਇਹ ਰਿਪੋਰਟ ਅਪੈਕਸ ਕੋਰਟ ਤੇ ਸਰਕਾਰ ਨੂੰ ਸੌਂਪ ਦਿੱਤੀ ਸੀ। ਇਸ ਰਿਪੋਰਟ ਦੇ ਆਧਾਰ 'ਤੇ ਕੇਂਦਰ ਵੱਲੋਂ ਪੰਜਾਬ ਸਰਕਾਰ ਨੂੰ ਕਸੂਰਵਾਰ ਅਧਿਕਾਰੀਆਂ ਖਿਲਾਫ ਕਾਰਵਾਈ ਕਰਨ ਲਈ ਸਤੰਬਰ 2022 ਵਿਚ ਪੱਤਰ ਲਿਖਿਆ ਗਿਆ ਸੀ ਪਰ ਛੇ ਮਹੀਨੇ ਲੰਘਣ ਦੇ ਬਾਵਜੂਦ ਕੋਈ ਕਾਰਵਾਈ ਨਹੀਂ ਹੋਈ। ਇਸ ਨੂੰ ਲੈ ਕੇ ਭਾਰਤੀ ਜਨਤਾ ਪਾਰਟੀ ਦੇ ਕੌਮੀ ਜਨਰਲ ਸਕੱਤਰ ਤਰੁਣ ਚੁੱਘ ਨੇ ਸੂਬਾ ਸਰਕਾਰ 'ਤੇ ਤਿੱਖਾ ਵਾਰ ਕਰਦੇ ਹੋਏ ਕਿਹਾ ਕਿ ਸਰਕਾਰ ਸੌਂ ਰਹੀ ਹੈ।

ਦੱਸਣਯੋਗ ਹੈ ਕਿ ਇਸ ਘਟਨਾ ਦੇ ਬਾਅਦ ਸੁਪ੍ਰੀਮ ਕੋਰਟ ਨੇ ਮਾਮਲੇ ਦੀ ਜਾਂਚ ਲਈ ਸਾਬਕਾ ਜਸਟਿਸ ਇੰਦੂ ਮਲਹੋਤਰਾ ਦੀ ਪ੍ਰਧਾਨਗੀ ਹੇਠ 5 ਮੈਂਬਰੀ ਕਮੇਟੀ ਦਾ ਗਠਨ ਕੀਤਾ ਸੀ। ਇਸ ਕਮੇਟੀ ਨੇ ਪੂਰੇ ਘਟਨਾਕ੍ਰਮ ਦੀ ਜਾਂਚ ਕੀਤੀ। ਪ੍ਰਧਾਨ ਮੰਤਰੀ ਦੇ ਦੌਰੇ ਦੌਰਾਨ ਤੱਤਕਾਲੀ ਏਡੀਜੀਪੀ (ਲਾਅ ਐਂਡ ਆਰਡਰ) ਨਰੇਸ਼ ਅਰੋੜਾ, ਏਡੀਜੀਪੀ (ਸਾਈਬਰ ਕ੍ਰਾਈਮ) ਜੀ ਨਾਗੇਸ਼ਵਰ ਰਾਵ, ਡੀਆਈਜੀ ਫਰੀਦਕੋਟ ਸੁਰਜੀਤ ਸਿੰਘ (ਹੁਣ ਸੇਵਾਮੁਕਤ), ਐੱਸ ਐੱਸ ਪੀ ਮੋਗਾ ਚਰਨਜੀਤ ਸਿੰਘ, ਆਈਜੀ ਕਾਊਂਟਰ ਇੰਟੈਲੀਜੈਂਸ ਰਾਕੇਸ਼ ਅਗਰਵਾਲ, ਡੀਆਈਜੀ ਫਿਰੋਜ਼ਪੁਰ ਰੇਂਜ ਇੰਦਰਬੀਰ ਸਿੰਘ ਤੇ ਐੱਸਐੱਸਪੀ ਫਿਰੋਜ਼ਪੁਰ ਹਰਮਨਦੀਪ ਹੰਸ ਡਿਊਟੀ 'ਤੇ ਸਨ। ਪਹਿਲਾਂ ਇਸ ਪੂਰੇ ਘਟਨਾਕ੍ਰਮ ਲਈ ਐੱਸਐੱਸਪੀ ਹਰਮਨਦੀਪ ਹੰਸ ਨੂੰ ਹੀ ਜ਼ਿੰਮੇਵਾਰ ਮੰਨਿਆ ਜਾ ਰਿਹਾ ਸੀ ਪਰ ਸੁਪ੍ਰੀਮ ਕੋਰਟ ਦੀ ਕਮੇਟੀ ਦੀ ਰਿਪੋਰਟ ਵਿਚ ਤੱਤਕਾਲੀ ਮੁੱਖ ਸਕੱਤਰ ਤੇ ਡੀਜੀਪੀ ਦੀ ਲਾਪ੍ਰਵਾਹੀ ਸਾਹਮਣੇ ਆਈ ਹੈ। ਇਸ ਵਿਚ ਕਿਹਾ ਗਿਆ ਹੈ ਕਿ ਜਿਸ ਅਧਿਕਾਰੀ ਕੋਲ ਜੋ ਵੀ ਜ਼ਿੰਮੇਵਾਰੀ ਸੀ, ਉਹ ਉਸ ਨੂੰ ਸਹੀ ਢੰਗ ਨਾਲ ਨਹੀਂ ਨਿਭਾਅ ਸਕੇ।

ਰਿਪੋਰਟ ਵਿਚ ਕਿਹਾ ਗਿਆ ਹੈ ਕਿ ਆਈਜੀ (ਐੱਸਪੀਜੀ) ਆਰ.ਆਰ. ਭਗਤ ਵੱਲੋਂ ਇਸ ਮਾਹੌਲ ਨੂੰ ਲੈ ਕੇ ਪੁਲਿਸ ਅਧਿਕਾਰੀਆਂ ਨੂੰ ਸਮੇਂ ਤੋਂ ਪਹਿਲਾਂ ਹੀ ਇਨਪੁੱਟ ਮੁਹੱਈਆ ਕਰਵਾਏ ਗਏ ਸਨ ਪਰ ਇਸ ਦੇ ਬਾਵਜੂਦ ਸਮਾਂ ਰਹਿੰਦੇ ਕਾਰਵਾਈ ਨਹੀਂ ਕੀਤੀ ਗਈ। ਇਥੋਂ ਤੱਕ ਕਿ ਇਸ ਗੱਲ ਦੀ ਜਾਣਕਾਰੀ ਵੀ ਮੁਹੱਈਆ ਕਰਵਾਈ ਗਈ ਸੀ ਕਿ ਪ੍ਰਧਾਨ ਮੰਤਰੀ ਦੇ ਰੈਲੀ ਵਾਲੀ ਥਾਂ ਪੁੱਜਣ ਲਈ ਬਦਲਵੇਂ ਰਾਹ ਦੀ ਵਰਤੋਂ ਕੀਤੀ ਜਾਵੇ।

ਇਸ ਦੇ ਬਾਵਜੂਦ ਸੁਰੱਖਿਆ ਨੂੰ ਲੈ ਕੇ ਪੁਖ਼ਤਾ ਪ੍ਰਬੰਧ ਨਹੀਂ ਕੀਤੇ ਗਏ। ਹੁਣ ਇਸ ਰਿਪੋਰਟ ਦੇ ਬਾਅਦ ਸੀਨੀਅਰ ਅਧਿਕਾਰੀਆਂ 'ਤੇ ਕਾਰਵਾਈ ਕੀਤੇ ਜਾਣ ਨੂੰ ਲੈ ਕੇ ਸਵਾਲ ਖੜ੍ਹੇ ਹੋ ਰਹੇ ਹਨ।

# ਮੇਘਾਲਿਆ 'ਚ ਸੰਗਮਾ ਤੇ ਨਾਗਾਲੈਂਡ 'ਚ ਰੀਓ ਨੇ ਮੁੱਖ ਮੰਤਰੀ ਵਜੋਂ ਸਹੁੰ ਚੁੱਕੀ

ਸ਼ਿਲਾਂਗ/ਕੋਹਿਮਾ- ਨੈਸ਼ਨਲ ਪੀਪਲਜ਼ ਪਾਰਟੀ (ਐੱਨ-ਪੀਪੀ) ਦੇ ਪ੍ਰਧਾਨ ਕੋਨਰਾਡ ਕੇ. ਸੰਗਮਾ ਨੇ ਗਿਆਰਾਂ ਮੰਤਰੀਆਂ ਨਾਲ ਮੇਘਾਲਿਆ ਦੇ ਮੁੱਖ ਮੰਤਰੀ ਵਜੋਂ ਸਹੁੰ ਚੁੱਕ ਲਈ ਹੈ। ਸੰਗਮਾ ਲਗਾਤਾਰ ਦੂਜੀ ਵਾਰ ਇਸ ਉੱਤਰ-ਪੂਰਬੀ ਸੂਬੇ ਦੇ ਮੁੱਖ ਮੰਤਰੀ ਬਣੇ ਹਨ। ਇਸੇ ਦੌਰਾਨ ਅੱਜ ਐੱਨਡੀਪੀਪੀ ਦੇ ਆਗੂ ਨੇਫਿਊ ਰੀਓ ਨੇ ਵੀ ਨਾਗਾਲੈਂਡ ਦੇ ਮੁੱਖ ਮੰਤਰੀ ਵਜੋਂ ਸਹੁੰ ਚੁੱਕੀ। ਉਹ ਪੰਜਵੀ ਵਾਰ ਸੂਬੇ ਦੇ ਮੁੱਖ ਮੰਤਰੀ ਬਣੇ ਹਨ। ਟੀ.ਆਰ. ਜ਼ੇਲਿਆਂਗ ਤੇ ਵਾਈ. ਪੱਟਨ ਨੇ ਨਾਗਾਲੈਂਡ ਦੇ ਉਪ ਮੁੱਖ ਮੰਤਰੀਆਂ ਵਜੋਂ ਸਹੁੰ ਚੁੱਕੀ ਹੈ। ਕੈਬਨਿਟ ਦੇ ਹੋਰਨਾਂ ਮੈਂਬਰਾਂ ਨੇ ਵੀ ਅੱਜ ਸਹੁੰ ਚੁੱਕੀ। ਮੇਘਾਲਿਆ ਦੇ ਮੁੱਖ ਮੰਤਰੀ ਸੰਗਮਾ ਨੇ ਕਿਹਾ ਕਿ ਉਹ ਉਨ੍ਹਾਂ ਖੇਤਰਾਂ 'ਤੇ ਧਿਆਨ ਕੇਂਦਰਤ ਕਰਨਗੇ ਜੋ ਵੱਡੇ ਪੱਧਰ ਉਤੇ ਰੁਜ਼ਗਾਰ ਪੈਦਾ ਕਰ ਸਕਦੇ ਹਨ। ਨਾਗਾਲੈਂਡ ਦੀ ਪਾਰਟੀ ਐੱਨਪੀਪੀ ਦੇ ਪ੍ਰੈਸਟੋਨ ਟਿਨਸੌਂਗ ਤੇ ਐੱਸ. ਧਾਰ ਨੇ ਉਪ ਮੁੱਖ ਮੰਤਰੀਆਂ ਵਜੋਂ ਸਹੁੰ ਚੁੱਕੀ ਹੈ। ਜ਼ਿਕਰਯੋਗ ਹੈ ਕਿ ਨਾਗਾਲੈਂਡ ਵਿਚ ਗੱਠਜੋੜ ਸਰਕਾਰ ਬਣੀ ਹੈ ਤੇ ਖੇਤਰੀ ਪਾਰਟੀਆਂ ਮੋਹਰੀ ਹਨ। ਭਾਜਪਾ ਦੇ ਐਲਗਜ਼ੈਂਡਰ ਲਲੂ ਹੇਕ, ਯੂਡੀਪੀ ਦੇ ਪੌਲ ਲਿੰਗਦੋਹ ਤੇ ਕਿਰਮਨ ਸ਼ਾਇਲਾ ਨੇ ਮੰਤਰੀਆਂ ਵਜੋਂ ਹਲਫ਼ ਲਿਆ। ਮੇਘਾਲਿਆ ਦੀ 60 ਮੈਂਬਰੀ ਵਿਧਾਨ ਸਭਾ ਵਿਚ 12 ਮੰਤਰੀ ਬਣਾਏ ਜਾ ਸਕਦੇ ਹਨ। ਸਹੁੰ ਚੁੱਕ ਸਮਾਗਮ ਵਿਚ ਪ੍ਰਧਾਨ ਮੰਤਰੀ ਨਰਿੰਦਰ ਮੋਦੀ, ਗ੍ਰਹਿ ਮੰਤਰੀ ਅਮਿਤ ਸ਼ਾਹ ਤੇ ਭਾਜਪਾ ਪ੍ਰਧਾਨ ਜੇਪੀ ਨੱਢਾ ਨੇ ਹਿੱਸਾ ਲਿਆ। ਪ੍ਰਧਾਨ ਮੰਤਰੀ ਨੇ ਮਗਰੋਂ ਟਵੀਟ ਕਰ ਕੇ ਸਹੁੰ ਚੁੱਕਣ ਵਾਲਿਆਂ ਨੂੰ ਵਧਾਈ ਵੀ ਦਿੱਤੀ। ਦਿਲਚਸਪ ਤੱਥ ਇਹ ਹੈ ਕਿ ਭਾਜਪਾ ਨੇ ਚੋਣਾਂ ਤੋਂ ਪਹਿਲਾਂ ਸੰਗਮਾ ਦੀ ਸਰਕਾਰ ਨੂੰ ਸੂਬੇ ਦੀ 'ਸਭ ਤੋਂ ਭ੍ਰਿਸ਼ਟ' ਸਰਕਾਰ ਕਰਾਰ ਦਿੱਤਾ ਸੀ ਪਰ ਮਗਰੋਂ ਗੱਠਜੋੜ ਲਈ ਸਮਝੌਤਾ ਕਰਨ ਵਾਲੀਆਂ ਸਭ ਤੋਂ ਪਹਿਲੀਆਂ ਧਿਰਾਂ ਵਿਚ ਭਾਜਪਾ ਵੀ ਸ਼ਾਮਲ ਸੀ। ਨਾਗਾਲੈਂਡ ਦੇ ਮੁੱਖ ਮੰਤਰੀ ਦੇ ਸਹੁੰ ਚੁੱਕ ਸਮਾਗਮ ਮੌਕੇ ਵੀ ਪ੍ਰਧਾਨ ਮੰਤਰੀ ਮੋਦੀ, ਸ਼ਾਹ ਤੇ ਨੱਢਾ ਹਾਜ਼ਰ ਸਨ।



R.PAL SINGH TAX PROFESSIONAL
ENROLLED AGENT
BOOKKEEPING ACCOUNTS PAYROLLS
TAX-INDIVIDUAL FAMILY, BUSINESS, TRUCKING, BOOKKEEPING ACCOUNTS, PAY-ROLLS & INCORPORATION, INSURANCE LIFE Only-Agent. NOTARY, REAL ESTATE (SVA), EX-PECTING REFUND : GET MONEY BACK FAST!
E.A.
Open 7 Days
Weekends/Evenings
(Year Round Service)
Resonalbe Rates
Call for Appointment

CALL: R. PAL. SINGH EA- 510-750-3464
EA 00097224, CRTP A44237 Realtor#148514,
Insurance Life- Only Agent #0G76896
39159 Paseo Padre Pkwy # 103, Fremont, CA 94538
Email:singhrpal@sbeglobal.net Singhtax.com

# ਖਿਡਾਰਨਾਂ ਨੂੰ ਮਾਨਸਿਕ/ਜਿਨਸੀ ਸ਼ੋਸ਼ਣ ਖ਼ਿਲਾਫ਼ ਕਿਉਂ ਲੜਨਾ ਪੈਂਦਾ ਹੈ?

18 ਜਨਵਰੀ 2023 ਨੂੰ ਜਦੋਂ ਭਾਰਤ ਦੀ ਮਹਿਲਾ ਪਹਿਲਵਾਨ ਵਿਨੇਸ਼ ਫੋਗਾਟ ਨੇ ਨਵੀਂ ਦਿੱਲੀ ਦੇ ਜੰਤਰ-ਮੰਤਰ ਉੱਤੇ ਮੁਜ਼ਾਹਰਾ ਕੀਤਾ ਤਾਂ ਇਸ ਨੇ ਪੂਰੇ ਭਾਰਤ ਵਿੱਚ ਖੇਡਾਂ ਦੇ ਖੇਤਰ ਵਿੱਚ ਇੱਕ ਝਟਕਾ ਦਿੱਤਾ। ਇਸ ਮੁਜ਼ਾਹਰੇ ਨੂੰ ਸਾਥ ਹੋਰ ਕਈ ਪਹਿਲਵਾਨਾਂ ਦਾ ਮਿਲਿਆ, ਜਿਨ੍ਹਾਂ ਵਿੱਚ ਓਲੰਪੀਅਨ ਬਜਰੰਗ ਪੂਨੀਆ ਅਤੇ ਸਾਕਸ਼ੀ ਮਲਿਕ ਸ਼ਾਮਲ ਸਨ। ਵਿਨੇਸ਼ ਦਾ ਇਲਜ਼ਾਮ ਸੀ ਕਿ ਭਾਰਤੀ ਕੁਸ਼ਤੀ ਮਹਾਸੰਘ ਦੇ ਪ੍ਰਧਾਨ ਬ੍ਰਿਜ ਭੂਸ਼ਣ ਸ਼ਰਨ ਸਿੰਘ ਨੇ ਘੱਟੋ-ਘੱਟ 10 ਮਹਿਲਾ ਪਹਿਲਵਾਨਾਂ ਦਾ ਜਿਨਸੀ ਸ਼ੋਸ਼ਣ ਕੀਤਾ ਤੇ ਇਨ੍ਹਾਂ ਪਹਿਲਵਾਨਾਂ ਨੇ ਉਨ੍ਹਾਂ ਨਾਲ (ਵਿਨੇਸ਼) ਇਹ ਗੱਲ ਸਾਂਝੀ ਕੀਤੀ। ਹਾਲਾਂਕਿ ਬ੍ਰਿਜ ਭੂਸ਼ਣ ਨੇ ਇਨ੍ਹਾਂ ਇਲਜ਼ਾਮਾਂ ਨੂੰ ਰੱਦ ਕੀਤਾ ਅਤੇ ਯੁਵਕ ਭਲਾਈ ਤੇ ਖੇਡ ਮੰਤਰਾਲੇ ਨੇ ਇਸ ਮਾਮਲੇ ਦੀ ਪੜਤਾਲ ਲਈ ਇੱਕ ਕਮੇਟੀ ਬਣਾ ਦਿੱਤੀ ਗਈ। ਇਸੇ ਦੌਰਾਨ ਕੁਝ ਲੋਕਾਂ ਨੇ ਇਸ ਨੂੰ ਭਾਰਤੀ ਖੇਡ ਵਿੱਚ 'ਮੀ ਟੂ' ਪਲ ਦੱਸਿਆ। ਹਾਲਾਂਕਿ ਕੁਝ ਲੋਕਾਂ ਨੇ ਪੁੱਛਿਆ ਕਿ ਵਿਨੇਸ਼ ਜਾਂ ਕੁਸ਼ਤੀ ਵਿੱਚ ਸ਼ਾਮਲ ਹੋਰ ਕੁੜੀਆਂ ਨੇ ਇਸ ਬਾਰੇ ਪਹਿਲਾਂ ਆਵਾਜ਼ ਕਿਉਂ ਨਹੀਂ ਚੁੱਕੀ? 'ਉਨ੍ਹਾਂ ਪਹਿਲਾਂ ਕਿਉਂ ਨਹੀਂ ਕੁਝ ਬੋਲਿਆ?' ਇਹ ਮੁੜ-ਮੁੜ ਆਉਂਦਾ ਇੱਕ ਸਵਾਲ ਹੈ, ਜੋ ਹਰ ਵਾਰ ਪੁੱਛਿਆ ਜਾਂਦਾ ਹੈ ਜਦੋਂ ਵੀ ਕਿਤੇ ਕੋਈ ਔਰਤ ਕਿਤੇ ਵੀ ਉਸ ਨਾਲ ਹੁੰਦੇ ਸ਼ੋਸ਼ਣ ਦੀ ਗੱਲ ਕਰਦੀ ਹੈ। ਮਨੋਵਿਗਿਆਨੀ ਅਤੇ ਕਾਰਕੁਨ ਹਮੇਸ਼ਾ ਇਸ ਗੱਲ ਉੱਤੇ ਜ਼ੋਰ ਦਿੰਦੇ ਹਨ ਕਿ ਸ਼ੋਸ਼ਣ ਬਾਰੇ ਗੱਲ ਕਰਨਾ ਕਦੇ ਵੀ ਸੌਖਾ ਨਹੀਂ ਹੁੰਦਾ, ਜਿੰਨਾਂ ਇਹ ਲਗਦਾ ਹੈ। ਪਰ ਮਾਹਰ ਇਹ ਮਹਿਸੂਸ ਕਰਦੇ ਹਨ ਕਿ ਭਾਰਤੀ ਖੇਡ ਸਿਸਟਮ ਵਿੱਚ ਖਿਡਾਰਨਾਂ ਲਈ ਬੋਲਣਾ ਹੋਰ ਵੀ ਮੁਸ਼ਕਲ ਬਣਾ ਸਕਦਾ ਹੈ।

**ਭਾਰਤੀ ਖੇਡਾਂ ਵਿੱਚ ਅਹੁਦਿਆਂ ਉੱਤੇ ਦਬਦਬਾ**

ਇਹ ਕੋਈ ਲੁਕਿਆ ਹੋਇਆ ਤੱਥ ਨਹੀਂ ਹੈ ਕਿ ਭਾਰਤ ਦੀਆਂ

ਬਹੁਤ ਹੀ ਘੱਟ ਸੀ। ਪੰਜ ਕੋਚਾਂ ਦੀ ਤਨਖ਼ਾਹ ਵਿੱਚ ਕਟੌਤੀ ਹੋਈ, ਇੱਕ ਨੂੰ ਸਸਪੈਂਡ ਕੀਤਾ ਗਿਆ ਅਤੇ ਦੋ ਦੇ ਇਕਰਾਰਨਾਮੇ ਖ਼ਤਮ ਕਰ ਦਿੱਤੇ ਗਏ। ਬਹੁਤ ਸਾਰੇ ਮਾਹਰ ਇਹ ਮਹਿਸੂਸ ਕਰਦੇ ਹਨ ਕਿ ਕੋਚਿੰਗ ਵਿੱਚ ਔਰਤਾਂ ਜਾਂ ਔਰਤਾਂ ਦਾ ਸਟਾਫ਼ ਪੂਰਾ ਵਾਤਾਵਰਣ ਔਰਤਾਂ ਲਈ ਜ਼ਿਆਦਾ ਸਹਿਜ ਬਣਾ ਸਕਦਾ ਹੈ। ਪਰ ਹਾਲ ਦੀ ਘੜੀ ਵਿਸ਼ੇਸ਼ ਮਹਿਲਾਂ ਕੋਚਾਂ ਦੀ ਕਮੀ ਹੈ। ਵਰਸ਼ਾ ਉਪਾਧਿਆਏ ਇੱਕ ਇੰਟਰਨੈਸ਼ਨਲ ਜੱਜ ਅਤੇ ਰਿਦੀਮਿਕ ਜਿਮਨਾਸਟਿਕ ਕੋਚ ਹਨ ਅਤੇ ਮੁੰਬਈ ਵਿੱਚ ਰਹਿੰਦੇ ਹਨ। ਉਹ ਵੀ ਇਸੇ ਬਾਰੇ ਹੀ ਗੱਲ ਕਰਦੇ ਹਨ।

ਉਸਦੀ ਖੇਡ ਵਿੱਚ, ਇੱਕ ਕੋਚ ਨੂੰ ਸਿਖਲਾਈ ਦੌਰਾਨ ਖਿਡਾਰੀਆਂ ਨੂੰ ਉਨ੍ਹਾਂ ਦੇ ਆਸਣ ਨੂੰ ਵਧੀਆ ਬਣਾਉਣ ਲਈ ਛੂਹਣ ਦੀ ਲੋੜ ਹੋ ਸਕਦੀ ਹੈ, ਇਸ ਲਈ ਖਿਡਾਰੀ ਅਤੇ ਕੋਚ ਵਿਚਕਾਰ ਵਿਸ਼ਵਾਸ ਦਾ ਰਿਸ਼ਤਾ ਸਭ ਤੋਂ ਮਹੱਤਵਪੂਰਨ ਹੈ। ਵਰਸ਼ਾ ਕਹਿੰਦੇ ਹਨ, "ਇੱਕ ਸਾਧਾਰਨ ਨਿਯਮ ਹੈ ਕਿ ਜੇ ਤੁਹਾਡੇ ਕੋਲ ਮਰਦ ਕੋਚ ਹਨ ਤਾਂ ਇੱਕ ਮਹਿਲਾ ਸਹਾਇਕ ਦੀ ਮੌਜੂਦਗੀ ਹੋਣੀ ਚਾਹੀਦੀ ਹੈ। ਪਰ ਬਹੁਤੀ ਵਾਰ ਇਸ ਨਿਯਮ ਦੇ ਹਿਸਾਬ ਨਾਲ ਨਹੀਂ ਚੱਲਿਆ ਜਾਂਦਾ।" "ਕੋਚਾਂ ਨੂੰ ਇਹ ਗੱਲ ਸਮਝਣੀ ਚਾਹੀਦੀ ਹੈ ਕਿ ਸਮਾਂ ਬਦਲ ਗਿਆ ਹੈ ਅਤੇ ਸਾਡੇ ਕੋਲ ਹੁਣ 'ਵਿਆਮਸ਼ਾਲਾ' ਸੱਭਿਆਚਾਰ ਨਹੀਂ ਹੈ ਕਿ ਜਿੱਥੇ ਜੋ ਕੋਚ ਕਹਿੰਦਾ ਸੀ ਉਸੇ ਗੱਲ ਉੱਤੇ ਮੋਹਰ ਲੱਗ ਜਾਂਦੀ ਸੀ।"


**ਅੰਦਰੂਨੀ ਸ਼ਿਕਾਇਤ ਕਮੇਟੀਆਂ ਤੱਕ ਪਹੁੰਚ ਨਹੀਂ**

ਜੇ ਕੋਈ ਖਿਡਾਰਨ ਹੌਂਸਲਾ ਕਰ ਕੇ ਉਸ ਨਾਲ ਹੋਏ ਜਿਨਸੀ ਸ਼ੋਸ਼ਣ ਬਾਰੇ ਗੱਲ ਕਰਨ ਦਾ ਫ਼ੈਸਲਾ ਕਰਦੀ ਹੈ ਤਾਂ ਉਹ ਸ਼ਿਕਾਇਤ ਕਰਨ ਲਈ ਕਿੱਥੇ ਜਾਵੇ? ਇਸ ਲਈ ਰਾਹ ਬਹੁਤ ਸੀਮਤ ਹਨ ਅਤੇ ਕਈ ਵਾਰ ਤਾਂ ਮੌਜੂਦ ਨਹੀਂ ਹੁੰਦੇ। ਨੈਸ਼ਨਲ ਸਪੋਰਟਸ ਡਿਵਲੇਪਮੈਂਟ ਕੋਡ ਆਫ਼ ਇੰਡੀਆ 2011

ਜਾਣ 'ਤੇ ਐਡਿਲ ਕਹਿੰਦੇ ਹਨ, "ਹਾਂ ਅਜਿਹਾ ਹੁੰਦਾ ਹੈ, ਬੇਸ਼ੱਕ ਅਜਿਹਾ ਨਹੀਂ ਹੋਣਾ ਚਾਹੀਦਾ, ਬਿਲਕੁਲ ਸਾਨੂੰ ਇਹ ਯਕੀਨੀ ਬਣਾਉਣ ਲਈ ਕਦਮ ਚੁੱਕਣ ਦੀ ਲੋੜ ਹੈ ਕਿ ਨਿਰਪੱਖ ਜਾਂਚ ਹੋਵੇ ਅਤੇ ਸਾਰੇ ਹਿੱਸੇਦਾਰ ਸੁਰੱਖਿਅਤ ਹੋਣ।" ਅਥਲੈਟਿਕਸ ਫੈਡਰੇਸ਼ਨ ਆਫ ਇੰਡੀਆ ਨੇ ਸਾਹਸ ਕਮੇਟੀ (ਸੇਫ਼ਗਾਰਡਿੰਗ ਐਥਲੀਟਸ ਫਰੋਮ ਹੈਰੇਸਮੈਂਟ ਐਂਡ ਅਬਿਊਸ ਇਨ ਸਪੋਰਟਸ) ਬਣਾਈ ਹੈ ਅਤੇ ਇਸ ਦੀ ਮੁਖੀ ਸਾਬਕਾ ਅਥਲੀਟ ਅੰਜੂ ਬੌਬੀ ਜੌਰਜ ਹਨ। ਕਾਨੂੰਨ ਦੀਆਂ ਲੋੜਾਂ ਦੇ ਹਿਸਾਬ ਨਾਲ ਇਸ ਦੇ ਮੈਂਬਰਾਂ ਵਿੱਚ 50 ਫੀਸਦੀ ਤੋਂ ਵੱਧ ਔਰਤਾਂ ਹੋਣੀਆਂ ਚਾਹੀਦੀਆਂ ਹਨ।



ਐਡਿਲ ਕਹਿੰਦੇ ਹਨ, "ਮੈਂ ਇਸਨੂੰ ਸੁਰੱਖਿਆ ਨੀਤੀ ਕਹਿੰਦਾ ਹਾਂ, ਕਿਉਂਕਿ ਇਹ ਹਰ ਕਿਸੇ ਨੂੰ ਕਵਰ ਕਰਦੀ ਹੈ, ਹਾਲਾਂਕਿ ਔਰਤਾਂ ਅਤੇ ਬੱਚੇ ਸਾਡੀ ਤਰਜੀਹ ਹਨ। ਸਾਡੇ ਕੋਲ ਇਸ ਨੀਤੀ ਵਿੱਚ ਇੱਕ ਧਾਰਾ ਵੀ ਹੈ ਜਿੱਥੇ ਜੇਕਰ ਇਹ ਪਾਇਆ ਜਾਂਦਾ ਹੈ ਕਿ ਗਲਤ ਇਰਾਦੇ ਨਾਲ ਝੂਠਾ ਇਲਜ਼ਾਮ ਲਗਾਇਆ ਗਿਆ ਸੀ, ਤਾਂ ਉਸ ਸ਼ਖ਼ਸ ਵਿਰੁੱਧ ਕਾਰਵਾਈ ਕੀਤੀ ਜਾ ਸਕਦੀ ਹੈ। ਐਡਿਲ ਨੇ ਖੇਡ ਪ੍ਰਸ਼ਾਸਨ ਵਿੱਚ ਹੋਰ ਔਰਤਾਂ ਨੂੰ ਲਿਆਉਣ ਦੀ ਲੋੜ 'ਤੇ ਵੀ ਜ਼ੋਰ ਦਿੱਤਾ, ਸਿਰਫ਼ ਕੋਚਾਂ ਵ ਜ



**ਇੱਕ ਸਾਬਕਾ ਓਲੰਪੀਅਨ ਨਿਸ਼ਾਨੇਬਾਜ਼ ਨੇ ਦੱਸਿਆ ਕਿ ਖੇਡਾਂ ਅਲੱਗ-ਥਲੱਗ ਹੋ ਰਹੀਆਂ ਹਨ ਅਤੇ ਖਿਡਾਰੀ ਅਕਸਰ ਬਹੁਤ ਜ਼ਿਆਦਾ ਕੇਂਦ੍ਰਿਤ ਤੇ ਮੁਕਾਬਲੇ ਵਾਲੀ ਜ਼ਿੰਦਗੀ ਜੀਉਂਦੇ ਹਨ। ਇਸ ਲਈ ਤੁਹਾਨੂੰ ਆਪਣਾ ਸੁਰੱਖਿਆ ਜਾਲ ਬਣਾਉਣ ਦੀ ਲੋੜ ਹੈ।**

ਨਹੀਂ। ਉਹ ਕਹਿੰਦੇ ਹਨ, "ਪ੍ਰਸ਼ਾਸਕਾਂ ਲਈ ਭਰੋਸੇ ਦਾ ਮਾਹੌਲ ਬਣਾਉਣਾ ਮਹੱਤਵਪੂਰਨ ਹੈ, ਕਿਉਂਕਿ ਫੈਡਰੇਸ਼ਨ ਨਾਲ ਖਿਡਾਰੀਆਂ ਦਾ ਰਿਸ਼ਤਾ ਸਭ ਤੋਂ ਵੱਧ ਮਾਅਨੇ ਰੱਖਦਾ ਹੈ।"

ਜਦੋਂ ਮੈਂ ਵਿਨੇਸ਼ ਫੋਗਾਟ, ਸਾਕਸ਼ੀ ਮਲਿਕ ਅਤੇ ਬਜਰੰਗ ਪੂਨੀਆ ਨੂੰ ਮੀਡੀਆ ਨਾਲ ਗੱਲ ਕਰਦੇ ਸੁਣਿਆ ਤਾਂ ਮੇਰਾ ਧਿਆਨ ਉੱਥੇ ਹੀ ਗਿਆ।"

ਪਾਓਸ਼ਨੀ ਨੇ ਐੱਨਡੀਟੀਵੀ ਨੂੰ ਦੱਸਿਆ, "ਖੇਡਾਂ ਵਿੱਚ ਇਹ ਦਰਜਾਬੰਦੀ ਹੈ ਜਿਸ ਨੂੰ ਸੰਬੋਧਿਤ ਕਰਨ ਦੀ ਸਾਨੂੰ ਲੋੜ ਹੈ ਅਤੇ ਸਾਨੂੰ ਇਹ ਸਮਝਣ ਦੀ ਲੋੜ ਹੈ ਕਿ ਇਹ ਦਰਜਾਬੰਦੀ ਸ਼ਕਤੀ ਦੀ ਦੁਰਵਰਤੋਂ ਕਰ ਸਕਦੀ ਹੈ। ਚੋਟੀ ਦੇ ਐਥਲੀਟਾਂ ਲਈ ਬਾਹਰ ਆਉਣਾ ਅਤੇ ਬੋਲਣਾ ਬਹੁਤ ਵੱਡੀ ਗੱਲ ਹੈ।" ਖਿਡਾਰਨਾਂ ਨੂੰ ਇੱਕ ਮਜ਼ਬੂਤ ਪ੍ਰਤੀਕ ਵਜੋਂ ਦੇਖਿਆ ਜਾਂਦਾ ਹੈ, ਪਰ ਸਾਨੂੰ ਇਹ ਵੀ ਸਮਝਣਾ ਚਾਹੀਦਾ ਹੈ ਕਿ ਉਹ ਵੀ ਇਨਸਾਨ ਹਨ। 2018 ਵਿੱਚ ਯੂਐੱਸ ਜਿਮਨਾਸਟਿਕ ਟੀਮ ਦੇ ਸਾਬਕਾ ਡਾਕਟਰ ਲੈਰੀ ਨਾਸਰ ਨੂੰ 150 ਤੋਂ ਵੱਧ ਜਿਮਨਾਸਟਾਂ ਨੇ ਉਨ੍ਹਾਂ ਵਿਰੁੱਧ ਗਵਾਹੀ ਦੇਣ ਤੋਂ ਬਾਅਦ 175 ਸਾਲ ਤੱਕ ਦੀ ਕੈਦ ਦੀ ਸਜ਼ਾ ਸੁਣਾਈ ਸੀ। ਨਾਸਰ ਦੇ ਮੁਕੱਦਮੇ ਨੇ ਇੱਕ ਵਾਰ ਫਿਰ ਇਹ ਯਾਦ ਦਿਵਾਇਆ ਕਿ ਯੂਐੱਸਏ ਵਿੱਚ ਇੱਕ ਪੂਰੇ ਪੇਸ਼ੇਵਰ ਸੈੱਟਅੱਪ ਵਿੱਚ ਦੁਰਵਿਵਹਾਰ ਹੋ ਸਕਦਾ ਹੈ ਅਤੇ ਖਿਡਾਰੀਆਂ ਨੂੰ ਉਨ੍ਹਾਂ ਲੋਕਾਂ ਦੇ ਹੱਥੋਂ ਦੁਰਵਿਵਹਾਰ ਦਾ ਸਾਹਮਣਾ ਕਰਨਾ ਪੈ ਸਕਦਾ ਹੈ ਜੋ ਉਨ੍ਹਾਂ ਨੂੰ ਸਲਾਹ ਦਿੰਦੇ ਹਨ ਜਾਂ ਸਿਖਲਾਈ ਦਿੰਦੇ ਹਨ। ਓਲੰਪਿਕ ਤਮਗਾ ਜੇਤੂ ਅਤੇ ਸਟਾਰ ਯੂਐੱਸ ਜਿਮਨਾਸਟ ਸਿਮੋਨ ਬਾਈਲਸ ਨੇ ਉਨ੍ਹਾਂ ਦਬਾਅ ਦਾ ਜ਼ਿਕਰ ਕੀਤਾ ਜਿਨ੍ਹਾਂ ਨੇ ਉਨ੍ਹਾਂ ਨੂੰ ਪਹਿਲਾਂ ਗੱਲ ਕਰਨ ਤੋਂ ਰੋਕਿਆ।

ਐਨਬੀਸੀ 'ਤੇ ਦਿ ਟੂਡੇ ਸ਼ੋਅ ਨੂੰ ਦਿੱਤੇ ਇੱਕ ਇੰਟਰਵਿਊ ਵਿਚ ਸਿਮੋਨ ਨੇ ਕਿਹਾ, "ਮੈਨੂੰ ਲਗਦਾ ਹੈ ਕਿ ਅਸੀਂ ਚੀਜ਼ਾਂ ਨੂੰ ਵੰਡਣ ਵਿੱਚ ਬਹੁਤ ਚੰਗੇ ਹਾਂ ਅਤੇ ਇਸ ਲਈ ਅਸੀਂ ਇਸ ਨੂੰ ਪਰੇ ਕਰ ਦਿੰਦੇ ਹਾਂ ਕਿਉਂਕਿ ਅਸੀਂ ਨਹੀਂ ਚਾਹੁੰਦੇ ਕਿ ਕੋਈ ਇਸ ਬਾਰੇ ਸੋਚੇ, ਜਾਂ ਅਸੀਂ ਨਹੀਂ ਚਾਹੁੰਦੇ ਕਿ ਅਸੀਂ ਇਸ ਬਾਰੇ ਸੋਚੀਏ।" ਪ੍ਰਦਰਸ਼ਨ ਕਰਨ ਦਾ ਲਗਾਤਾਰ ਦਬਾਅ ਖਿਡਾਰਨਾਂ ਲਈ ਦੁਰਵਿਵਹਾਰ ਬਾਰੇ ਬੋਲਣਾ ਮੁਸ਼ਕਲ ਬਣਾ ਸਕਦਾ ਹੈ। ਕਿੰਨਾ ਦਬਾਅ ਹੈ? ਇਸ ਬਾਰੇ ਵਰਸ਼ਾ ਦੱਸਦੇ ਹਨ, "ਬਹੁਤ ਸਾਰੀਆਂ ਕੁੜੀਆਂ ਗਰੀਬ ਜਾਂ ਮੱਧ ਵਰਗ ਪਿਛੋਕੜ ਤੋਂ ਆਉਂਦੀਆਂ ਹਨ। ਖੇਡਾਂ ਉਨ੍ਹਾਂ ਨੂੰ ਗਰੀਬੀ ਤੋਂ ਬਾਹਰ ਕੱਢਣ ਦਾ ਇੱਕ ਤਰੀਕਾ ਹੈ, ਇਹ ਨੌਕਰੀ ਦਿੰਦਾ ਹੈ ਅਤੇ ਕੋਈ ਵੀ ਇਸ ਤਰ੍ਹਾਂ ਆਪਣੀ ਜ਼ਿੰਦਗੀ ਨੂੰ ਖ਼ਤਰੇ ਵਿੱਚ ਪਾਉਣ ਲਈ ਕੁਝ ਨਹੀਂ ਕਰਨਾ ਚਾਹੁੰਦਾ। ਇਸ ਲਈ ਉਹ ਸ਼ਿਕਾਇਤ ਨਹੀਂ ਕਰਦੇ।"

ਵਰਸ਼ਾ ਕਹਿੰਦੇ ਹਨ, "ਦਬਾਅ ਜ਼ਿਲ੍ਹਾ ਪੱਧਰ ਤੋਂ ਸ਼ੁਰੂ ਹੁੰਦਾ ਹੈ। ਮਾਤਾ-ਪਿਤਾ ਵੀ ਵਧੇਰੇ ਉਤਸ਼ਾਹੀ ਹੋ ਗਏ ਹਨ ਅਤੇ ਉਹ ਜ਼ੋਰ ਦਿੰਦੇ ਹਨ ਕਿ ਮੇਰੀ ਧੀ ਨੇ ਇਹ ਜਿੱਤਣਾ ਹੈ। ਇਸ ਲਈ ਕਈ ਵਾਰ ਉਹ ਵੀ ਚੀਜ਼ਾਂ ਨੂੰ ਨਜ਼ਰਅੰਦਾਜ਼ ਕਰ ਦਿੰਦੇ ਹਨ। ਮਾਪਿਆਂ ਨੂੰ ਇਹ ਵੀ ਪਤਾ ਹੋਣਾ ਚਾਹੀਦਾ ਹੈ ਕਿ ਲਾਈਨ ਕਿੱਥੇ ਪਾਰ ਨਹੀਂ ਕੀਤੀ ਜਾ ਸਕਦੀ। ਕੋਚ ਅਤੇ ਖਿਡਾਰੀ ਇੱਕ ਪੇਸ਼ੇਵਰ ਸਾਂਝੇਦਾਰੀ ਹੈ ਅਤੇ ਇਸ ਪੇਸ਼ੇਵਰਤਾ ਨੂੰ ਬਰਕਰਾਰ ਰੱਖਣਾ ਚਾਹੀਦਾ ਹੈ।"

ਵਰਸ਼ਾ ਨੂੰ ਉਮੀਦ ਹੈ ਕਿ ਜਦੋਂ ਤੋਂ ਖਿਡਾਰੀ ਬੋਲ ਰਹੇ ਹਨ ਇਸ ਨੇ ਸਾਰੇ ਮੁੱਖ ਮੁੱਦਿਆਂ ਵੱਲ ਧਿਆਨ ਖਿੱਚਿਆ ਹੈ ਅਤੇ ਉਨ੍ਹਾਂ ਨੂੰ ਉਮੀਦ ਹੈ ਕਿ ਕੁਝ ਬਿਹਤਰ ਹੋਵੇਗਾ। ਪਰ ਫਿਲਹਾਲ ਖਿਡਾਰੀ ਨਤੀਜਿਆਂ ਤੋਂ ਸੁਚੇਤ ਹਨ। ਦਿੱਲੀ ਵਿੱਚ ਧਰਨੇ ਦੌਰਾਨ ਵਿਨੇਸ਼ ਨੇ ਆਪਣੀਆਂ ਚਿੰਤਾਵਾਂ ਜ਼ਾਹਰ ਕੀਤੀਆਂ, "ਜਦੋਂ ਤੋਂ ਮੈਂ ਪ੍ਰਧਾਨ ਮੰਤਰੀ ਨੂੰ ਪਰੇਸ਼ਾਨੀ ਦੀ ਸ਼ਿਕਾਇਤ ਕੀਤੀ ਹੈ, ਮੈਨੂੰ ਜਾਨੋਂ ਮਾਰਨ ਦੀਆਂ ਧਮਕੀਆਂ ਦਿੱਤੀਆਂ ਜਾ ਰਹੀਆਂ ਹਨ। ਮੈਂ ਅੱਜ ਖੁੱਲ੍ਹ ਕੇ ਕਿਹਾ ਹੈ, ਮੈਨੂੰ ਨਹੀਂ ਪਤਾ ਕਿ ਮੈਂ ਕੱਲ੍ਹ ਜ਼ਿੰਦਾ ਹੋਵਾਂਗਾ ਜਾਂ ਨਹੀਂ।"

ਬਹੁਤੀਆਂ ਖੇਡ ਫੈਡਰੇਸ਼ਨਾਂ ਦੇ ਮੁਖੀ ਉਹ ਮਰਦ ਹਨ ਜਿਨ੍ਹਾਂ ਦਾ ਜਾਂ ਤਾਂ ਕੋਈ ਸਿਆਸੀ ਕੁਨੈਕਸ਼ਨ ਹੈ ਜਾਂ ਉਹ ਅਫ਼ਸਰਸ਼ਾਹੀ ਤੋਂ ਆਉਂਦੇ ਹਨ ਜਾਂ ਫ਼ਿਰ ਉਹ ਅਮੀਰ ਕਾਰੋਬਾਰੀ ਹਨ। ਖੇਡਾਂ ਨਾਲ ਜੁੜੀਆਂ ਸੰਸਥਾਵਾਂ ਵਿੱਚ ਨਾ ਸਿਰਫ਼ ਕੌਮੀ ਪੱਧਰ ਉੱਤੇ ਸਗੋਂ ਸਥਾਨਕ ਪੱਧਰ ਉੱਤੇ ਵੀ ਦਬਦਬਾ ਰੱਖਣ ਵਾਲੇ ਮਰਦ ਹੀ ਉੱਚ ਅਹੁਦਿਆਂ ਉੱਤੇ ਹਨ। ਇੱਕ ਵੇਟਲਿਫ਼ਟਰ ਨੇ ਆਪਣਾ ਨਾਮ ਨਾ ਦੱਸਣ ਦੀ ਸ਼ਰਤ ਉੱਤੇ ਦੱਸਿਆ, "ਹਰ ਕੋਈ ਇਹ ਮਹਿਸੂਸ ਕਰਦਾ ਹੈ ਕਿ ਕੋਈ ਵੀ ਕਾਰਵਾਈ ਨਹੀਂ ਕਰੇਗਾ ਜਦੋਂ ਮੁਲਜ਼ਮ ਹੀ ਸ਼ਕਤੀਸ਼ਾਲੀ ਹੋਵੇਗਾ।" ਇਸ ਮਹਿਲਾ ਵੇਟਲਿਫ਼ਟਰ ਨੇ ਅੱਗੇ ਕਿਹਾ, "ਇਹ ਇੱਕ ਤੱਥ ਹੈ ਕਿ ਅਜਿਹੇ ਸ਼ਕਤੀਸ਼ਾਲੀ ਲੋਕ ਬੁਨਿਆਦੀ ਢਾਂਚਾ ਬਣਾਉਣ ਅਤੇ ਖੇਡ ਲਈ 'ਸਿਸਟਮ' ਨੂੰ ਕੰਮ ਕਰਨ ਵਿੱਚ ਮਦਦ ਕਰ ਸਕਦੇ ਹਨ। ਪਰ ਇਨ੍ਹਾਂ ਵਿੱਚੋਂ ਕੁਝ ਅਜਿਹਾ ਮਹਿਸੂਸ ਕਰਦੇ ਹਨ ਜਿਵੇਂ ਉਹ ਐਸੋਸੀਏਸ਼ਨ ਦੇ ਮਾਲਕ ਹਨ ਅਤੇ ਵਿਵਹਾਰ ਕਰਦੇ ਹਨ ਜਿਵੇਂ ਕਿ ਉਹ ਖਿਡਾਰੀਆਂ ਦੇ ਮਾਲਕ ਹਨ। ਅਜਿਹੇ ਬੰਦਿਆਂ ਨੂੰ ਸੰਭਾਲਣਾ ਕਦੇ ਵੀ ਸੌਖਾ ਨਹੀਂ ਹੁੰਦਾ।"

**ਇਸ ਦੇ ਨਤੀਜੇ ਬਹੁਤ ਜ਼ਿਆਦਾ ਹੋ ਸਕਦੇ ਹਨ –** ਟੀਮ ਤੋਂ ਬਾਹਰ ਕੀਤੇ ਜਾਣ ਕਾਰਨ ਖਿਡਾਰੀ ਦੇ ਕਰੀਅਰ ਨੂੰ ਮਾਨਸਿਕ ਸਦਮੇ ਤੱਕ ਨੁਕਸਾਨ ਪਹੁੰਚਾ ਸਕਦਾ ਹੈ। ਸਾਡੇ ਨਾਲ ਗੱਲ ਕਰਨ ਵਾਲੀ ਇਸ ਵੇਟਲਿਫਟਰ ਨੇ ਪੂਰੀ ਤਰ੍ਹਾਂ ਖੇਡ ਛੱਡਣ ਦਾ ਫੈਸਲਾ ਕੀਤਾ। ਇਹ ਦਬਦਬਾ ਕੋਚ ਜਾਂ ਮੈਂਟਰ ਅਤੇ ਖਿਡਾਰੀ ਦੇ ਨਾਲ ਸਬੰਧ ਤੱਕ ਵੀ ਜਾਂਦਾ ਹੈ। ਇਕ ਅਖਬਾਰ ਵੱਲੋਂ ਇਕੱਠੇ ਕੀਤੇ ਗਏ ਅੰਕੜਿਆਂ ਮੁਤਾਬਕ '2010 ਤੋਂ 2020 ਤੱਕ ਭਾਰਤੀ ਸਪੋਰਟਸ ਅਥਾਰਿਟੀ ਕੋਲ 45 ਸ਼ਿਕਾਇਤਾਂ ਜਿਨਸੀ ਸ਼ੋਸ਼ਣ ਵਾਲੀਆਂ ਸਨ ਅਤੇ ਇਨ੍ਹਾਂ ਵਿੱਚੋਂ 29 ਸ਼ਿਕਾਇਤਾਂ ਕੋਚਾਂ ਖ਼ਿਲਾਫ਼ ਸਨ।' ਹਾਲਾਂਕਿ ਕੋਚਾਂ ਖ਼ਿਲਾਫ਼ ਕਾਰਵਾਈ ਦਾ ਪੱਧਰ

ਦੇ ਮੁਤਾਬਕ, 'ਔਰਤਾਂ ਲਈ ਖੇਡਾਂ ਵਿੱਚ ਸੁਰੱਖਿਅਤ ਵਾਤਾਵਰਣ ਯਕੀਨੀ ਬਣਾਉਣਾ ਖੇਡਾਂ ਦੀਆਂ ਫੈਡਰੇਸ਼ਨਾਂ ਅਤੇ ਹੋਰ ਖੇਡਾਂ ਦੀਆਂ ਸੰਸਥਾਵਾਂ ਦੀ ਜ਼ਿੰਮੇਵਾਰੀ ਹੈ।' ਇਨ੍ਹਾਂ ਅਦਾਰਿਆਂ ਲਈ ਸ਼ਿਕਾਇਤ ਦਾ ਸਿਸਟਮ ਸਥਾਪਤ ਕਰਨਾ ਲਾਜ਼ਮੀ ਹੈ, ਜਿਵੇਂ ਕਿ ਇੰਟਰਨਲ ਕੰਪਲੇਂਟਸ ਕਮੇਟੀ। ਇਸ ਕਮੇਟੀ ਦੀ ਮੁਖੀ ਇੱਕ ਔਰਤ ਹੋਣੀ ਚਾਹੀਦੀ ਹੈ, ਇਸ ਤੋਂ ਇਲਾਵਾ ਇਸ ਵਿੱਚ ਕਿਸੇ ਔਰਤਾਂ ਦੇ ਹੱਕਾਂ ਲਈ ਕੰਮ ਕਰਨ ਵਾਲੀ ਕਿਸੇ ਗੈਰ-ਸਰਕਾਰੀ ਸੰਸਥਾਂ 'ਤੋਂ ਇੱਕ ਮੈਂਬਰ ਵੀ ਹੋਵੇ, ਇਹੀ ਨਹੀਂ ਇਸ ਤੋਂ ਇਲਾਵਾ ਇਸ ਵਿੱਚ ਇਸ ਦੇ ਕੁੱਲ ਮੈਂਬਰਾਂ ਦਾ 50 ਫੀਸਦੀ ਔਰਤਾਂ ਦਾ ਹੋਣਾ ਚਾਹੀਦਾ ਹੈ। ਹਾਲਾਂਕਿ ਜ਼ਿਆਦਾਤਰ ਫੈਡਰੇਸ਼ਨਾਂ ਨੇ ਇਨ੍ਹਾਂ ਕਮੇਟੀਆਂ ਨੂੰ ਜਗ੍ਹਾ ਨਹੀਂ ਦਿੱਤੀ ਹੈ ਅਤੇ ਮੁੱਠੀ ਭਰ ਨੂੰ ਛੱਡ ਕੇ, ਉਨ੍ਹਾਂ ਨੇ ਆਪਣੀਆਂ ਵੈਬਸਾਈਟਾਂ 'ਤੇ ਵੇਰਵੇ ਨਹੀਂ ਪਾਏ ਹਨ, ਜਿੱਥੇ ਇਹ ਕਿਸੇ ਵੀ ਅਥਲੀਟ ਜਾਂ ਮਹਿਲਾ ਕੋਚਾਂ ਲਈ ਉਪਲਬਧ ਹਨ। ਸਾਰੀਆਂ ਕਮੇਟੀਆਂ ਨਿਯਮਾਂ ਦੀ ਪਾਲਣਾ ਵੀ ਨਹੀਂ ਕਰਦੀਆਂ। ਭਾਰਤੀ ਕੁਸ਼ਤੀ ਮਹਾਸੰਘ ਕੋਲ ਸਿਰਫ਼ ਇੱਕ ਹੀ ਮਹਿਲਾ ਮੈਂਬਰ ਹੈ।

ਇੱਕ ਸ਼ੂਟਿੰਗ ਕੋਚ ਨੇ ਇਸ ਬਾਰੇ ਗੱਲਬਾਤ ਕੀਤੀ। ਉਨ੍ਹਾਂ ਕਿਹਾ, "ਇਹ ਲਾਜ਼ਮੀ ਹੈ ਪਰ ਭਾਰਤ ਵਿੱਚ ਹੋਰ ਚੀਜ਼ਾਂ ਵਾਂਗ ਇਹ ਹੋ ਨਹੀਂ ਰਿਹਾ। ਪਰ ਹੁਣ ਮੈਨੂੰ ਲਗਦਾ ਹੈ ਕਿ ਸੰਸਥਾਵਾਂ ਇਸ ਬਾਰੇ ਜਾਗਰੁਕ ਹੋ ਰਹੀਆਂ ਹਨ।" ਇਸ ਮਹਿਲਾ ਸ਼ੂਟਿੰਗ ਕੋਚ ਦਾ ਮੰਨਣਾ ਹੈ ਕਿ ਇਹ ਜਾਗਰੁਕਤਾ ਖੇਡਾਂ ਤੋਂ ਬਾਹਰ ਵੀ ਇੱਕ ਸਕਾਰਤਮਕ ਪ੍ਰਭਾਵ ਛੱਡ ਸਕਦੀ ਹੈ। ਇੱਕ ਸਾਬਕਾ ਅਰਜੁਨ-ਐਵਾਰਡ ਜੇਤੂ ਅਥਲੀਟ, ਓਲੰਪੀਅਨ ਅਤੇ ਹੁਣ ਅਥਲੈਟਿਕਸ ਫੈਡਰੇਸ਼ਨ ਆਫ ਇੰਡੀਆ ਦੇ ਪ੍ਰਧਾਨ ਹੋਣ ਦੇ ਨਾਤੇ, ਐਡਿਲ ਸੁਮਰਾਈਵਾਲਾ ਖੇਡਾਂ ਵਿੱਚ ਗਤੀਸ਼ੀਲਤਾ ਨੂੰ ਚੰਗੀ ਤਰ੍ਹਾਂ ਜਾਣਦੇ ਹਨ। ਜਿਨਸੀ ਸ਼ੋਸ਼ਣ ਦੀਆਂ ਘਟਨਾਵਾਂ ਬਾਰੇ ਪੁੱਛੇ

**ਹਮਲਾਵਰ ਸੱਭਿਆਚਾਰ**

ਇੱਕ ਸਾਬਕਾ ਓਲੰਪੀਅਨ ਨਿਸ਼ਾਨੇਬਾਜ਼ ਨੇ ਦੱਸਿਆ ਕਿ ਖੇਡਾਂ ਅਲੱਗ-ਥਲੱਗ ਹੋ ਰਹੀਆਂ ਹਨ ਅਤੇ ਖਿਡਾਰੀ ਅਕਸਰ ਬਹੁਤ ਜ਼ਿਆਦਾ ਕੇਂਦ੍ਰਿਤ ਤੇ ਮੁਕਾਬਲੇ ਵਾਲੀ ਜ਼ਿੰਦਗੀ ਜੀਉਂਦੇ ਹਨ। ਇਸ ਲਈ ਤੁਹਾਨੂੰ ਆਪਣਾ ਸੁਰੱਖਿਆ ਜਾਲ ਬਣਾਉਣ ਦੀ ਲੋੜ ਹੈ। ਉਨ੍ਹਾਂ ਕਿਹਾ, "ਮੈਂ ਸ਼ੂਟਿੰਗ ਦੇ ਅਖਾੜੇ ਵਿੱਚ ਹਮੇਸ਼ਾ ਆਪਣੇ ਦੋਸਤਾਂ ਦੇ ਬਹੁਤ ਨੇੜੇ ਹਾਂ। ਅਸੀਂ ਮੁਕਾਬਲੇਬਾਜ਼ ਸੀ ਪਰ ਅਸੀਂ ਇੱਕ ਦੂਜੇ ਲਈ ਉੱਥੇ ਸੀ। ਜੇ ਮੈਂ ਮਹਿਸੂਸ ਕੀਤਾ ਕਿ ਕੋਈ ਚੀਜ਼ ਮੈਨੂੰ ਅਸਹਿਜ ਕਰ ਰਹੀ ਹੈ ਤਾਂ ਮੈਂ ਹਮੇਸ਼ਾ ਇਸ ਬਾਰੇ ਗੱਲ ਕਰਾਂਗੀ। ਇਹ ਮੈਨੂੰ ਬੋਲਣ ਦੇ ਮਾਮਲੇ ਵਿੱਚ ਮਜ਼ਬੂਤ ਮਹਿਸੂਸ ਕਰਵਾਏਗਾ।" ਉਹ ਨੈੱਟਵਰਕਿੰਗ ਘੱਟ ਗਈ ਹੈ ਕਿਉਂਕਿ ਮੁਕਾਬਲਾ ਵੱਧ ਗਿਆ ਹੈ।

ਉਹ ਮਹਿਸੂਸ ਕਰਦੇ ਹਨ, "ਔਰਤਾਂ ਨੂੰ ਦੋਸਤੀ ਅਤੇ ਭੈਣ ਵਾਲੇ ਅਹਿਸਾਸ ਦੀ ਲੋੜ ਹੈ। ਜਦੋਂ ਤੁਸੀਂ ਇਕੱਠੇ ਗੱਲ ਕਰਦੇ ਹੋ ਅਤੇ ਇਸ ਨੂੰ ਆਵਾਜ਼ ਦਿੰਦੇ ਹੋ ਤਾਂ ਸੰਭਾਵਨਾ ਹੁੰਦੀ ਹੈ ਕਿ ਕੁਝ ਕਾਰਵਾਈ ਕੀਤੀ ਜਾ ਸਕਦੀ ਹੈ।" ਖੇਡਾਂ ਵਿੱਚ ਸਾਰੀਆਂ ਔਰਤਾਂ ਦਾ ਉਨ੍ਹਾਂ ਦੇ ਆਲੇ-ਦੁਆਲੇ ਅਜਿਹਾ ਨੈੱਟਵਰਕ ਨਹੀਂ ਹੁੰਦਾ। ਫਿਰ ਹਮਲਾਵਰ ਜਾਂ ਗੁੱਸੇ ਦਾ ਮੁੱਦਾ ਹੈ ਜੋ ਖੇਡਾਂ ਦਾ ਹਿੱਸਾ ਹੈ।

ਪਰ ਹਮਲਾਵਰ ਸੱਭਿਆਚਾਰ 'ਤੇ ਬਹੁਤ ਜ਼ਿਆਦਾ ਫੋਕਸ ਕਈ ਵਾਰ ਧੱਕੇਸ਼ਾਹੀ ਦੇ ਸੱਭਿਆਚਾਰ ਨੂੰ ਆਮ ਬਣਾਉਂਦਾ ਹੈ ਜੋ ਅੰਤ ਵਿੱਚ ਜਿਨਸੀ ਸ਼ੋਸ਼ਣ ਦਾ ਕਾਰਨ ਬਣ ਸਕਦਾ ਹੈ। ਸਵਿੱਟਜ਼ਰਲੈਂਡ ਆਧਾਰਿਤ ਐਥਲੀਟ ਹੱਕਾਂ ਦੇ ਕਾਰਕੁਨ ਪਾਓਸ਼ਨੀ ਮਿਤਰਾ ਨੇ ਵੀ ਇਹ ਗੱਲਾਂ ਸਾਹਮਣੇ ਲਿਆਂਦੀਆਂ ਹਨ। ਉਹ ਕਹਿੰਦੇ ਹਨ, "ਸਿਰਫ ਜਿਨਸੀ ਪਰੇਸ਼ਾਨੀ ਹੀ ਨਹੀਂ, ਸਮੁੱਚਾ ਮਾਹੌਲ, ਸੱਤਾਧਾਰੀ ਲੋਕਾਂ ਦੇ ਦੁਰਵਿਵਹਾਰ ਨੂੰ ਕਿਸੇ ਤਰ੍ਹਾਂ ਆਮ ਬਣਾਇਆ ਗਿਆ ਹੈ।

# ਦੁਨੀਆਂ ਵਿਚ ਸਭ ਤੋਂ ਲੰਬੀ ਉਮਰ ਵਾਲੇ ਲੋਕ



ਲੁਸੀਲ ਰੈਂਡਨ ਨੇ ਜਨਵਰੀ ਵਿੱਚ ਆਖਰੀ ਸਾਹ ਲਿਆ। ਉਦੋਂ ਉਹ 118 ਸਾਲ ਦੇ ਸਨ ਅਤੇ ਉਨ੍ਹਾਂ ਦੇ ਨਾਂ ਦੁਨੀਆਂ ਦੇ ਸਭ ਤੋਂ ਬਜ਼ੁਰਗ ਵਿਅਕਤੀ ਦਾ ਰਿਕਾਰਡ ਸੀ। ਫ੍ਰੈਂਚ ਨਨ ਲੁਸੀਲ ਸਿਸਟਰ ਆਂਦਰੇ ਦੇ ਨਾਂ ਨਾਲ ਮਸ਼ਹੂਰ ਸੀ। ਉਨ੍ਹਾਂ ਨੇ ਦੋਵੇਂ ਵਿਸ਼ਵ ਯੁੱਧ ਦੇਖੇ ਸਨ। ਉਹ ਚੰਦਰਮਾ 'ਤੇ ਮਨੁੱਖ ਦੇ ਉਤਰਨ ਦੀ ਗਵਾਹ ਸੀ ਅਤੇ ਉਨ੍ਹਾਂ ਨੇ ਡਿਜੀਟਲ ਯੁੱਗ ਨੂੰ ਵੀ ਦੇਖਿਆ। ਉਨ੍ਹਾਂ ਦੀ ਕਹਾਣੀ ਇਸ ਤੱਥ ਦੇ ਮੱਦੇਨਜ਼ਰ ਵਿਲੱਖਣ ਜਾਪਦੀ ਹੈ ਕਿ ਉਹ ਉਸੇ ਦੁਨੀਆਂ ਦਾ ਹਿੱਸਾ ਸੀ ਜਿੱਥੇ ਮਨੁੱਖਾਂ ਦੀ ਔਸਤ ਉਮਰ 73.4 ਸਾਲ ਹੈ। ਹਾਲਾਂਕਿ ਹਰ ਬੀਤਦੇ ਦਿਨ ਦੇ ਨਾਲ ਲੋਕਾਂ ਦੀ ਜ਼ਿੰਦਗੀ ਲੰਬੀ ਹੁੰਦੀ ਜਾ ਰਹੀ ਹੈ। ਸੰਯੁਕਤ ਰਾਸ਼ਟਰ ਦਾ ਅਨੁਮਾਨ ਹੈ ਕਿ ਇਸ ਸਦੀ ਦੇ ਮੱਧ ਤੱਕ ਮਨੁੱਖਾਂ ਦੀ ਔਸਤ ਉਮਰ 77 ਸਾਲ ਤੱਕ ਵਧ ਸਕਦੀ ਹੈ। ਲੋਕਾਂ ਦੀ ਉਮਰ ਵਧ ਰਹੀ ਹੈ। ਜਨਮ ਦਰ ਘਟ ਰਹੀ ਹੈ। ਅਜਿਹੇ 'ਚ ਬਜ਼ੁਰਗਾਂ ਦੀ ਆਬਾਦੀ ਵਧ ਰਹੀ ਹੈ। ਦੁਨੀਆਂ ਵਿੱਚ ਹੁਣ ਪੰਜ ਸਾਲ ਤੋਂ ਘੱਟ ਉਮਰ ਦੇ ਜਿੰਨੇ ਬੱਚੇ ਹਨ ਉਨ੍ਹਾਂ ਨਾਲੋਂ ਕਿਤੇ ਜ਼ਿਆਦਾ 65 ਸਾਲ ਤੋਂ ਵੱਧ ਉਮਰ ਦੇ ਲੋਕਾਂ ਦੀ ਆਬਾਦੀ ਹੈ। ਹਾਲਾਂਕਿ, ਦੁਨੀਆਂ ਦੇ ਸਾਰੇ ਦੇਸ਼ਾਂ ਵਿੱਚ ਸਥਿਤੀ ਇੱਕੋ ਜਿਹੀ ਨਹੀਂ ਹੈ। ਮੋਨਾਕੋ ਵਿੱਚ ਜਿੱਥੇ ਮਨੁੱਖਾਂ ਦੀ ਔਸਤ ਉਮਰ 87 ਸਾਲ ਹੈ, ਉੱਥੇ ਹੀ ਅਫ਼ਰੀਕਾ ਦੇ ਇੱਕ ਗਰੀਬ ਦੇਸ਼ ਰਿਪਬਲਿਕ ਆਫ ਚਾਡ ਵਿੱਚ ਔਸਤ ਉਮਰ ਸਿਰਫ਼ 53 ਸਾਲ ਹੈ।

ਮੋਨਾਕੋ ਤੋਂ ਬਾਅਦ ਚੀਨ ਦੇ ਸ਼ਾਸਨ ਵਾਲੇ ਹਾਂਗਕਾਂਗ ਦਾ ਨੰਬਰ ਆਉਂਦਾ ਹੈ। ਤੀਜੇ ਨੰਬਰ 'ਤੇ ਮਕਾਊ ਅਤੇ ਚੌਥੇ ਨੰਬਰ 'ਤੇ ਜਾਪਾਨ ਹੈ। ਵਿਸ਼ਵ ਸ਼ਕਤੀਆਂ ਵਿੱਚੋਂ, ਜਾਪਾਨ ਵਿੱਚ ਇਨਸਾਨਾਂ ਦੀ ਔਸਤ ਉਮਰ ਸਭ ਤੋਂ ਜ਼ਿਆਦਾ ਹੈ। ਸੰਯੁਕਤ ਰਾਸ਼ਟਰ ਦੀ ਵਰਲਡ ਪਾਪੂਲੇਸ਼ਨ ਪ੍ਰਾਸਪੈਕਟ ਰਿਪੋਰਟ ਮੁਤਾਬਕ, ਉੱਚ ਔਸਤ ਉਮਰ ਨਾਲ ਸਬੰਧਤ ਸੂਚੀ ਵਿੱਚ ਬਾਕੀ ਦੇਸ਼ ਲੀਚਟਨਸਟਾਈਨ, ਸਵਿਟਜ਼ਰਲੈਂਡ, ਸਿੰਗਾਪੁਰ, ਇਟਲੀ, ਦੱਖਣੀ ਕੋਰੀਆ ਅਤੇ ਸਪੇਨ ਹਨ। ਮਹਾਂਮਾਰੀ ਅਤੇ ਵਿਸ਼ਵ ਯੁੱਧ ਨੂੰ ਪਰੇ ਕਰ ਦਈਏ ਤਾਂ, ਮਨੁੱਖ ਦੀ ਔਸਤ ਉਮਰ ਪਿਛਲੇ ਦੋ ਸੌ ਸਾਲਾਂ ਤੋਂ ਵੱਧ ਸਮੇਂ ਤੋਂ ਪੂਰੀ ਦੁਨੀਆ ਵਿੱਚ ਲਗਾਤਾਰ ਵਧ ਰਹੀ ਹੈ। ਵੈਕਸੀਨ, ਐਂਟੀਬਾਇਓਟਿਕਸ ਅਤੇ ਬਿਹਤਰ ਦਵਾਈਆਂ ਦੇ ਵਿਕਾਸ ਨਾਲ ਸਾਫ਼-ਸਫਾਈ, ਖਾਣ-ਪੀਣ ਅਤੇ ਰਹਿਣ-ਸਹਿਣ ਦੀਆਂ ਬਿਹਤਰ ਸਥਿਤੀਆਂ ਕਾਰਨ ਔਸਤ ਉਮਰ ਵਧੀ ਹੈ।

### ਸਹੀ ਫ਼ੈਸਲੇ, ਬਿਹਤਰ ਨਤੀਜੇ

ਜੈਨੇਟਿਕ ਕਾਰਨ ਉਮਰ ਵੱਧ ਹੋਣ ਵਿੱਚ ਸਭ ਤੋਂ ਮਹੱਤਵਪੂਰਨ ਹੁੰਦਾ ਹੈ ਪਰ ਇਸ ਵਿੱਚ ਹੋਰਨਾਂ ਚੀਜ਼ਾਂ ਦੀ ਵੀ ਭੂਮਿਕਾ ਹੁੰਦੀ ਹੈ। ਉਦਾਹਰਨ ਲਈ, ਕਿਸੇ ਵਿਅਕਤੀ ਨੇ ਜਿੱਥੇ ਜਨਮ ਲਿਆ ਹੈ, ਉੱਥੋਂ ਦੀਆਂ ਰਹਿਣ-ਸਹਿਣ ਦੀਆਂ ਸਥਿਤੀਆਂ ਕਿਹੋ-ਜਿਹੀਆਂ ਸਨ ਅਤੇ ਇੱਕ ਮਨੁੱਖ ਵਜੋਂ ਉਨ੍ਹਾਂ ਨੇ ਆਪਣੇ ਜੀਵਨ ਵਿੱਚ ਕਿਹੋ ਜਿਹੇ ਫ਼ੈਸਲੇ ਲਏ ਸਨ। ਸਿਰਫ਼ ਬਿਹਤਰ ਸਿਹਤ ਪ੍ਰਣਾਲੀ ਅਤੇ ਚੰਗੀ ਖੁਰਾਕ ਨਾਲ ਲੰਬੀ ਉਮਰ ਨਹੀਂ ਮਿਲਦੀ। ਇਸ ਦੇ ਲਈ ਉਹ ਫ਼ੈਸਲੇ ਵੀ ਜ਼ਰੂਰੀ ਹਨ, ਜਿਨ੍ਹਾਂ ਨੂੰ ਮਾਹਿਰ 'ਸਮਾਰਟ ਡਿਸੀਜ਼ਨ' ਕਹਿੰਦੇ ਹਨ, ਖਾਸ ਤੌਰ 'ਤੇ ਸੰਤੁਲਿਤ ਖੁਰਾਕ, ਪੂਰੀ ਨੀਂਦ ਲੈਣ, ਤਣਾਅ ਨੂੰ ਕੰਟਰੋਲ ਕਰਨ ਅਤੇ ਕਸਰਤ ਨਾਲ ਸਬੰਧਤ ਫ਼ੈਸਲੇ। ਜਿਹੜੇ ਦੇਸ਼ ਲੰਮੀ ਔਸਤ ਉਮਰ ਦੇ ਲਿਹਾਜ਼ ਨਾਲ ਉੱਚੇ ਦਰਜੇ 'ਤੇ ਹਨ, ਯਾਨੀ ਜਿਹੜੇ ਦੇਸ਼ ਸਿਖਰ 'ਤੇ ਹਨ, ਉਨ੍ਹਾਂ ਦੀ ਆਮਦਨ ਵਿੱਚ ਇੱਕ ਚੀਜ਼ ਆਮ ਹੈ, ਵਧੇਰੇ ਆਮਦਨੀ। ਇਨ੍ਹਾਂ ਵਿੱਚ ਇੱਕ ਹੋਰ ਗੱਲ ਆਮ ਹੈ, ਉਹ ਹੈ ਉਨ੍ਹਾਂ ਦੇਸ਼ਾਂ ਦਾ ਆਕਾਰ। ਸੰਯੁਕਤ ਰਾਸ਼ਟਰ ਦੇ ਜਨਸੰਖਿਆ ਅਨੁਮਾਨ ਵਿਭਾਗ ਦੇ ਮੁਖੀ ਪੈਟਰਿਕ ਗੇਰਲੈਂਡ ਦਾ ਕਹਿਣਾ ਹੈ ਕਿ ਇਸ ਸੂਚੀ ਵਿੱਚ ਮੋਨਾਕੋ ਅਤੇ ਲੀਚਟਨਸਟਾਈਨ ਵਰਗੇ ਬਹੁਤ ਛੋਟੇ ਦੇਸ਼ ਹਨ। ਇਨ੍ਹਾਂ ਦੀ ਆਬਾਦੀ ਵਿੱਚ ਹੋਰਨਾਂ ਦੇਸ਼ਾਂ ਵਾਂਗ ਕੋਈ ਵਿਭਿੰਨਤਾ ਨਹੀਂ ਹੈ।

ਉਹ ਕਹਿੰਦੇ ਹਨ, "ਇਹ ਦੇਸ਼ ਅਨੋਖੇ ਦਿਖਾਈ ਦਿੰਦੇ ਹਨ, ਪਰ ਅਸਲ ਵਿੱਚ, ਦੇਖੀਏ ਤਾਂ ਇਨ੍ਹਾਂ ਦੀ ਆਬਾਦੀ ਵੱਖਰੀ ਜਿਹੀ ਹੈ। ਦੂਜੇ ਦੇਸ਼ਾਂ ਜਿਸ ਤਰ੍ਹਾਂ ਵੱਖ-ਵੱਖ ਕਿਸਮਾਂ ਦੀ ਆਬਾਦੀ ਦਾ ਮਿਸ਼ਰਣ ਦੇਖਿਆ ਜਾਂਦਾ ਹੈ, ਉਹ ਇੱਥੇ ਨਹੀਂ ਹੈ।" ਪੈਟਰਿਕ ਕਹਿੰਦੇ ਹਨ, "ਇੱਥੇ ਉਨ੍ਹਾਂ ਦਾ ਜੀਵਨ ਪੱਧਰ ਉੱਚਾ ਹੈ। ਸਿਹਤ ਸਹੂਲਤਾਂ ਅਤੇ ਸਿੱਖਿਆ ਸਹੂਲਤਾਂ ਚੰਗੀਆਂ ਹਨ ਪਰ ਇੱਥੇ ਕੋਈ ਬੇਤਰਤੀਬ ਚੋਣ ਨਹੀਂ ਹੈ।" ਵੱਖ-ਵੱਖ ਦੇਸ਼ਾਂ ਵਿੱਚ, ਬਲਕਿ ਕਈ ਮਾਮਲਿਆਂ ਵਿੱਚ ਇੱਕੋ ਦੇਸ਼ ਦੇ ਅੰਦਰ ਹੀ ਵੱਡਾ ਅੰਤਰ ਦੇਖਿਆ ਜਾ ਸਕਦਾ ਹੈ। ਖ਼ਾਸ ਕਰਕੇ ਜਿੱਥੇ ਉੱਚ ਅਸਮਾਨਤਾ ਹੁੰਦੀ ਹੈ, ਵੱਖ-ਵੱਖ ਸਮਾਜਿਕ ਸਮੂਹਾਂ ਦੀ ਔਸਤ ਉਮਰ ਵਿੱਚ ਅੰਤਰ ਵਧਦਾ ਹੈ। ਉਹ ਕਹਿੰਦੇ ਹਨ, "ਯੂਰਪ ਦੇ ਕਈ ਦੇਸ਼ਾਂ ਵਿੱਚ ਅੱਸੀ ਸਾਲ ਤੋਂ ਵੱਧ ਉਮਰ ਦੇ ਬਹੁਤ ਸਾਰੇ ਲੋਕ ਹਨ। ਉੱਥੇ ਔਸਤ ਉਮਰ ਵੱਧ ਹੈ।"

### ਵੱਡੀ ਉਮਰ ਦਾ ਵਰਦਾਨ 'ਬਲੂ ਜ਼ੋਨ'

ਬਲੂ ਜ਼ੋਨ ਆਬਾਦੀ ਦਾ ਬਹੁਤ ਛੋਟਾ ਹਿੱਸਾ ਹੈ। ਜਿੱਥੇ ਦੀਆਂ ਦੂਜੇ ਲੋਕਾਂ ਦੀ ਤੁਲਨਾ ਵਿੱਚ ਵਧੇਰੇ ਉਮਰ ਵਾਲੇ ਜ਼ਿਆਦਾ ਲੋਕ ਹਨ। ਕੁਝ ਦਹਾਕੇ ਪਹਿਲਾਂ, ਜਨਸੰਖਿਆ ਵਿਗਿਆਨੀ ਮਿਸ਼ੇਲ ਪੁੱਲਨ ਅਤੇ ਜੀਰੋਨਟੋਲੋਜਿਸਟ ਯਾਨੀ ਪੇਸ ਇਹ ਪਤਾ ਲਗਾਉਣ ਲਈ ਜੁਟੇ ਕਿ ਦੁਨੀਆਂ ਵਿੱਚ ਸਭ ਤੋਂ ਉਮਰ ਦਰਾਜ਼ ਲੋਕ ਕਿੱਥੇ ਰਹਿੰਦੇ ਹਨ। ਜਿਨ੍ਹਾਂ ਕਸਬਿਆਂ ਅਤੇ ਸ਼ਹਿਰਾਂ ਵਿਚ ਸੌ ਸਾਲ ਤੱਕ ਜਿਉਣ ਵਾਲੇ ਲੋਕ ਮਿਲੇ, ਉਨ੍ਹਾਂ ਥਾਵਾਂ ਨੂੰ ਨਕਸ਼ੇ 'ਤੇ ਨੀਲੇ ਮਾਰਕਰ ਨਾਲ ਘੇਰੇ ਬਣਾ ਦਿੱਤੇ। ਉਨ੍ਹਾਂ ਨੇ ਦੇਖਿਆ ਕਿ ਨਕਸ਼ੇ 'ਤੇ ਨੀਲੇ ਰੰਗ ਵਿੱਚ ਚਿੰਨ੍ਹਿਤ ਇੱਕ ਖੇਤਰ ਬਾਰਬਾਜਾ ਹੈ। ਇਹ ਇਟਲੀ ਦੇ ਦੀਪ ਸਾਰਡੀਨੀਆ 'ਤੇ ਹੈ। ਉਨ੍ਹਾਂ ਨੇ ਇਸ ਨੂੰ 'ਬਲੂ ਜ਼ੋਨ' ਦਾ ਨਾਂ ਦਿੱਤਾ ਹੈ। ਉਦੋਂ ਤੋਂ, ਇਹ ਨਾਮ ਉਨ੍ਹਾਂ ਥਾਵਾਂ ਨਾਲ ਜੁੜ ਗਿਆ ਜਿੱਥੇ ਲੋਕ ਬਿਹਤਰ ਜੀਵਨ ਪੱਧਰ ਨਾਲ ਲੰਬੇ ਸਮੇਂ ਤੱਕ ਜਿਉਂਦੇ ਹਨ। ਇਸ ਅਧਿਐਨ ਦੇ ਅਧਾਰ 'ਤੇ, ਪੱਤਰਕਾਰ ਡੈਨ ਬੁਏਟਨਰ ਨੇ ਮਾਹਿਰਾਂ ਦੀ ਇੱਕ ਹੋਰ ਟੀਮ ਤਿਆਰ ਕੀਤੀ ਤਾਂ ਜੋ ਦੂਜੀਆਂ ਥਾਵਾਂ ਅਜਿਹੇ ਹੀ ਭਾਈਚਾਰਿਆਂ ਦੀ ਜਾਣਕਾਰੀ ਦੇ ਸਕੇ। ਉਨ੍ਹਾਂ ਨੇ ਦੇਖਿਆ ਕਿ ਸਾਰਡੀਨੀਆ ਤੋਂ ਇਲਾਵਾ ਚਾਰ ਹੋਰ ਬਲੂ ਜ਼ੋਨ ਹਨ। ਇਹ ਜਾਪਾਨ ਵਿੱਚ ਓਕੀਨਾਵਾ ਟਾਪੂ, ਕੋਸਟਾ ਰੀਕਾ ਵਿੱਚ ਨਿਕੋਯਾ, ਗ੍ਰੀਸ ਵਿੱਚ ਆਈਕਾਰੀਆ ਟਾਪੂ ਅਤੇ ਕੈਲੀਫੋਰਨੀਆ ਵਿੱਚ ਲੋਮਾ ਲਿੰਡਾ ਐਡਵੈਂਟਿਸਟ ਕਮਿਊਨਿਟੀ ਹਨ। ਇਸ ਵਿੱਚ ਕੋਈ ਸ਼ੱਕ ਨਹੀਂ ਕਿ ਲੰਬੀ ਉਮਰ ਲਈ ਜੈਨੇਟਿਕ ਕਾਰਕ ਵਰਦਾਨ ਵਾਂਗ ਹਨ।

ਪਰ ਡਾਕਟਰਾਂ ਅਤੇ ਸਾਰੀਆਂ ਦੂਜੀਆਂ ਵਿਧਾਵਾਂ ਦੇ ਮਾਹਿਰ ਵਿਗਿਆਨੀਆਂ ਦੇ ਸਮੂਹਾਂ ਨੇ ਇਹ ਸਮਝਣ ਦੀ ਕੋਸ਼ਿਸ਼ ਕੀਤੀ ਕਿ ਬਲੂ ਜ਼ੋਨ ਨੂੰ ਪ੍ਰਭਾਵਿਤ ਕਰਨ ਵਾਲੇ ਹੋਰ ਕਾਰਕ ਕੀ ਹਨ। ਇਸ ਦੀ ਜਾਣਕਾਰੀ ਲਈ ਉਨ੍ਹਾਂ ਨੇ ਦੁਨੀਆਂ ਦੇ ਵੱਖ-ਵੱਖ ਹਿੱਸਿਆਂ ਦਾ ਦੌਰਾ ਕੀਤਾ। 2008 ਵਿੱਚ, ਬਿਊਟਨਰ ਨੇ 'ਦਿ ਬਲੂ ਜ਼ੋਨਜ਼: ਲੈਸਨਜ਼ ਫਾਰ ਲਿਵਿੰਗ ਲੌਂਗਰਜ਼ ਫਾਰ ਦਿ ਪੀਪਲ ਵੋਹ ਹੈਵ ਦਿ ਲੌਂਗਸਟ' ਸਿਰਲੇਖ ਵਾਲੀ ਕਿਤਾਬ ਪ੍ਰਕਾਸ਼ਿਤ ਕੀਤੀ। ਉਦੋਂ ਤੋਂ ਉਨ੍ਹਾਂ ਨੇ ਇਸ ਵਿਚਾਰ ਨੂੰ ਅੱਗੇ ਲੈ ਕੇ ਜਾਣ ਦੇ ਕੰਮ ਵਿਚ ਆਪਣੇ ਆਪ ਨੂੰ ਸਮਰਪਿਤ ਕਰ ਦਿੱਤਾ। ਹਾਲਾਂਕਿ, ਹਰ ਕੋਈ ਉਨ੍ਹਾਂ ਦੀਆਂ ਕਹੀਆਂ ਗੱਲਾਂ ਨਾਲ ਸਹਿਮਤ ਨਹੀਂ ਸੀ। ਅਸਹਿਮਤੀ ਦੇਣ ਵਾਲਿਆਂ ਨੇ ਦਲੀਲ ਦਿੱਤੀ ਕਿ ਉਨ੍ਹਾਂ ਦੇ ਕਈ ਬਿਆਨ ਲੰਬੇ ਵਿਗਿਆਨਕ ਅਧਿਐਨ ਦੀ ਬਜਾਏ ਨਿਰੀਖਣ 'ਤੇ ਅਧਾਰਤ ਸਨ।

### ਬਲੂ ਜ਼ੋਨ ਵਿੱਚ 'ਸਾਂਝਾ' ਕੀ ਹੈ?

ਬਿਊਟਨਰ ਅਤੇ ਉਨ੍ਹਾਂ ਦੀ ਟੀਮ ਨੇ ਭਾਈਚਾਰਿਆਂ ਦੇ ਆਪਣੇ ਅਧਿਐਨ ਵਿੱਚ ਕੁਝ ਆਮ ਗੱਲਾਂ ਲੱਭੀਆਂ। ਇਨ੍ਹਾਂ ਦੇ ਆਧਾਰ 'ਤੇ ਉਨ੍ਹਾਂ ਨੇ ਦੱਸਿਆ ਕਿ ਉਨ੍ਹਾਂ ਭਾਈਚਾਰਿਆਂ ਦੇ ਲੋਕਾਂ ਦਾ ਜੀਵਨ ਬਾਕੀ ਦੁਨੀਆਂ ਦੇ ਮੁਕਾਬਲੇ ਲੰਬਾ ਅਤੇ ਬਿਹਤਰ ਕਿਉਂ ਹੈ। ਇਨ੍ਹਾਂ ਵਿੱਚੋਂ ਕੁਝ ਚੀਜ਼ਾਂ ਸਨ- ਉਨ੍ਹਾਂ ਦੀ ਜ਼ਿੰਦਗੀ ਦਾ ਇਕ ਮਕਸਦ ਸੀ। ਭਾਵ, ਜਿਸ ਕਾਰਨ ਉਹ ਹਰ ਰੋਜ਼ ਸਵੇਰੇ ਉੱਠਦੇ ਹਨ। ਉਹ ਪਰਿਵਾਰਕ ਰਿਸ਼ਤੇ ਨੂੰ ਮਜ਼ਬੂਤ ਰੱਖਦੇ ਹਨ।

ਉਹ ਆਮ ਰੁਟੀਨ ਦੇ ਬੰਧਨ ਤੋਂ ਦੂਰ ਹੋ ਕੇ ਤਣਾਅ ਨੂੰ ਘਟਾਉਂਦੇ ਹਨ। ਉਹ ਹੋਰ ਗਤੀਵਿਧੀਆਂ ਵਿੱਚ ਹਿੱਸਾ ਲੈਂਦੇ ਹਨ ਜੋ ਸਮਾਜਿਕ ਆਦਤਾਂ ਦਾ ਹਿੱਸਾ ਬਣ ਗਈਆਂ ਹਨ। ਉਦਾਹਰਨ ਵਜੋਂ ਲੋਮਾ ਲਿੰਡਾ ਪ੍ਰਾਰਥਨਾ ਕਰਦੇ ਹਨ। ਓਕੀਨਾਵਾ ਵਿੱਚ ਔਰਤਾਂ ਲਈ ਇੱਕ ਚਾਹ ਪਾਰਟੀ ਰੱਖੀ ਜਾਂਦੀ ਹੈ। ਉਹ ਲੋੜ ਤੋਂ ਵੱਧ ਖਾਣਾ ਨਹੀਂ ਖਾਂਦੇ। ਪੇਟ ਦੀ ਸਮਰੱਥਾ ਦਾ 80 ਫੀਸਦੀ ਹੀ ਖਾਂਦੇ ਹਨ। ਉਹ ਸੰਤੁਲਿਤ ਖੁਰਾਕ ਲੈਂਦੇ ਹਨ। ਇਸ ਵਿੱਚ ਸਬਜ਼ੀਆਂ ਅਤੇ ਫਲ ਭਰਪੂਰ ਮਾਤਰਾ ਵਿੱਚ ਹੁੰਦੇ ਹਨ। ਉਹ ਸੀਮਤ ਮਾਤਰਾ ਵਿੱਚ ਸ਼ਰਾਬ ਪੀਂਦੇ ਹਨ। ਉਹ ਹਰ ਰੋਜ਼ ਸੈਰ ਕਰਨ ਵਰਗੀ ਸਰੀਰਕ ਗਤੀਵਿਧੀਆਂ ਕਰਦੇ ਹਨ। ਉਨ੍ਹਾਂ ਕੋਲ ਭਾਈਚਾਰਕ ਭਾਵਨਾ ਮਜ਼ਬੂਤ ਹੁੰਦੀ ਹੈ। ਉਹ ਸਮਾਜਿਕ ਗਤੀਵਿਧੀਆਂ ਵਿੱਚ ਹਿੱਸਾ ਲੈਂਦੇ ਹਨ ਅਤੇ ਚੰਗੀਆਂ ਆਦਤਾਂ ਨੂੰ ਉਤਸ਼ਾਹਿਤ ਕਰਦੇ ਹਨ।

ਉਹ ਅਜਿਹੇ ਸਮੂਹ ਦਾ ਹਿੱਸਾ ਹਨ ਜਿੱਥੇ ਵਿਸ਼ਵਾਸ ਜਾਂ ਧਰਮ ਨੂੰ ਵਧਾਵਾ ਮਿਲਦਾ ਹੈ। ਇਨ੍ਹਾਂ ਤੋਂ ਇਲਾਵਾ ਦੋਸਤਾਨਾ ਮਾਹੌਲ, ਚੰਗਾ ਸੁਭਾਅ, ਸਿਹਤਮੰਦ ਭੋਜਨ ਤੱਕ ਪਹੁੰਚ ਅਤੇ ਵੱਡੇ ਸ਼ਹਿਰੀ ਕੇਂਦਰਾਂ ਤੋਂ ਦੂਰੀ ਵੀ ਉਨ੍ਹਾਂ ਦੀ ਜੀਵਨ ਸ਼ੈਲੀ ਦਾ ਹਿੱਸਾ ਸਨ।

### ਇਕੱਲੇ ਨਾ ਰਹੋ

ਮਾਹਿਰਾਂ ਦਾ ਕਹਿਣਾ ਹੈ ਕਿ ਆਰਥਿਕ ਸਥਿਤੀ ਅਤੇ ਗੁਣਸੂਤਰ ਵਿੱਚ ਮਿਲਣ ਵਾਲੀਆਂ ਖੂਬੀਆਂ ਤੋਂ ਇਲਾਵਾ ਕੁਝ ਹੋਰ ਗੱਲਾਂ ਵੀ ਹਨ, ਜਿਨ੍ਹਾਂ ਵੱਲ ਘੱਟ ਧਿਆਨ ਦਿੱਤਾ ਗਿਆ ਹੈ। ਇਹ ਚੀਜ਼ਾਂ ਜੀਵਨ ਦਾ ਉਦੇਸ਼ ਅਤੇ ਦੂਜੇ ਲੋਕਾਂ ਨਾਲ ਸੰਪਰਕ ਹਨ। ਇਹ ਚੀਜ਼ਾਂ ਸਾਧਾਰਨ ਲੱਗਦੀਆਂ ਹਨ ਪਰ ਜੋ ਲੋਕ ਲੰਬੇ ਸਮੇਂ ਤੱਕ ਚੰਗੀ ਜ਼ਿੰਦਗੀ ਜੀਣਾ ਚਾਹੁੰਦੇ ਹਨ, ਉਨ੍ਹਾਂ ਲਈ ਇਹ ਇੱਕ ਵੱਡੀ ਚੁਣੌਤੀ ਹੈ। ਨੈਸ਼ਨਲ ਇੰਸਟੀਚਿਊਟ ਆਨ ਏਜਿੰਗ ਦੇ ਵਿਗਿਆਨਕ ਨਿਰਦੇਸ਼ਕ ਲੁਈਗੀ ਫੈਰੂਚੀ ਦਾ ਕਹਿਣਾ ਹੈ ਕਿ ਸਿਹਤਮੰਦ ਬਜ਼ੁਰਗ ਸਰੀਰਕ ਤੌਰ 'ਤੇ ਸਰਗਰਮ ਰਹਿੰਦੇ ਹਨ। ਕੁਝ ਸਮਾਂ ਘਰ ਤੋਂ ਬਾਹਰ ਬਿਤਾਉਂਦੇ ਹਨ। ਉਨ੍ਹਾਂ ਦੇ ਦੋਸਤਾਂ ਅਤੇ ਰਿਸ਼ਤੇਦਾਰਾਂ ਨਾਲ ਮਜ਼ਬੂਤ ਸਬੰਧ ਹੁੰਦੇ ਹਨ। ਮਾਹਿਰਾਂ ਦੀ ਰਾਇ ਇਸ ਗੱਲ 'ਤੇ ਵੰਡੀ ਹੋਈ ਹੈ ਕਿ ਜੀਨਾਂ ਅਤੇ ਜੀਵਨਸ਼ੈਲੀ ਦਾ ਕਿਸੇ ਵਿਅਕਤੀ ਦੀ ਲੰਬੀ ਉਮਰ 'ਤੇ ਕਿੰਨਾ ਪ੍ਰਭਾਵ ਪੈਂਦਾ ਹੈ। ਕੁਝ ਖੋਜਕਰਤਾਵਾਂ ਦਾ ਵਿਚਾਰ ਹੈ ਕਿ ਗੁਣਸੂਤਰਾਂ ਦੀ ਭੂਮਿਕਾ 25 ਪ੍ਰਤੀਸ਼ਤ ਹੈ। ਇਸ ਤੋਂ ਇਲਾਵਾ ਜੋ ਕਾਰਕ ਮਹੱਤਵਪੂਰਨ ਹਨ ਉਹ ਇਹ ਹਨ ਕਿ ਕੋਈ ਵਿਅਕਤੀ ਕਿੱਥੇ ਰਹਿੰਦਾ ਹੈ, ਉਹ ਕੀ ਖਾਂਦਾ ਹੈ, ਉਹ ਕਿੰਨੀ ਕਸਰਤ ਕਰਦਾ ਹੈ, ਦੋਸਤਾਂ ਅਤੇ ਪਰਿਵਾਰ ਨਾਲ ਉਨ੍ਹਾਂ ਦੀ ਸਹਾਇਤਾ ਪ੍ਰਣਾਲੀ ਕਿਸ ਤਰ੍ਹਾਂ ਦੀ ਹੈ। ਲੰਬੇ ਅਤੇ ਸਿਹਤਮੰਦ ਜੀਵਨ ਵਿੱਚ ਜੈਨੇਟਿਕ ਕਾਰਕਾਂ ਦੀ ਭੂਮਿਕਾ ਬਾਰੇ ਬਹਿਸ ਵਿਗਿਆਨਕ ਭਾਈਚਾਰੇ ਵਿੱਚ ਜਾਰੀ ਹੈ। ਹਾਲਾਂਕਿ, ਬਲੂ ਜ਼ੋਨ ਦਾ ਹਿੱਸਾ ਬਣਨ ਲਈ, ਤੁਹਾਨੂੰ ਉੱਥੇ ਪੈਦਾ ਹੋਣਾ ਹਵੇਗਾ ਅਤੇ ਉਸ ਭਾਈਚਾਰੇ ਦਾ ਇੱਕ ਸਰਗਰਮ ਮੈਂਬਰ ਹੋਣਾ ਪੇਵਗਾ। ਪਰ ਇਹ ਤਰੀਕੇ ਉਨ੍ਹਾਂ ਸਾਰੇ ਲੋਕਾਂ ਲਈ ਲਾਭਦਾਇਕ ਹੋ ਸਕਦੇ ਹਨ ਜੋ ਲੰਬੀ ਅਤੇ ਬਿਹਤਰ ਜ਼ਿੰਦਗੀ ਚਾਹੁੰਦੇ ਹਨ।

# ਜ਼ਰੂਰੀ ਨਹੀਂ ਕਿ ਵਿਦੇਸ਼ ਵਸਦੇ ਸਾਰੇ ਲੋਕਾਂ ਦਾ ਖ਼ੂਨ ਚਿੱਟਾ ਹੀ ਹੋਵੇ

ਮਹੇਸ਼ ਸ਼ਰਮਾ

ਪਤਾ ਨਹੀਂ ਕਿਉਂ ਬੀਤੇ ਦਹਾਕਿਆਂ ਦੌਰਾਨ ਸਮਾਜ ਵਿਚ ਇਹ ਭਰਮ ਫੈਲਦਾ ਰਿਹਾ ਹੈ ਕਿ ਵੱਡੇ ਸ਼ਹਿਰਾਂ ਜਾਂ ਵਿਦੇਸ਼ਾਂ ਵਿਚ ਵਸਦੇ ਪੰਜਾਬੀਆਂ ਤੇ ਲੋਕਾਂ ਦਾ ਖ਼ੂਨ ਚਿੱਟਾ ਹੋ ਗਿਆ ਹੈ ਪਰ ਸਥਿਤੀ ਇਸ ਤੋਂ ਵੱਖਰੀ ਜਾਪਦੀ ਹੈ। ਬੀਤੇ ਦਿਨੀਂ ਆਸਟ੍ਰੇਲੀਆ ਦੇ ਸ਼ਹਿਰ ਮੈਲਬੌਰਨ ਰਹਿੰਦੀ ਮੇਰੀ ਬੇਟੀ ਜਾਸਮੀਨ ਪੁੰਜ ਦੀ ਸੱਸ ਪ੍ਰਤਿਮਾ ਸ਼ਰਮਾ ਜਿਨ੍ਹਾਂ ਨੇ ਆਪਣੇ ਜਿਉਂਦੇ ਜੀਅ ਕਿਸੇ ਨੂੰ ਉਸ ਦੀ ਸੱਸ ਨਹੀਂ ਕਹਿਣ ਦਿੱਤਾ ਸੀ, ਲੰਬੀ ਬਿਮਾਰੀ ਤੋਂ ਬਾਅਦ ਸਵਰਗ ਸਿਧਾਰ ਗਏ ਸਨ। ਮੈਨੂੰ ਜਦੋਂ ਅੰਤਿਮ ਰਸਮਾਂ ਦੌਰਾਨ ਕੁਝ ਸਮਾਂ ਬਿਤਾਉਣ ਦਾ ਮੌਕਾ ਮਿਲਿਆ ਤਾਂ ਦੇਖਿਆ ਕਿ ਜਿਨ੍ਹਾਂ ਦੇ ਖ਼ੂਨ ਨੂੰ ਅਸੀਂ ਚਿੱਟਾ ਹੋਇਆ ਗਰਦਾਨਦਿਆਂ ਸੰਕੋਚ ਨਹੀਂ ਕਰਦੇ ਉਹ ਆਪਣੇ ਘਰਾਂ ਤੋਂ ਹਜ਼ਾਰਾਂ ਮੀਲ ਦੂਰ ਬੈਠੇ ਸਾਡੇ ਬੱਚਿਆਂ ਨਾਲ ਬਿਨਾਂ ਕਿਸੇ ਖ਼ੂਨ ਦੇ ਰਿਸ਼ਤੇ ਅਤੇ ਜਾਤੀ-ਗੋਤ ਦੀ ਨੇੜਤਾ ਦੇ ਕਿੰਨਾ ਦੁੱਖ ਵੰਡਾ ਰਹੇ ਹਨ। ਗੱਲ ਆਪਣੇ ਘਰ ਪੰਜਾਬ ਤੋਂ ਸ਼ੁਰੂ ਕਰਦੇ ਹਾਂ।

ਉਹ ਵੇਲੇ ਹੁਣ ਇਤਿਹਾਸ ਬਣ ਚੁੱਕੇ ਹਨ ਜਦੋਂ ਆਪਣੇ ਜਾਣਕਾਰਾਂ ਦੇ ਪਰਿਵਾਰਾਂ ਵਿਚ ਹੋਣ ਵਾਲੀ ਕਿਸੇ ਦੀ ਮੌਤ ਤੋਂ ਬਾਅਦ ਉਨ੍ਹਾਂ ਨੂੰ ਚੁੱਲ੍ਹਾ-ਚੌਂਕਾ ਕਰਨ ਦੀ ਲੋੜ ਨਹੀਂ ਹੁੰਦੀ ਸੀ ਅਤੇ ਅਸੀਂ ਦੁਖੀ ਪਰਿਵਾਰ ਨਾਲ ਰਾਤਾਂ ਬਿਤਾਉਣ ਨੂੰ ਆਪਣਾ ਫ਼ਰਜ਼ ਤੇ ਹੱਕ ਸਮਝਦੇ ਸਾਂ। ਇਸ ਦੇ ਉਲਟ ਹੁਣ ਤਾਂ ਕਿਸੇ ਆਪਣੇ ਦੀ ਮੌਤ ਦਾ ਪਤਾ ਲੱਗਣ ਤੋਂ ਬਾਅਦ ਵੀ ਪਹਿਲਾ ਸਵਾਲ ਇਹ ਪੁੱਛਿਆ ਜਾਂਦਾ ਹੈ ਕਿ ਸਸਕਾਰ ਕਿੱਥੇ ਅਤੇ ਕਦੋਂ ਕਰਨਾ ਤਾਂ ਕਿ ਸਿੱਧਾ ਮੁਰਦਘਾਟ ਮੌਕੇ 'ਤੇ ਹੀ ਪਹੁੰਚਿਆ ਜਾਵੇ। ਪੁੰਜ ਹੋਰਾਂ ਦੇ ਪਰਿਵਾਰਕ ਦੋਸਤਾਂ ਆਕਾਸ਼ ਤੇ ਸ਼ਰਨ ਨੇ ਤਾਂ ਦੁੱਖ ਦੀ ਘੜੀ ਵਿਚ ਉਨ੍ਹਾਂ ਨਾਲ ਛਾਂ ਬਣ ਕੇ ਰਹਿਣਾ ਹੀ ਸੀ ਪਰ ਖ਼ੁਦ ਜਾ ਕੇ ਦੇਖਣ 'ਤੇ ਪਤਾ ਲੱਗਿਆ ਕਿ ਸਿਰਫ਼ ਇਕ ਸਾਲ ਪਹਿਲਾਂ ਜੋ ਘਰ ਜਾਸਮੀਨ ਅਤੇ ਉੱਤਮ ਹੋਰਾਂ ਨੇ ਖ਼ਰੀਦਿਆ ਹੈ, ਉਸ ਦੇ ਬਿਲਕੁਲ ਨਾਲ ਵਾਲੇ ਘਰ ਵਿਚ ਰਹਿੰਦੇ ਪ੍ਰੀਤੀ ਅਤੇ ਵਰਿੰਦਰ ਨੇ ਵੀ ਨਾ ਸਿਰਫ਼ ਬਿਮਾਰੀ ਦੇ ਆਖ਼ਰੀ ਦਿਨਾਂ ਦੌਰਾਨ ਸੰਭਾਲ ਕਰਨ ਵਿਚ ਪੂਰੀ ਮਦਦ ਕੀਤੀ ਬਲਕਿ ਡੈੱਥ ਵਾਲੇ ਦਿਨ ਆਪਣੀ ਦੁਕਾਨ ਵੀ ਬੰਦ ਰੱਖੀ। ਹੁਣ ਜਦਕਿ ਪੰਜਾਬ ਦੇ ਜ਼ਿਆਦਾਤਰ ਸ਼ਹਿਰਾਂ ਤੇ ਕਸਬਿਆਂ ਵਿਚ ਮਰਗ ਵਾਲੇ ਘਰਾਂ ਵਿਚ ਰਸੋਈ ਬੰਦ ਨਹੀਂ ਹੁੰਦੀ, ਪ੍ਰੀਤੀ ਹੋਰਾਂ ਨੇ ਪੁੰਜ ਪਰਿਵਾਰ ਨੂੰ ਕੁਝ ਦਿਨ ਬਾਅਦ ਹੋਣ ਵਾਲੇ ਸਸਕਾਰ ਵਾਲੇ ਦਿਨ ਤਕ ਰਸੋਈ ਵਿਚ ਖਾਣਾ ਤੇ ਚਾਹ ਆਦਿ ਬਣਾਉਣ ਨਹੀਂ ਦਿੱਤੀ। ਹੋਰ ਤਾਂ ਹੋਰ, ਜਿਸ ਦਿਨ ਜਾਸਮੀਨ ਨੇ ਪ੍ਰੀਤੀ ਨੂੰ ਜਾਣਕਾਰੀ ਵਜੋਂ ਇਹ ਇਤਲਾਹ ਦਿੱਤੀ ਕਿ ਦੂਸਰੇ ਦਿਨ ਸਵੇਰ ਦੀ ਚਾਹ ਵੇਲੇ ਉਹ ਪੰਜ-ਸੱਤ ਜਣੇ ਤੜਕਸਾਰ ਸਸਕਾਰ ਦੀ ਤਿਆਰੀ ਲਈ ਘਰੋਂ ਚਲੇ ਜਾਣਗੇ। ਇਸ ਲਈ ਚਾਹ ਪੀਣ ਵਾਲੇ ਮਹਿਮਾਨਾਂ ਦੀ ਗਿਣਤੀ ਘੱਟ ਹੋਵੇਗੀ ਤਾਂ ਉਹ (ਪ੍ਰੀਤੀ) ਜਲਦੀ ਜਾਣ ਵਾਲੇ ਮੈਂਬਰਾਂ ਦੇ ਉੱਠਣ ਤੋਂ ਪਹਿਲਾਂ ਚਾਹ ਦੀ ਪਹਿਲੀ ਕਿਸ਼ਤ ਲੈ ਕੇ ਘਰ ਦੇ ਬਾਹਰ ਖੜ੍ਹੀ ਸੀ।



ਉੱਤਮ ਹੋਰਾਂ ਦੇ ਮਾਮੇ-ਮਾਸੀਆਂ ਵੀ ਸਾਰੇ ਆਸਟ੍ਰੇਲੀਆ ਦੇ ਵੱਖ-ਵੱਖ ਸੂਬਿਆਂ ਵਿਚ ਰਹਿੰਦੇ ਹਨ, ਉਹ ਵੀ ਆਪਣੀ ਭੈਣ ਦੇ ਆਖ਼ਰੀ ਦਿਨਾਂ ਦੌਰਾਨ ਮੈਲਬੌਰਨ ਰਹੇ। ਪੁੰਜ ਪਰਿਵਾਰ ਦੇ ਦੂਸਰੇ ਗੁਆਂਢੀ ਅਮਨ ਅਤੇ ਨੇਹਾ ਨੇ ਇਨ੍ਹਾਂ ਦਿਨਾਂ ਦੌਰਾਨ ਵਿਲੱਖਣ ਅਪਣੱਤ ਦਾ ਸਬੂਤ ਦਿੰਦਿਆਂ ਇਸ ਗੱਲ 'ਤੇ ਜ਼ੋਰ ਦਿੱਤਾ ਕਿ ਕੋਈ ਵੀ ਮਹਿਮਾਨ ਕਿਸੇ ਹੋਟਲ ਵਗੈਰਾ ਜਾਂ ਦੂਰ ਦੇ ਰਿਸ਼ਤੇਦਾਰ ਕੋਲ ਨਾ ਰਹੇ। ਮਨ੍ਹਾ ਕਰਨ 'ਤੇ ਨੇਹਾ ਨੇ ਦਲੀਲ ਦਿੱਤੀ ਕਿ ਉਂਜ ਵੀ ਤਾਂ ਉਹ ਸਾਰੇ ਘਰ 'ਚੋਂ ਇਕ ਹੀ ਬੈੱਡਰੂਮ ਦੀ ਵਰਤੋਂ ਕਰਦੇ ਹਨ। ਗਾੜ੍ਹੇ ਖ਼ੂਨ ਦਾ ਸਬੂਤ ਇਕੱਲੇ ਵੱਡਿਆਂ ਦੇ ਦੋਸਤਾਂ-ਮਿੱਤਰਾਂ ਨੇ ਹੀ ਨਹੀਂ ਦਿੱਤਾ ਬਲਕਿ ਮੇਰੀਆਂ ਦੋ-ਹਤਰੀਆਂ ਨਾਇਰਾ ਅਤੇ ਨਾਵਿਆ ਦੀਆਂ ਜਮਾਤਣਾਂ ਦੇ ਮਾਪਿਆਂ ਤਕ ਨੇ ਵੀ ਪਰਿਵਾਰ ਨਾਲ ਦੁੱਖ ਵੰਡਾਉਣ ਦੀ ਸਾਂਝ ਪਾਈ। ਇਸ ਪੀੜ੍ਹੀ ਨੇ ਤਾਂ ਪੰਜਾਬੀਆਂ ਤੋਂ ਇਲਾਵਾ ਹਿੰਦੁਸਤਾਨ ਦੇ ਹੋਰਨਾਂ ਸੂਬਿਆਂ, ਮੁਲਕਾਂ ਅਤੇ ਗੋਰਿਆਂ ਦੇ ਪਰਿਵਾਰਾਂ ਨੂੰ ਆਪਣੀ ਦਾਦੀ ਦੀਆਂ ਗੱਲਾਂ ਦੱਸ ਕੇ ਪਰਿਵਾਰ ਨਾਲ ਜੋੜਿਆ। ਸ੍ਰੀਲੰਕਾ ਦੇ ਚਾਰੂ ਪਰਿਵਾਰ ਨੇ ਵਿਸ਼ੇਸ਼ ਕਰਕੇ ਪੰਜਾਬੀ ਖਾਣਾ ਆਪਣੇ ਘਰ ਬਣਾ-ਬਣਾ ਕੇ ਪੁੰਜ ਪਰਿਵਾਰ ਨੂੰ ਪਹੁੰਚਾਇਆ ਭਾਵੇਂ ਉਨ੍ਹਾਂ ਨੂੰ ਇਸ ਗੱਲ ਦਾ ਇਲਮ ਨਹੀਂ ਸੀ ਕਿ ਇਨ੍ਹਾਂ ਦਿਨਾਂ ਦੌਰਾਨ ਲਸਣ-ਪਿਆਜ਼ ਆਦਿ ਦੀ ਵਰਤੋਂ ਨਹੀਂ ਕਰਨੀ ਸੀ। ਜਦੋਂ ਗੱਲ ਖ਼ੂਨ ਦੇ ਰੰਗ ਤੇ ਰਵਾਇਤੀ ਕਦਰਾਂ-ਕੀਮਤਾਂ ਦੀ ਚੱਲੀ ਹੈ ਤਾਂ ਮਾਲਵੇ ਤੋਂ ਆਸਟ੍ਰੇਲੀਆ ਆ ਕੇ ਵਸੇ ਹੈਨਰੀ ਵਰਮਾ ਦੀ ਵੀ ਕਰਨੀ ਬਣਦੀ ਹੈ ਜੋ ਕਿਸੇ ਵੀ ਤਰ੍ਹਾਂ ਨਾਲ ਪੁੰਜ ਪਰਿਵਾਰ ਨਾਲ ਸਬੰਧਤ ਨਹੀਂ ਸੀ।

ਉਸ ਦਾ ਸੰਪਰਕ ਨੰਬਰ ਆਖ਼ਰੀ ਰਸਮਾਂ ਕਰਵਾਉਣ ਵਾਲੀ ਪੰਡਤਾਇਣ ਭਾਵਨਾ ਨੇ ਸਸਕਾਰ ਤੋਂ ਪਹਿਲਾਂ ਮ੍ਰਿਤਕਾ ਦੇ ਮੂੰਹ ਵਿਚ ਪਾਉਣ ਲਈ ਪੰਜ ਰਤਨਾ (ਸੋਨੇ, ਚਾਂਦੀ ਸਮੇਤ ਪੰਜ ਧਾਤਾਂ ਦੇ ਛੋਟੇ-ਛੋਟੇ ਟੁਕੜੇ) ਲਿਆਉਣ ਲਈ ਦਿੱਤਾ ਸੀ। ਜਦੋਂ ਜਾਸਮੀਨ ਇਹ ਪੰਜ ਰਤਨਾ ਹੈਨਰੀ ਹੋਰਾਂ ਕੋਲੋਂ ਲੈਣ ਗਈ ਤਾਂ ਕੀਮਤ ਪੁੱਛੇ ਜਾਣ 'ਤੇ ਉਨ੍ਹਾਂ ਨੇ ਕੁਝ ਵੀ ਲੈਣ ਤੋਂ ਇਨਕਾਰ ਕੀਤਾ ਅਤੇ ਦੱਸਿਆ ਕਿ ਉਹ ਆਪਣੇ ਭਾਪਾ ਜੀ ਦੇ ਹੁਕਮਾਂ 'ਤੇ ਫੁੱਲ ਚੜ੍ਹਾ ਰਿਹਾ ਹੈ ਜਿਨ੍ਹਾਂ ਨੇ ਇਹ ਕਿਹਾ ਕਿ ਕਿਸੇ ਤੋਂ ਵੀ ਪੰਜ ਰਤਨਾ ਦੀ ਕੀਮਤ ਵਸੂਲ ਨਹੀਂ ਕਰਨੀ।

ਉਂਜ ਗੱਲ ਕਰਦੇ ਹਾਂ ਕਿ ਪੰਜਾਬ ਦੇ ਕੁਝ ਸ਼ਹਿਰਾਂ ਵਿਚ ਤਾਂ ਹੁਣ ਪੰਜ ਰਤਨਾ ਦੀ ਕੀਮਤ ਵੀ ਸੋਨੇ ਦੇ ਭਾਅ ਅਨੁਸਾਰ ਵਸੂਲ ਕਰਨ ਲੱਗੇ ਹਨ। ਉੱਤਮ ਹੋਰਾਂ ਦੇ ਹਸਪਤਾਲ ਵਿਚ ਹੀ ਕਿਸੇ ਹੋਰ ਵਿਭਾਗ ਵਿਚ ਕੰਮ ਕਰਦੇ ਗੁਰਬਖ਼ਸ਼ ਸਿੰਘ ਦਾ ਪੰਜਾਬ ਨਾਲ ਕਦੇ ਕੋਈ ਸਬੰਧ ਨਹੀਂ ਰਿਹਾ ਪਰ ਸਿੱਖੀ ਕਦਰਾਂ-ਕੀਮਤਾਂ ਇਸ ਹੱਦ ਤਕ ਦੇਖੀਆਂ ਗਈਆਂ ਕਿ ਉਹ ਪ੍ਰਤਿਮਾ ਸ਼ਰਮਾ ਦੀ ਆਤਮਿਕ ਸ਼ਾਂਤੀ ਲਈ ਉੱਤਮ ਹੋਰਾਂ ਦੇ ਘਰ ਵਿਚ ਸਿੱਖ ਧਰਮ ਅਨੁਸਾਰ ਖ਼ੁਦ ਪਾਠ ਕਰਵਾਉਣਾ ਚਾਹੁੰਦਾ ਸੀ। ਜਦੋਂ ਪਰਿਵਾਰ ਨੇ ਦੱਸਿਆ ਕਿ ਅੰਤਿਮ ਕਿਰਿਆਵਾਂ ਹਾਲ ਦੀ ਘੜੀ ਹਿੰਦੂ ਰੀਤੀ-ਰਿਵਾਜਾਂ ਅਨੁਸਾਰ ਕਰਕੇ ਗਰੁੜ ਪੁਰਾਣ ਦਾ ਪਾਠ ਕੀਤਾ ਜਾਣਾ ਹੈ ਤਾਂ ਗੁਰਬਖ਼ਸ਼ ਨੇ ਉਨ੍ਹਾਂ ਦੀ ਯਾਦ ਨੂੰ ਸਮਰਪਿਤ ਪਾਠ ਖ਼ੁਦ ਕਰਨ ਦਾ ਫ਼ੈਸਲਾ ਕਰ ਕੇ ਇਹ ਸਾਬਿਤ ਕਰ ਦਿੱਤਾ ਕਿ ਜ਼ਰੂਰੀ ਨਹੀਂ ਕਿ ਵਿਦੇਸ਼ੀਂ ਵਸਦੇ ਸਾਰੇ ਲੋਕਾਂ ਦਾ ਖ਼ੂਨ ਚਿੱਟਾ ਹੀ ਹੋਵੇ।


SARKAR PRODUCTIONS LTD.
Presents
Sarkar PRODUCTIONS LTD.
ZEE TV CANADA
Surpal Cotton Plus
KING OF LOOSE FABRIC
604-322-8505
AMC
PARDES TIMES
ਪਰਦੇਸ ਟਾਇਮਜ਼
BALBIR SINGH MA 510-938-7771
NIKKI
HARMINDER
SILVIA
JOE RAJ
Host:
MANBIR
JAAM-E-MOHABBAT
SATURDAY MARCH 18, 2023 AT 6:30PM
Venue: SHAHI BANQUET HALL #104-12815 - 85 AVE. SURREY BC.
SURPRISE GUEST ARTISTS PERFORMANCE
TICKET $39.99 TABLE FOR 8 $300
APPETIZERS GRAND DELUXE BUFFET & DESSERT
DRINKS ON THE HOUSE
Tickets & More Info: Dave Rai 604-561-9797
BALBIR SINGH, M.A.
Editor-in-Chief
Bi-Weekly Punjabi Newspaper
ਪਰਦੇਸ ਟਾਇਮਜ਼
ਮਾਂ-ਬੋਲੀ ਨੂੰ ਸਮਰਪਿਤ
Pardes Times
www.pardestimes.com
Cell: 510-938-7771
info@pardestimes.com
36415 Ruschin Drive
Newark, CA 94560

# MISSION
## PEAK BROCKERS, INC

For the best possible price and highest profit, call a Business Professional.

As the **President of Mission Peak Brokers, Inc.** and also a **Commercial Real Estate Broker,** I offer you guidance that is based on extensive experience in Sales. Acquisition and Financing of Commercial Real Estate and the purchase of businesses.

Mission Peak Brokers, Inc. is a leading **Business Brokerage** firm based in the San Francisco Bay Area providing t he services required for the sale and acquisition of main street retail business opportunities and commercial real estate as well as an all-inclusive assistance with the business and commercial loan process.

We are here to secure your objectives through a standard of aggressive diligence, measurable integrity and the highest standard of excellence **knowing our client's satisfactions is our ultimate goal.**

## CALL A PROFESSIONAL AND GET THE BEST POSSIBLE PRICES AND HIGHEST PROFITS

**I am a top rated Business and Commercial Real Estate broker with vast experience in Sales.**

**Acquisition and Financing of Commercial Real Estate.**






# GET TOP DOLLAR$

## FOR YOUR COMMERCIAL PROPERTY



# CALL TODAY

## (510) 490-9705

hrsidhu@gmail.com
www.missionpeakbrokers.com



## Harpreet "Harry" Sidhu, CBB
## Broker/president

**BRE Lic #1433114**
**Broker Lic # 01792260**

CABB CALIFORNIA ASSOCIATION OF BUSINESS BROKERS

REALTOR